ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARDHIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 248
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 8 September, 2025) ਸੋਮਵਾਰ, 8 ਸਤੰਬਰ, 2025, 24 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਨੇਪਾਲ-ਚੀਨ ਵੱਲੋਂ ਫ਼ੌਜੀ ਮਸ਼ਕ ਸ਼ੁਰੂ

ਕਾਠਮੰਡੂ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਨੇਪਾਲ ਫ਼ੌਜ ਅਤੇ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ ਵਿਚਾਲੇ ਪੰਜਵੀਂ ਸਾਂਝੀ ਫ਼ੌਜੀ ਮਸ਼ਕ 'ਸਾਗਰਮਾਥਾ ਦੋਸਤੀ' ਕਾਠਮੰਡੂ ਵਿੱਚ ਸ਼ੁਰੂ ਹੋਈ। ਨੇਪਾਲ ਫ਼ੌਜ ਵੱਲੋਂ ਜਾਰੀ ਕੀਤੇ ਗਏ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਕਿ 10 ਦਿਨ ਦੀ ਸਾਂਝੀ ਫ਼ੌਜੀ ਮਸ਼ਕ ਦੌਰਾਨ ਆਫ਼ਤ ਪ੍ਰਬੰਧਨ, ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨ ਅਤੇ ਅਤਿਵਾਦ ਵਿਰੋਧੀ ਮਾਮਲਿਆਂ 'ਤੇ ਗਿਆਨ ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ। ਇਹ ਸਾਂਝੀ ਫ਼ੌਜੀ ਮਸ਼ਕ 2017 ਤੋਂ ਨੇਪਾਲ ਤੇ ਚੀਨ ਵਿੱਚ ਰੋਟੇਸ਼ਨ ਦੇ ਆਧਾਰ 'ਤੇ ਕਰਵਾਈ ਜਾ ਰਹੀ ਹੈ। ਬਿਆਨ ਮੁਤਾਬਕ,"ਨੇਪਾਲ ਫ਼ੌਜ ਵੱਖ ਵੱਖ ਖੇਤਰਾਂ 'ਚ ਫ਼ੌਜੀ

(ਬਾਕੀ ਸਫਾ 2 'ਤੇ)

# ਘੱਗਰ 'ਚ ਪਾਣੀ ਵੱਧਣ ਕਾਰਨ ਕਿਸਾਨਾਂ ਦੇ ਸਾਹ ਸੂਤੇ

### ਖ਼ਤਰੇ ਦੇ ਨਿਸ਼ਾਨ ਤੋਂ ਟੱਪਿਆ ਪਾਣੀ; ਫ਼ਸਲਾਂ ਬਚਾਉਣ ਲਈ ਜੱਦੋ-ਜਹਿਦ ਜਾਰੀ

ਚੜ੍ਹਦੀਕਲਾ ਬਿਊਰੋ

================

ਪਾਤੜਾਂ, 7 ਸਤੰਬਰ: ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਪਾਣੀ



ਵਧਣ ਨਾਲ ਕਮਜ਼ੋਰ ਬੰਨ੍ਹਾਂ ਦੀ ਮਜ਼ਬੂਤੀ ਲਈ ਡਟੇ ਕਿਸਾਨਾਂ ਦੇ ਦਿਲਾਂ ਦੀਆਂ ਧੜਕਣਾਂ ਵੀ ਤੇਜ਼ ਹੋ ਗਈਆਂ ਹਨ। ਘੱਗਰ ਦੇ ਖਨੌਰੀ ਹੈੱਡਵਰਕਸ ਤੇ ਬੁਰਜੀ ਨੰਬਰ ਆਰਡੀ 460 'ਤੇ ਪਾਣੀ ਖਤਰੇ ਦੇ ਨਿਸ਼ਾਨ 748 ਤੋਂ ਟੱਪ ਕੇ 750.7 ਨੂੰ ਪਾਰ ਕਰ ਚੁੱਕਿਆ ਹੈ। ਘੱਗਰ ਦਰਿਆ ਕੰਢੇ ਵੱਸੇ ਪਿੰਡਾਂ ਦੇ ਕਿਸਾਨਾਂ ਦੇ ਸਾਹ ਸੂਤੇ ਗਏ ਹਨ ਅਤੇ ਉਹ ਲਗਾਤਾਰ ਆਪਣੀਆਂ ਫ਼ਸਲਾਂ ਨੂੰ ਬਚਾਉਣ ਲਈ ਕੋਸ਼ਿਸ਼ ਕਰ ਰਹੇ ਹਨ। ਪਿੰਡ ਤੇਈਪੁਰ ਜੰਮੂ-ਕਟੜਾ ਐਕਸਪ੍ਰੈਸਵੇਅ ਦੇ ਨਿਰਮਾਣ ਦੌਰਾਨ ਘੱਗਰ ਦਰਿਆ ਦੇ ਦੋਵੇਂ ਪਾਸੇ ਦੇ ਬੰਨ੍ਹ ਕਮਜ਼ੋਰ ਹਨ, ਜਿਨ੍ਹਾਂ ਦੀ ਮਜ਼ਬੂਤੀ ਲਈ ਪਿੰਡਾਂ ਦੇ ਕਿਸਾਨਾਂ ਦਾ ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਅਗਵਾਈ ਵਿੱਚ ਲਗਾਤਾਰ ਪੱਕਾ ਮੋਰਚਾ ਚੱਲ ਰਿਹਾ ਹੈ।

(ਬਾਕੀ ਸਫਾ 2 'ਤੇ)

## ਲੁਧਿਆਣਾ 'ਚ ਸਤਲੁਜ ਕੰਢੇ 1000 ਏਕੜ ਜ਼ਮੀਨ ਪਾਣੀ 'ਚ ਡੁੱਬੀ

ਲੁਧਿਆਣਾ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਕਿਸਾਨਾਂ ਲਈ ਮੌਸਮ ਜੀਵਨ ਰੇਖਾ ਅਤੇ ਖ਼ਤਰਾ ਦੋਵੇਂ ਹੈ। ਮੌਸਮ ਵਿੱਚ ਤੇਜ਼ ਗਰਮੀ ਜਿੱਥੇ ਕਣਕ ਦੇ ਦਾਣਿਆਂ ਨੂੰ ਸੁਕਾ ਦਿੰਦੀ ਹੈ, ਉਥੇ ਦੂਜੇ ਮੌਸਮ ਵਿੱਚ ਲਗਾਤਾਰ ਮੀਂਹ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੰਦਾ ਹੈ। ਲੁਧਿਆਣਾ ਭਾਵੇਂ ਹੜ੍ਹ ਦੇ ਕਹਿਰ ਤੋਂ ਬਚ ਗਿਆ ਸੀ ਪਰ ਸਤਲੁਜ ਦਰਿਆ ਕੰਢੇ ਤੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਨੂੰ ਇਸ ਦਾ ਵੱਡਾ ਨੁਕਸਾਨ ਝੱਲਣਾ ਪਿਆ ਅਤੇ 1000 ਏਕੜ ਜ਼ਮੀਨ ਪਾਣੀ ਵਿੱਚ ਡੁੱਬ ਗਈ। ਝੋਨੇ ਦੀਆਂ ਫ਼ਸਲਾਂ ਹੜ੍ਹ ਦੇ ਪਾਣੀ ਹੇਠ ਡੁੱਬ ਗਈਆਂ ਹਨ, ਜਿਸ ਨਾਲ

(ਬਾਕੀ ਸਫਾ 2 'ਤੇ)

## ਪੰਜਾਬ ਦੇ ਸਾਰੇ ਵਿੱਦਿਅਕ ਅਦਾਰਿਆਂ ਨੂੰ ਅੱਜ ਤੋਂ ਮੁੜ ਖੋਲ੍ਹਣ ਦਾ ਐਲਾਨ

ਚੰਡੀਗੜ੍ਹ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿੱਚ ਹੜ੍ਹ ਦੀ ਮਾਰ ਕਰਕੇ 8 ਸਤੰਬਰ ਨੂੰ ਵੀ ਸੂਬੇ ਦੇ ਸਾਰੇ ਸਰਕਾਰੀ ਸਕੂਲ ਵਿਦਿਆਰਥੀਆਂ ਲਈ ਬੰਦ ਰਹਿਣਗੇ, ਜਦੋਂ ਕਿ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਕਾਲਜ ਅਤੇ ਯੂਨੀਵਰਸਿਟੀਆਂ ਆਮ ਵਾਂਗ ਖੁੱਲ੍ਹਣਗੀਆਂ। ਇਹ ਪ੍ਰਗਟਾਵਾ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਪਣੇ ਐਕਸ ਅਕਾਊਂਟ ਰਾਹੀਂ ਕੀਤਾ ਹੈ। ਸਿੱਖਿਆ ਮੰਤਰੀ ਵੱਲੋਂ ਜਾਰੀ ਆਦੇਸ਼ ਮੁਤਾਬਕ ਸੂਬੇ ਦੇ ਸਾਰੇ ਸਰਕਾਰੀ, ਪ੍ਰਾਈਵੇਟ, ਏਡਿਡ ਸਕੂਲ ਕਾਲਜ ਅਤੇ ਯੂਨੀਵਰਸਿਟੀਆਂ 8 ਸਤੰਬਰ ਦਿਨ ਸੋਮਵਾਰ ਤੋਂ ਆਮ ਵਾਂਗ ਖੁੱਲ੍ਹਣਗੀਆਂ। ਜੇਕਰ ਕੋਈ ਸਕੂਲ ਜਾਂ ਕਾਲਜ ਹੜ੍ਹ ਤੋਂ ਪ੍ਰਭਾਵਿਤ ਹੈ ਤਾਂ ਉਸ ਨੂੰ ਬੰਦ ਕਰਨ ਦਾ ਫ਼ੈਸਲਾ ਸਬੰਧਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਲਿਆ ਜਾਵੇਗਾ। ਸਿੱਖਿਆ ਮੰਤਰੀ ਨੇ ਕਿਹਾ ਕਿ 8 ਸਤੰਬਰ ਨੂੰ ਸੂਬੇ ਦੇ ਸਾਰੇ ਸਰਕਾਰੀ ਸਕੂਲ ਵਿਦਿਆਰਥੀਆਂ ਲਈ ਬੰਦ ਰਹਿਣਗੇ, ਜਦੋਂ ਕਿ ਅਧਿਆਪਕ ਸਕੂਲ ਵਿੱਚ ਹਾਜ਼ਰ ਹੋਣਗੇ ਅਤੇ ਸਾਫ਼-ਸਫ਼ਾਈ ਯਕੀਨੀ

(ਬਾਕੀ ਸਫਾ 2 'ਤੇ)

# ਮੋਦੀ ਭਲਕੇ ਕਰਨਗੇ ਹੜ੍ਹ ਪ੍ਰਭਾਵਿਤ ਪੰਜਾਬ ਦਾ ਦੌਰਾ

### ਪ੍ਰਭਾਵਿਤ ਇਲਾਕਿਆਂ ਦਾ ਕਰਨਗੇ ਹਵਾਈ ਸਰਵੇਖਣ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 7 ਸਤੰਬਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨਗੇ। ਆਪਣੀ ਇਸ



ਫੇਰੀ ਦੌਰਾਨ ਪ੍ਰਧਾਨ ਮੰਤਰੀ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈਣਗੇ। ਪ੍ਰਧਾਨ ਮੰਤਰੀ ਦੀ ਤਜਵੀਜ਼ਤ ਫੇਰੀ ਦੇ ਸ਼ਡਿਊਲ ਨੂੰ ਅੰਤਿਮ ਰੂਪ ਦੇਣ ਮਗਰੋਂ ਐਤਵਾਰ ਸਵੇਰੇ ਪੰਜਾਬ ਸਰਕਾਰ ਨਾਲ ਸਾਂਝਾ ਕੀਤਾ ਗਿਆ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਪ੍ਰਧਾਨ ਮੰਤਰੀ ਦੇ ਤਜਵੀਜ਼ਤ ਪੰਜਾਬ ਦੌਰੇ ਦੀ ਪੁਸ਼ਟੀ ਕੀਤੀ ਹੈ। ਜਾਖੜ ਨੇ ਕਿਹਾ,"ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਵਿੱਚ ਹੜ੍ਹਾਂ ਦੇ ਹਾਲਾਤ ਬਾਰੇ ਬਹੁਤ ਚਿੰਤਤ ਹਨ ਅਤੇ ਇਸ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਉਹ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰ ਰਹੇ ਹਨ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਵਧ ਤੋਂ ਵਧ ਸਹਾਇਤਾ ਪ੍ਰਦਾਨ ਕਰਨ ਲਈ ਸਥਾਨਕ ਹਾਲਾਤ ਦੀ ਨਿੱਜੀ ਤੌਰ 'ਤੇ ਸਮੀਖਿਆ ਕੀਤੀ ਜਾ ਸਕੇ ਅਤੇ ਜ਼ਮੀਨੀ ਹਕੀਕਤਾਂ ਨੂੰ ਸਮਝਿਆ ਜਾ ਸਕੇ।" ਇਸ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਹੜ੍ਹ ਦੇ ਝੰਬੇ ਇਲਾਕਿਆਂ ਦਾ ਦੌਰਾ ਕੀਤਾ ਸੀ। ਜਾਖੜ ਨੇ ਕਿਹਾ, "ਕੇਂਦਰ ਸਰਕਾਰ ਦੀਆਂ ਦੋ ਟੀਮਾਂ, ਜਿਨ੍ਹਾਂ ਨੇ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਦੌਰਾ ਕੀਤਾ ਸੀ, ਆਪਣੇ ਦੌਰੇ ਤੋਂ ਬਾਅਦ ਕੇਂਦਰ ਸਰਕਾਰ ਨੂੰ ਆਪਣੀਆਂ ਰਿਪੋਰਟਾਂ ਸੌਂਪਣ ਲਈ ਤਿਆਰ ਹਨ। ਭਾਰਤ ਸਰਕਾਰ ਪੰਜਾਬ ਦੇ ਲੋਕਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।" ਪ੍ਰਧਾਨ ਮੰਤਰੀ 9 ਸਤੰਬਰ ਨੂੰ ਕਾਂਗੜਾ ਤੋਂ ਪੰਜਾਬ ਆਉਣਗੇ। ਉਹ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਸਰਵੇਖਣ ਕਰਨਗੇ ਅਤੇ ਪਠਾਨਕੋਟ ਵਿੱਚ ਉਤਰਨਗੇ ਜਿੱਥੇ ਉਨ੍ਹਾਂ ਦੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੀ ਉਮੀਦ ਹੈ। ਸੂਤਰਾਂ ਮੁਤਾਬਕ ਮੋਦੀ ਪੰਜਾਬ ਦੇ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਦੇ ਆਲੇ-ਦੁਆਲੇ ਦੇ ਇਲਾਕਿਆਂ ਦਾ ਹਵਾਈ

(ਬਾਕੀ ਸਫਾ 2 'ਤੇ)

## ਮੋਦੀ ਕਰਨਗੇ ਮਨੀਪੁਰ ਦਾ ਦੌਰਾ !

ਨਵੀਂ ਦਿੱਲੀ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਮਨੀਪੁਰ ਦੇ ਰਾਜਪਾਲ ਅਜੈ ਕੁਮਾਰ ਭੱਲਾ ਨੇ ਐਤਵਾਰ ਨੂੰ ਰਾਜ ਭਵਨ ਵਿਖੇ ਉੱਚ ਅਧਿਕਾਰੀਆਂ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕਈ ਵਿਧਾਇਕਾਂ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਐਨ. ਬੀਰੇਨ ਸਿੰਘ ਵੀ ਸ਼ਾਮਲ ਹਨ, ਨਾਲ ਇੱਕ ਉੱਚ ਪੱਧਰੀ ਮੀਟਿੰਗ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਸ ਮਹੀਨੇ ਦੇ ਦੂਜੇ ਹਫ਼ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨੀਪੁਰ ਦੇ ਸੰਭਾਵੀ ਦੌਰੇ ਤੋਂ ਪਹਿਲਾਂ ਇਹ ਮੀਟਿੰਗ ਮਹੱਤਵਪੂਰਨ ਮੰਨੀ ਜਾ ਰਹੀ ਹੈ। ਜੇਕਰ ਪ੍ਰਧਾਨ ਮੰਤਰੀ ਦਾ ਮਨੀਪੁਰ ਦੌਰਾ ਹੁੰਦਾ ਹੈ, ਤਾਂ ਮਈ 2023 ਵਿੱਚ ਰਾਜ ਵਿੱਚ ਨਸਲੀ ਹਿੰਸਾ ਭੜਕਣ ਤੋਂ ਬਾਅਦ ਇਹ ਉਨ੍ਹਾਂ ਦਾ ਰਾਜ ਦਾ ਪਹਿਲਾ ਦੌਰਾ ਹੋਵੇਗਾ।

(ਬਾਕੀ ਸਫਾ 2 'ਤੇ)

## ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਅੱਜ

### ਮੁੱਖ ਮੰਤਰੀ ਵੀਡੀਓ ਕਾਨਫਰੰਸਿੰਗ ਰਾਹੀਂ ਹੋਣਗੇ ਸ਼ਾਮਲ

ਚੰਡੀਗੜ੍ਹ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ 8 ਸਤੰਬਰ ਨੂੰ ਮੰਤਰੀ ਮੰਡਲ ਦੀ ਮੀਟਿੰਗ ਸੱਦ ਲਈ ਹੈ। ਮੀਟਿੰਗ ਦੁਪਹਿਰ 12 ਵਜੇ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰੀ ਰਿਹਾਇਸ਼ 'ਤੇ ਹੋਵੇਗੀ। ਹਾਲਾਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਿਹਤ ਠੀਕ ਨਾ ਹੋਣ ਕਰਕੇ ਹਸਪਤਾਲ ਵਿੱਚੋਂ ਹੀ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਵਿੱਚ ਹਿੱਸਾ ਲੈਣਗੇ। ਮੀਟਿੰਗ ਵਿੱਚ ਸੂਬਾ ਸਰਕਾਰ ਵੱਲੋਂ ਕਈ ਵੱਡੇ ਫੈਸਲੇ ਲਏ ਜਾ ਸਕਦੇ ਹਨ। ਮੁੱਖ ਮੰਤਰੀ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਨੇ ਮਚਾਈ ਤਬਾਹੀ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਹੁਤ ਚਿੰਤਤ ਹਨ, ਜੋ

(ਬਾਕੀ ਸਫਾ 2 'ਤੇ)

# ਹਸਪਤਾਲ 'ਚ ਜ਼ੇਰੇ ਇਲਾਜ ਮੁੱਖ ਮੰਤਰੀ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਭੋਜਨ ਅਤੇ ਡਾਕਟਰੀ ਸਹਾਇਤਾ ਯਕੀਨੀ ਬਣਾਉਣ ਦੇ ਹੁਕਮ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 7 ਸਤੰਬਰ: ਹਸਪਤਾਲ ਵਿੱਚ ਜ਼ੇਰੇ ਇਲਾਜ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸੂਬਾ ਵਾਸੀਆਂ ਦੀ ਭਲਾਈ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਪ੍ਰਗਟਾਉਂਦਿਆਂ ਰਾਜ ਵਿੱਚ ਵੱਡੀ ਪੱਧਰ 'ਤੇ ਚਲਾਏ ਜਾ ਰਹੇ ਰਾਹਤ ਅਤੇ ਬਚਾਅ ਕਾਰਜਾਂ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ। ਫੋਰਟਿਸ ਹਸਪਤਾਲ ਵਿੱਚ ਸਿਹਤਯਾਬ ਹੋ ਰਹੇ ਮੁੱਖ ਮੰਤਰੀ ਨੇ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਸ੍ਰੀ ਗੌਰਵ ਯਾਦਵ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਹੜ੍ਹਾਂ ਸਬੰਧੀ ਸਮੀਖਿਆ ਮੀਟਿੰਗ ਕੀਤੀ। ਹੜ੍ਹਾਂ ਕਾਰਨ ਪੈਦਾ ਹੋਏ ਗੰਭੀਰ ਹਾਲਾਤ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਨਿਰਦੇਸ਼ ਦਿੱਤੇ ਕਿ ਕੁਦਰਤੀ ਕਹਿਰ ਤੋਂ ਪ੍ਰਭਾਵਿਤ ਇੱਕ ਵੀ ਨਾਗਰਿਕ ਰਾਹਤ ਤੇ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਨਾ ਰਹੇ ਅਤੇ ਹਰੇਕ ਪ੍ਰਭਾਵਿਤ ਵਿਅਕਤੀ, ਖ਼ਾਸ ਕਰਕੇ ਜਿਹੜੇ ਹੜ੍ਹਾਂ ਦੇ ਪਾਣੀ ਕਾਰਨ ਮੁੱਖ ਧਾਰਾ ਤੋਂ ਕੱਟੇ ਗਏ ਹਨ, ਉਨ੍ਹਾਂ ਲਈ ਭੋਜਨ, ਡਾਕਟਰੀ ਸਹੂਲਤ ਸਣੇ ਹੋਰ ਲੋੜੀਂਦੀ ਸਹਾਇਤਾ ਯਕੀਨੀ ਬਣਾਈ ਜਾਵੇ। ਮੀਟਿੰਗ ਉਪਰੰਤ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਇੱਕ-ਦੋ ਦਿਨਾਂ ਵਿੱਚ ਉਨ੍ਹਾਂ ਦੇ ਸਾਡੇ ਨਾਲ ਹੋਣ ਦੀ ਉਮੀਦ ਹੈ। ਮੁੱਖ ਮੰਤਰੀ ਦਾ ਸਾਰਾ ਧਿਆਨ ਹਾਲ ਹੀ ਵਿੱਚ ਆਏ ਹੜ੍ਹਾਂ ਅਤੇ ਭਾਰੀ ਬਾਰਿਸ਼ ਤੋਂ ਪ੍ਰਭਾਵਿਤ ਹਜ਼ਾਰਾਂ ਪਰਿਵਾਰਾਂ ਵੱਲ ਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਹੜ੍ਹਾਂ ਪੀੜਤਾਂ ਦੀ ਹਰ ਸੰਭਵ ਸਹਾਇਤਾ ਕਰਨ ਅਤੇ ਉਹਨਾਂ ਦੇ ਟੁੱਟੇ ਹੋਏ ਘਰ ਦੁਬਾਰਾ ਬਣਾਉਣ ਲਈ ਇੱਕਜੁੱਟ ਅਤੇ ਦ੍ਰਿੜ ਹੈ। ਮੀਟਿੰਗ ਦੌਰਾਨ ਮੁੱਖ ਮੰਤਰੀ ਨੂੰ ਦੱਸਿਆ ਗਿਆ ਕਿ ਇਕੱਤਰ ਅੰਕੜਿਆਂ ਅਨੁਸਾਰ ਸੂਬੇ ਦੇ ਹੜ੍ਹ ਪ੍ਰਭਾਵਿਤ 23 ਜ਼ਿਲ੍ਹਿਆਂ ਦੇ 2050 ਪਿੰਡਾਂ ਵਿੱਚ 3,87,898 ਵਿਅਕਤੀ ਬੇਘਰ ਹੋ ਗਏ ਹਨ ਅਤੇ 20 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹੁਣ ਤੱਕ 22,938 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚੋਂ ਬਾਹਰ ਕੱਢਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ

**ਸਰਕਾਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚੋਂ ਹੁਣ ਤੱਕ 22,938 ਲੋਕਾਂ ਨੂੰ ਬਾਹਰ ਕੱਢਿਆ**

(ਬਾਕੀ ਸਫਾ 2 'ਤੇ)

## ਕਾਂਗਰਸ ਨੇ ਮਨੀਪੁਰ ਫੇਰੀ ਲਈ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ

ਨਵੀਂ ਦਿੱਲੀ, 7 ਸਤੰਬਰ (ਚੜ੍ਹਦੀਕਲਾ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨੀਪੁਰ ਦੇ ਸੰਭਾਵੀ ਦੌਰੇ 'ਤੇ ਕਾਂਗਰਸ ਨੇ ਤਨਜ਼ ਕੱਸਦਿਆਂ ਕਿਹਾ ਕਿ ਅਜਿਹਾ ਕਾਹਲੀ ਵਾਲਾ ਦੌਰਾ ਸੂਬੇ ਦੇ ਲੋਕਾਂ ਦਾ ਅਪਮਾਨ ਹੈ, ਜੋ 29 ਮਹੀਨਿਆਂ ਤੋਂ ਪ੍ਰਧਾਨ ਮੰਤਰੀ ਨੂੰ ਉਡੀਕ ਰਹੇ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ 13 ਸਤੰਬਰ ਨੂੰ ਮਨੀਪੁਰ ਦਾ ਦੌਰਾ ਅਸਲ ਵਿੱਚ 'ਪ੍ਰਧਾਨ ਮੰਤਰੀ ਦਾ ਗ਼ੈਰ-ਮੁਲਾਕਾਤੀ' ਦੌਰਾ ਹੋਵੇਗਾ। ਜੈਰਾਮ ਰਮੇਸ਼ ਨੇ ਐਕਸ 'ਤੇ ਕਿਹਾ, ਪ੍ਰਧਾਨ ਮੰਤਰੀ ਦੇ 13 ਸਤੰਬਰ ਨੂੰ ਮਨੀਪੁਰ ਦੇ ਪ੍ਰਸਤਾਵਿਤ ਦੌਰੇ ਲਈ ਉਨ੍ਹਾਂ ਦੇ ਸਮਰਥਕ ਵਧਾਈ ਦੇ ਰਹੇ ਹਨ ਪਰ ਇੰਝ ਜਾਪਦਾ ਹੈ ਕਿ ਉਹ ਸੂਬੇ ਵਿੱਚ ਸਿਰਫ਼ 3 ਘੰਟੇ ਹੀ ਬਿਤਾਉਣਗੇ, ਹਾਂ, ਸਿਰਫ਼ 3 ਘੰਟੇ। ਅਜਿਹੇ ਜਲਦਬਾਜ਼ੀ ਵਾਲੇ ਦੌਰੇ ਨਾਲ ਉਹ ਕੀ ਹਾਸਲ ਕਰਨ ਦੀ ਉਮੀਦ ਕਰਦੇ ਹਨ ?

(ਬਾਕੀ ਸਫਾ 2 'ਤੇ)

# ਪ੍ਰਧਾਨ ਮੰਤਰੀ ਦੇ ਦਬਾਅ ਮਗਰੋਂ ਸ਼ੁਰੂ ਹੋਇਆ ਸੀ 8 ਸਾਲਾਂ ਵਿੱਚ ਸਭ ਤੋਂ ਵੱਡਾ ਜੀ.ਐਸ.ਟੀ. ਸੁਧਾਰ

### ਸੀਤਾਰਮਨ ਜੀ.ਐਸ.ਟੀ. 'ਚ ਹਰ ਚੀਜ਼ ਦੀ ਸਮੀਖਿਆ ਕਰਨ ਲਈ ਕੰਮ ਸ਼ੁਰੂ ਕਰਨ ਲਈ ਪ੍ਰੇਰਿਤ ਹੋਏ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 7 ਸਤੰਬਰ: ਪਿਛਲੇ ਦਿਨੀਂ ਐਲਾਨੇ ਗਏ ਜੀ.ਐਸ.ਟੀ.



ਸੁਧਾਰਾਂ ਦਾ ਫ਼ੈਸਲਾ ਇਕਦਮ ਚੁਕਿਆ ਗਿਆ ਕਦਮ ਨਹੀਂ ਹੈ। ਇਸ ਬਾਰੇ ਤਿਆਰੀ ਪਿਛਲੇ ਸਾਲ ਤੋਂ ਚਲ ਰਹੀ ਸੀ। ਇਹ ਸੁਧਾਰ ਉਦੋਂ ਸ਼ੁਰੂ ਹੋਏ ਸਨ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਦਸੰਬਰ 'ਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਅਜਿਹਾ ਕਰਨ ਲਈ ਕਿਹਾ ਸੀ, ਜਿਸ ਤੋਂ ਬਾਅਦ ਗੁੰਝਲਦਾਰ ਵਸਤੂ ਅਤੇ ਸੇਵਾ ਕਰ ਪ੍ਰਣਾਲੀ 'ਚ ਬਦਲਾਅ ਲਿਆਉਣ ਦੀ ਵੱਡੀ ਕਵਾਇਦ ਸ਼ੁਰੂ ਹੋ ਗਈ। ਅੰਤਿਮ ਨਤੀਜਾ ਘੱਟ ਟੈਕਸ ਦਰਾਂ ਅਤੇ ਕਾਰੋਬਾਰਾਂ ਲਈ ਆਸਾਨ ਪਾਲਣਾ ਦੇ ਨਾਲ ਇਕ ਮਹੱਤਵਪੂਰਨ ਸਰਲ ਪ੍ਰਣਾਲੀ ਹੈ। ਸੀਤਾਰਮਨ, ਜਿਨ੍ਹਾਂ ਨੇ ਅਪਣੀ ਟੀਮ ਨਾਲ ਮੌਜੂਦਾ ਚਾਰ-ਪੱਧਰੀ ਢਾਂਚੇ ਅਤੇ ਕਾਰੋਬਾਰਾਂ ਨੂੰ ਦਰਪੇਸ਼ ਪਾਲਣਾ ਦੇ ਮੁੱਦਿਆਂ ਵਿਚ ਬੇਨਿਯਮੀਆਂ ਦੀ ਪਛਾਣ ਕਰਨ ਲਈ ਕੰਮ ਸ਼ੁਰੂ ਕੀਤਾ ਸੀ, ਨੂੰ ਪ੍ਰਧਾਨ ਮੰਤਰੀ ਨੇ ਉਹ ਵਿੱਤੀ ਸਾਲ 2025-26 ਲਈ ਬਜਟ ਤਿਆਰ ਕਰਨ ਦੌਰਾਨ ਹੀ ਪੁਛਿਆ ਸੀ, "ਕੀ ਤੁਸੀਂ ਜੀ.ਐਸ.ਟੀ. ਉਪਰ ਕੰਮ ਕਰ ਰਹੇ ਹੋ ?"

(ਬਾਕੀ ਸਫਾ 2 'ਤੇ)

## ਸਰਕਾਰ ਰੁਪਏ ਉਤੇ 'ਚੰਗੀ ਤਰ੍ਹਾਂ ਨਜ਼ਰ' ਰੱਖ ਰਹੀ ਹੈ: ਸੀਤਾਰਮਨ

ਨਵੀਂ ਦਿੱਲੀ, 7 ਸਤੰਬਰ (ਚੜ੍ਹਦੀਕਲਾ ਬਿਊਰੋ): ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਸਰਕਾਰ ਵਟਾਂਦਰਾ ਦਰਾਂ ਉਤੇ ਚੰਗੀ ਨਜ਼ਰ ਰੱਖ ਰਹੀ ਹੈ ਅਤੇ ਰੁਪਏ ਤੋਂ ਇਲਾਵਾ ਕਈ ਹੋਰ ਮੁਦਰਾਵਾਂ 'ਚ ਅਮਰੀਕੀ ਡਾਲਰ ਦੇ ਮੁਕਾਬਲੇ ਗਿਰਾਵਟ ਆਈ ਹੈ। ਇਹ ਪੁੱਛੇ ਜਾਣ ਉਤੇ ਕਿ ਕੀ ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ ਚਿੰਤਾ ਦਾ ਵਿਸ਼ਾ ਹੈ, ਉਨ੍ਹਾਂ ਕਿਹਾ, "ਰੁਪਏ ਦੀ ਗਿਰਾਵਟ ਜ਼ਿਆਦਾਤਰ ਡਾਲਰ ਦੇ ਮੁਕਾਬਲੇ ਹੈ, ਨਾ ਕਿ ਕਿਸੇ ਹੋਰ ਮੁਦਰਾ ਦੇ ਮੁਕਾਬਲੇ। ਇਹ ਇਸ ਲਈ

(ਬਾਕੀ ਸਫਾ 2 'ਤੇ)

# ਮੀਂਹ ਤੋਂ ਰਾਹਤ ਦੀ ਅਜੇ ਕੋਈ ਸੰਭਾਵਨਾ ਨਹੀਂ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 7 ਸਤੰਬਰ: ਪਿਛਲੇ ਦਿਨਾਂ ਤੋਂ ਪੈ ਰਹੇ ਮੀਂਹ ਤੋਂ ਰਾਹਤ ਮਿਲਣ ਦੀ ਅਜੇ ਕੋਈ ਸੰਭਾਵਨਾ ਦਿਖਾਈ



ਨਹੀਂ ਦੇ ਰਹੀ। ਮੌਸਮ ਵਿਭਾਗ ਮੁਤਾਬਕ 13 ਸਤੰਬਰ ਤੱਕ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੀਂਹ ਵਾਲਾ ਮੌਸਮ ਰਹੇਗਾ। ਭਾਰਤ ਮੌਸਮ ਵਿਗਿਆਨ ਵਿਭਾਗ ਨੇ ਅੱਜ ਲਈ ਚਿਤਾਵਨੀ ਜਾਰੀ ਕੀਤੀ ਹੈ, ਜਿਸ ਵਿੱਚ ਕਈ ਖੇਤਰਾਂ 'ਚ ਭਾਰੀ ਮੀਂਹ, ਬੱਦਲ ਗਰਜਣ ਨਾਲ ਕਣੀਆਂ ਪੈਣ, ਬਿਜਲੀ ਡਿੱਗਣ ਅਤੇ ਤੇਜ਼ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ। ਉੱਤਰੀ ਗੁਜਰਾਤ ਅਤੇ ਉਸ ਨਾਲ ਲੱਗਣੇ ਦੱਖਣ-ਪੱਛਮੀ ਰਾਜਸਥਾਨ 'ਤੇ ਦਬਾਅ ਦੇ ਪ੍ਰਭਾਵ ਕਾਰਨ 8 ਸਤੰਬਰ ਤੱਕ ਰਾਜਸਥਾਨ ਅਤੇ ਗੁਜਰਾਤ ਸੂਬੇ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਰਾਜਸਥਾਨ ਅਤੇ ਦੱਖਣੀ ਗੁਜਰਾਤ ਵਿੱਚ ਵੱਖ-ਵੱਖ ਥਾਵਾਂ 'ਤੇ ਦਰਮਿਆਨੇ ਤੋਂ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਵਿਭਾਗ ਮੁਤਾਬਕ ਮੱਧ ਰਾਜਸਥਾਨ 'ਤੇ ਬਣਿਆ ਘੱਟ ਦਬਾਅ ਵਾਲਾ ਖੇਤਰ ਲਗਭਗ ਪੱਛਮ ਵੱਲ ਵਧ ਗਿਆ ਹੈ, ਜੋ ਅੱਗੇ ਦੱਖਣ-ਪੱਛਮ ਵੱਲ ਵਧਿਆ ਅਤੇ ਅੱਜ ਭਾਰਤੀ ਸਮੇਂ ਅਨੁਸਾਰ ਸਵੇਰੇ

(ਬਾਕੀ ਸਫਾ 2 'ਤੇ)

## ਤਿਹਾੜ ਜੇਲ੍ਹ ਵਿੱਚ ਸਾਂਸਦ ਰਾਸ਼ਿਦ ਇੰਜੀਨੀਅਰ 'ਤੇ ਹਮਲਾ, ਹੋਏ ਜ਼ਖ਼ਮੀ

ਨਵੀਂ ਦਿੱਲੀ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਰਾਸ਼ਿਦ ਇੰਜੀਨੀਅਰ 'ਤੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਹਮਲਾ



ਹੋਇਆ। ਮੀਡੀਆ ਰਿਪੋਰਟਾਂ ਅਨੁਸਾਰ, ਜਦੋਂ ਉਹ ਆਪਣੀ ਬੈਰਕ ਵਿੱਚ ਸਨ ਤਾਂ ਇੱਕ ਟਰਾਂਸਜੈਂਡਰ ਨੇ ਉਨ੍ਹਾਂ 'ਤੇ ਹਮਲਾ ਕੀਤਾ। ਜੇਲ੍ਹ ਅਧਿਕਾਰੀਆਂ ਨੇ ਦੱਸਿਆ ਕਿ ਰਾਸ਼ਿਦ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਉਹ ਸੁਰੱਖਿਅਤ ਹੈ। ਦੂਜੇ ਪਾਸੇ, ਰਾਸ਼ਿਦ ਦੀ ਪਾਰਟੀ ਅਵਾਮੀ ਇੱਤੇਹਾਦ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਹਮਲੇ ਦੀ ਨਿੰਦਾ ਕੀਤੀ। ਇਸ ਵਿੱਚ ਕਿਹਾ ਗਿਆ ਹੈ,ਇਹ ਜੇਲ੍ਹ ਦੇ ਅੰਦਰ ਰਾਸ਼ਿਦ ਨੂੰ ਮਾਰਨ ਦੀ ਸਾਜ਼ਿਸ਼ ਹੈ। ਕਸ਼ਮੀਰੀ ਕੈਦੀਆਂ 'ਤੇ ਇੱਕ ਪੈਟਰਨ

(ਬਾਕੀ ਸਫਾ 2 'ਤੇ)

# ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ 'ਤੇ ਬਹਾਲ ਨਹੀਂ ਹੋ ਸਕੀ ਆਵਾਜਾਈ

### ਵੈਸ਼ਨੋ ਦੇਵੀ ਯਾਤਰਾ ਮੁਅੱਤਲ; ਸੜਕ ਦੇ ਦੋਵੇਂ ਪਾਸੇ ਵਾਹਨ ਫਸੇ

ਚੜ੍ਹਦੀਕਲਾ ਬਿਊਰੋ

================

ਜੰਮੂ, 7 ਸਤੰਬਰ: ਭਾਰੀ ਮੀਂਹ ਮਗਰੋਂ ਜ਼ਮੀਨ ਖਿਸਕਣ ਕਾਰਨ ਪ੍ਰਭਾਵਿਤ ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ 'ਤੇ ਆਵਾਜਾਈ ਨੂੰ



ਬਹਾਲ ਕਰਨ ਲਈ ਕੌਮੀ ਰਾਜਮਾਰਗ ਅਥਾਰਿਟੀ ਆਫ ਦੀਆਂ ਕੋਸ਼ਿਸ਼ਾਂ 'ਚ ਇੱਕ ਵਾਰ ਫਿਰ ਵਿਘਨ ਪਿਆ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਕੌਮੀ ਰਾਜਮਾਰਗ ਅੱਜ ਤੀਜੇ ਦਿਨ ਵੀ ਬੰਦ ਰਿਹਾ। ਅਧਿਕਾਰੀਆਂ ਨੇ ਦੱਸਿਆ ਕਿ ਤ੍ਰਿਕੁਟਾ ਪਹਾੜੀਆਂ 'ਤੇ ਸਥਿਤ ਮਾਤਾ ਵੈਸ਼ਨੋ ਦੇਵੀ ਤੀਰਥ ਸਥਾਨ ਦੀ ਯਾਤਰਾ ਵੀ ਲਗਾਤਾਰ 13ਵੇਂ ਦਿਨ ਮੁਅੱਤਲ ਰਹੀ, ਜਦੋਂ ਕਿ ਸਰਹੱਦੀ ਸੜਕ ਸੰਗਠਨ ਨੇ

(ਬਾਕੀ ਸਫਾ 2 'ਤੇ)

## ਵਿਧਾਇਕ ਰਮਨ ਅਰੋੜਾ ਨੂੰ ਅਦਾਲਤ ਨੇ 3 ਹੋਰ ਦਿਨਾਂ ਦੇ ਰਿਮਾਂਡ 'ਤੇ ਭੇਜਿਆ

ਚੰਡੀਗੜ੍ਹ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਵਿਧਾਇਕ ਰਮਨ ਅਰੋੜਾ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਭ੍ਰਿਸ਼ਟਾਚਾਰ ਮਾਮਲੇ ਵਿਚ ਉਨ੍ਹਾਂ ਨੂੰ ਕੋਰਟ ਵੱਲੋਂ ਜ਼ਮਾਨਤ ਦਿੱਤੀ ਗਈ ਸੀ ਪਰ ਇਕ ਹੋਰ ਨਵੇਂ ਮਾਮਲੇ ਵਿਚ ਉਨ੍ਹਾਂ ਨੂੰ ਜਲੰਧਰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅੱਜ ਰਿਮਾਂਡ ਖਤਮ ਹੋਣ ਮਗਰੋਂ ਰਮਨ ਅਰੋੜਾ ਨੂੰ ਕੋਰਟ 'ਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਉਨ੍ਹਾਂ ਨੂੰ 3 ਦਿਨਾਂ ਦੇ ਹੋਰ ਰਿਮਾਂਡ 'ਤੇ ਭੇਜ ਦਿੱਤਾ। ਦੱਸ ਦੇਈਏ ਕਿ ਸ਼ਿਕਾਇਤਕਰਤਾ ਵੱਲੋਂ ਹਵਾਲਾ ਦਿੰਦੇ ਹੋਏ 10 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਗਈ ਸੀ ਜਦੋਂ ਕਿ ਅਦਾਲਤ ਵਿਚ 3 ਦਿਨ ਦਾ ਰਿਮਾਂਡ ਵਿਚ ਵਾਧਾ ਕੀਤਾ ਗਿਆ ਹੈ। ਵਕੀਲ ਨੇ ਦੱਸਿਆ ਕਿ ਪੁਲਿਸ ਨੇ ਵਿਧਾਇਕ

(ਬਾਕੀ ਸਫਾ 2 'ਤੇ)

# ਮਹਾਰਾਸ਼ਟਰ 'ਚ ਗਣੇਸ਼ ਮੂਰਤੀ ਵਿਸਰਜਨ ਦੌਰਾਨ ਚਾਰ ਲੋਕ ਡੁੱਬੇ, 13 ਲਾਪਤਾ

ਚੜ੍ਹਦੀਕਲਾ ਬਿਊਰੋ

================

ਮੁੰਬਈ, 7 ਸਤੰਬਰ: ਮਹਾਰਾਸ਼ਟਰ ਦੇ ਵੱਖ-ਵੱਖ ਜ਼ਿਲ੍ਹਿਆਂ



ਵਿੱਚ ਗਣੇਸ਼ ਤਿਉਹਾਰ ਦੀ ਸਮਾਪਤੀ ਤੋਂ ਬਾਅਦ ਮੂਰਤੀਆਂ ਦੇ ਵਿਸਰਜਨ ਦੌਰਾਨ ਘੱਟੋ-ਘੱਟ ਚਾਰ ਲੋਕ ਡੁੱਬ ਗਏ ਅਤੇ 13 ਹੋਰ ਲਾਪਤਾ ਹੋ ਗਏ। ਪੁਲਿਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਸਬੰਧ ਵਿੱਚ ਇੱਕ ਅਧਿਕਾਰੀ ਨੇ ਦੱਸਿਆ ਕਿ ਪੁਣੇ ਜ਼ਿਲ੍ਹੇ ਦੇ ਚਾਕਨ ਖੇਤਰ ਵਿੱਚ ਤਿੰਨ ਵੱਖ-ਵੱਖ ਘਟਨਾਵਾਂ ਵਿੱਚ ਚਾਰ ਲੋਕ ਵੱਖ-ਵੱਖ ਜਲ ਭੰਡਾਰਾਂ ਵਿੱਚ ਰੁੜ੍ਹ ਗਏ। ਉਨ੍ਹਾਂ ਕਿਹਾ ਕਿ ਵਾਕੀ ਖੁਰਦ ਵਿੱਚ ਭਾਮਾ ਨਦੀ ਵਿੱਚ ਦੋ ਲੋਕ ਅਤੇ ਸ਼ੈੱਲ ਪਿੰਪਲਗਾਂਵ ਵਿੱਚ ਇੱਕ ਅਤੇ ਇੱਕ ਹੋਰ ਵਿਅਕਤੀ ਪੁਣੇ ਦਿਹਾਤੀ ਦੇ ਬੀਰਵਾੜੀ ਵਿੱਚ ਇੱਕ ਖੂਹ ਵਿੱਚ ਡਿੱਗ ਗਿਆ। ਅਧਿਕਾਰੀ ਨੇ ਕਿਹਾ ਕਿ ਚਾਰ ਲੋਕਾਂ ਵਿੱਚੋਂ ਦੋ ਦੀਆਂ ਲਾਸ਼ਾਂ ਹੁਣ ਤੱਕ ਬਰਾਮਦ ਕਰ ਲਈਆਂ ਗਈਆਂ ਹਨ ਅਤੇ ਬਾਕੀ ਦੋ ਦੀ ਭਾਲ ਜਾਰੀ ਹੈ। ਨੰਦੇੜ ਜ਼ਿਲ੍ਹੇ ਦੇ ਗਡੇਗਾਓਂ ਵਿੱਚ ਇੱਕ ਨਦੀ ਵਿੱਚ ਤਿੰਨ ਲੋਕ ਵਹਿ ਗਏ। ਪੁਲਿਸ ਨੇ ਕਿਹਾ ਕਿ ਬਾਅਦ ਵਿੱਚ ਇੱਕ

(ਬਾਕੀ ਸਫਾ 2 'ਤੇ)

## ਹੜ੍ਹ ਦੇ ਪਾਣੀ 'ਚ ਡੁੱਬਣ ਕਾਰਨ ਸਕੇ ਭੈਣ-ਭਰਾ ਦੀ ਮੌਤ

ਕਪੂਰਥਲਾ , 7 ਸਤੰਬਰ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਫਗਵਾੜਾ ਦੇ ਪਿੰਡ ਦੁੱਗਾ ਦੇ ਨਜ਼ਦੀਕ ਚਿੱਟੀ ਵੇਈਂ ਵਿੱਚ ਪਾਣੀ ਦਾ ਪੱਧਰ ਵਧਣ ਨਾਲ ਇਲਾਕੇ ਵਿੱਚ ਹੜ੍ਹ ਆਇਆ ਹੋਇਆ ਹੈ। ਇਸ ਹੜ੍ਹ ਨਾਲ ਖੇਤਾਂ ਵਿਚ ਇਕੱਠੇ ਹੋਏ ਪਾਣੀ ਵਿੱਚ ਡੁੱਬ ਕੇ ਸਕੇ ਭੈਣ ਭਰਾ ਦੀ ਮੌਤ ਹੋ ਗਈ ਜਿਨਾਂ ਦੀ ਪਹਿਚਾਨ ਸੰਜੀਵ ਕੁਮਾਰ ਅਤੇ ਪ੍ਰੀਤੀ ਨਿਵਾਸੀ ਉੱਚਾ ਪਿੰਡ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਬਲਰਾਮ ਕੁਮਾਰ ਨੇ ਦੱਸਿਆ ਕਿ ਸੰਜੀਵ ਕੁਮਾਰ ਅਤੇ ਪ੍ਰੀਤੀ ਦਵਾਈ ਲੈਣ ਲਈ ਘਰ ਤੋਂ ਕਰੀਬ 12 ਵਜੇ ਪਿੰਡ ਰਾਣੀਪੁਰ ਗਏ ਸਨ। ਜਦੋਂ ਉਹ ਪਿੰਡ ਦੁੱਗਾ ਦੇ ਕੋਲ ਗਏ ਤਾਂ ਉਹਨਾਂ ਦੇ ਸਾਈਕਲ ਦਾ ਸੰਤੁਲਨ ਵਿਗੜ ਗਿਆ। ਉਹਨਾਂ ਦਾ ਸਾਈਕਲ ਇੱਕ ਖੱਡੇ ਵਿੱਚ ਵੱਜਿਆ ਅਤੇ ਉਹ ਡਿੱਗ ਪਏ। ਜਿਸ ਖੇਤ ਵਿੱਚ ਉਹ ਡਿੱਗੇ ਉੱਥੇ ਤਕਰੀਬਨ ਪਾਣੀ ਅੱਠ ਤੋਂ ਨੌਂ ਫੁੱਟ

(ਬਾਕੀ ਸਫਾ 2 'ਤੇ)

# ਵਿਗਿਆਨੀਆਂ ਨੇ ਕੀਤੀ ਰਹੱਸਮਈ ਗਲੈਕਸੀ ਐਨ.ਜੀ.ਸੀ.7456 ਦੀ ਖੋਜ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 7 ਸਤੰਬਰ: ਪੁਲਾੜ ਦੀ ਰਹੱਸਮਈ



ਦੁਨੀਆਂ ਵਿੱਚ, ਐਨ.ਜੀ.ਸੀ.7456 ਨਾਮਕ ਇੱਕ ਗਲੈਕਸੀ ਹੈ ਜੋ ਲਗਭਗ 51 ਮਿਲੀਅਨ ਪ੍ਰਕਾਸ਼ ਸਾਲ ਦੂਰ ਹੈ। ਨੰਗੀ ਅੱਖ ਨੂੰ, ਇਹ ਸਿਰਫ਼ ਇੱਕ ਧੁੰਦਲੀ ਅੰਡਾਕਾਰ ਸ਼ਕਲ ਵਰਗੀ ਲੱਗਦੀ ਹੈ, ਪਰ ਵਿਗਿਆਨੀਆਂ ਲਈ, ਇਸ ਗਲੈਕਸੀ ਵਿੱਚ ਤਾਰਿਆਂ ਦੇ ਜਨਮ ਅਤੇ ਵਿਕਾਸ ਦੀ ਇੱਕ ਵੱਡੀ ਕਹਾਣੀ ਹੈ। ਐਨ.ਜੀ.ਸੀ. 7456 ਨੂੰ ਗ੍ਰਸ, ਜਾਂ ਕ੍ਰੇਨ ਤਾਰਾਮੰਡਲ ਵਿੱਚ ਦੇਖਿਆ ਜਾ ਸਕਦਾ ਹੈ। ਹਬਲ ਟੈਲੀਸਕੋਪ ਨਾਲ ਲਈਆਂ ਗਈਆਂ ਤਸਵੀਰਾਂ ਇਸਦੇ ਵਿਚਕਾਰ ਇੱਕ ਚਮਕਦਾਰ ਪੱਟੀ ਦਿਖਾਉਂਦੀਆਂ ਹਨ, ਜੋ ਦਰਸਾਉਂਦੀਆਂ ਹਨ ਕਿ ਇੱਥੇ ਪਹਿਲਾਂ ਤਾਰੇ ਕਿਵੇਂ ਬਣੇ ਸਨ। ਇਸ ਦੇ ਬਾਹਰੀ ਹਿੱਸਿਆਂ ਵਿੱਚ ਢਿੱਲੀਆਂ ਸਪਾਈਰਲ ਬਾਹਾਂ ਹਨ, ਜਿੱਥੇ ਤਾਰੇ ਅਤੇ ਧੂੜ ਸੁੰਦਰਤਾ ਨਾਲ ਫੈਲੇ ਹੋਏ ਹਨ। ਨਾਸਾ ਨੇ ਹਾਲ ਹੀ ਵਿੱਚ ਇੱਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿੱਚ ਇਸ ਗਲੈਕਸੀ ਦੀ ਗੈਸ ਅਤੇ ਧੂੜ ਦਾ ਅਧਿਐਨ ਕੀਤਾ ਜਾ ਰਿਹਾ ਹੈ। ਇਸ ਵਿੱਚ, ਵਿਗਿਆਨੀ ਉਨ੍ਹਾਂ ਥਾਵਾਂ ਦੀਆਂ ਤਸਵੀਰਾਂ ਪ੍ਰਾਪਤ ਕਰ ਰਹੇ ਹਨ ਜਿੱਥੇ ਨਵੇਂ ਤਾਰੇ ਬਣ ਰਹੇ ਹਨ। ਇੱਥੇ ਹਾਈਡ੍ਰੋਜਨ ਗੈਸ ਦੇ ਠੰਡੇ ਅਤੇ ਸੰਘਣੇ ਬੱਦਲ ਵੀ ਦੇਖੇ ਗਏ ਹਨ, ਜੋ ਤਾਰੇ ਬਣਾਉਣ ਲਈ ਇਕੱਠੇ ਮਿਲ

(ਬਾਕੀ ਸਫਾ 2 'ਤੇ)

## ਗਰੀਬੀ ਨਾਲ ਜੂਝਦੇ ਪਰਿਵਾਰ ਨੇ 50 ਹਜ਼ਾਰ 'ਚ ਵੇਚਿਆ ਬੱਚਾ

ਮੇਦਿਨੀਨਗਰ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਗਰੀਬੀ ਕਾਰਨ ਦੋ ਡੰਗ ਦੀ ਰੋਜ਼ੀ-ਰੋਟੀ ਲਈ ਜੂਝ ਰਹੇ ਇੱਕ ਪਰਿਵਾਰ ਨੇ ਆਪਣੇ ਇੱਕ ਮਹੀਨੇ ਦੇ ਬੱਚੇ ਨੂੰ 50 ਹਜ਼ਾਰ ਰੁਪਏ ਵਿੱਚ ਵੇਚ ਦਿੱਤਾ। ਝਾਰਖੰਡ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦਾ ਪਤਾ ਲੱਗਣ ਮਗਰੋਂ ਐਤਵਾਰ ਨੂੰ ਬੱਚੇ ਨੂੰ ਬਚਾ ਲਿਆ ਗਿਆ। ਮੁੱਖ ਮੰਤਰੀ ਹੇਮੰਤ ਸੋਰੇਨ ਵੱਲੋਂ ਮਾਮਲੇ ਦਾ ਨੋਟਿਸ ਲੈਣ ਅਤੇ ਪੁਲੀਸ ਨੂੰ ਲੜਕੇ ਨੂੰ ਬਚਾਉਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦੇਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ। ਲੇਸਲੀਗੰਜ ਸਰਕਲ ਅਫ਼ਸਰ ਸੁਨੀਲ ਕੁਮਾਰ ਸਿੰਘ ਨੇ ਕਿਹਾ ਕਿ ਪਲਾਮੂ ਜ਼ਿਲ੍ਹੇ ਦੇ ਲੇਸਲੀਗੰਜ ਇਲਾਕੇ ਦੇ ਇੱਕ ਜੋੜੇ ਨੇ ਅਤਿ ਦੀ ਗਰੀਬੀ ਕਾਰਨ ਕਥਿਤ (ਬਾਕੀ ਸਫਾ 2 'ਤੇ)

# ਆਰ.ਟੀ.ਆਈ. 'ਚ ਖ਼ੁਲਾਸਾ : ਪੀ.ਜੀ.ਆਈ. ਨੇ ਬਹੁ-ਕਰੋੜੀ ਘੁਟਾਲੇ ਨੂੰ ਛੁਪਾਇਆ

### ਜੁਆਇੰਟ ਐਕਸ਼ਨ ਕਮੇਟੀ ਨੇ ਦੁਰਲਭ ਕੁਮਾਰ ਨੂੰ ਠਹਿਰਾਇਆ ਦੋਸ਼ੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 7 ਸਤੰਬਰ: ਇਕ



ਤਾਜ਼ਾ ਆਰ.ਟੀ.ਆਈ. ਜਵਾਬ ਵਿਚ ਖ਼ੁਲਾਸਾ ਹੋਇਆ ਹੈ ਕਿ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ.ਜੀ.ਆਈ.ਐਮ.ਈ.ਆਰ.) ਦਾ ਠੇਕਾ ਕਰਮਚਾਰੀ, ਜਿਸ ਨੂੰ ਪਹਿਲਾਂ 2015 ਵਿਚ ਮਰੀਜ਼ਾਂ ਨੂੰ ਧੋਖਾ ਦੇਣ ਦੇ ਦੋਸ਼ੀ ਪਾਏ ਜਾਣ ਦੇ ਬਾਵਜੂਦ ਛੱਡ ਦਿਤਾ ਗਿਆ ਸੀ, ਹੁਣ ਬਹੁ-ਕਰੋੜੀ ਆਯੁਸ਼ਮਾਨ ਭਾਰਤ ਘੁਟਾਲੇ ਵਿਚ ਫਸ ਗਿਆ ਹੈ। ਜੁਆਇੰਟ ਐਕਸ਼ਨ ਕਮੇਟੀ (ਜੇ.ਏ.ਸੀ.) ਦੁਆਰਾ ਸਾਹਮਣੇ ਲਿਆਂਦੀ ਗਈ ਇਹ ਜਾਣਕਾਰੀ ਦੁਰਲਭ ਕੁਮਾਰ

(ਬਾਕੀ ਸਫਾ 2 'ਤੇ)

## ਹਿਮਾਚਲ ਹਾਈ ਕੋਰਟ ਵੱਲੋਂ 'ਚੀਫ਼ ਜਸਟਿਸ ਆਫ਼ਤ ਰਾਹਤ ਫੰਡ-2025' ਦੀ ਸ਼ੁਰੂਆਤ

ਚੰਡੀਗੜ੍ਹ, 7 ਸਤੰਬਰ (ਚੜ੍ਹਦੀਕਲਾ ਬਿਊਰੋ) : ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਸੂਬੇ ਵਿੱਚ ਮੀਂਹ, ਢਿੱਗਾਂ ਡਿੱਗਣ ਅਤੇ ਬੱਦਲ ਫਟਣ ਦੀਆਂ ਘਟਨਾਵਾਂ ਕਾਰਨ ਪ੍ਰਭਾਵਿਤ ਹੋਏ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਕਦਮ ਚੁੱਕਿਆ ਹੈ। ਅਦਾਲਤ ਨੇ ਪੀੜਤਾਂ ਨੂੰ ਸਮਰਪਿਤ "ਚੀਫ਼ ਜਸਟਿਸ ਆਫ਼ਤ ਰਾਹਤ ਫੰਡ 2025" ਸਥਾਪਤ ਕੀਤਾ ਹੈ ਅਤੇ ਸੰਸਥਾਵਾਂ ਹੀ ਨਹੀਂ ਸਗੋਂ ਨਿਆਂਇਕ ਅਤੇ ਕਾਨੂੰਨੀ ਭਾਈਚਾਰੇ ਦੇ ਵਿਅਕਤੀਆਂ ਨੂੰ ਸਵੈ-ਇੱਛਾ ਨਾਲ ਯੋਗਦਾਨ ਦੀ ਅਪੀਲ ਕੀਤੀ ਹੈ ਤਾਂ ਜੋ ਆਪਣੀਆਂ ਜ਼ਿੰਦਗੀਆਂ ਨੂੰ ਦੁਬਾਰਾ ਪੈਰਾਂ ਸਿਰ ਕਰਨ ਲਈ ਸੰਘਰਸ਼ ਕਰ ਰਹੇ" ਲੋਕਾਂ ਦੀ ਮਦਦ ਕੀਤੀ ਜਾ ਸਕੇ। ਇਸ ਪਹਿਲਕਦਮੀ ਨੂੰ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ ਤੋਂ ਬਲ

(ਬਾਕੀ ਸਫਾ 2 'ਤੇ)

# ਜੋਗਿੰਦਰ ਸਿੰਘ ਪੂਰਥੀ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ ਭੇਟ



ਕੀਰਤਪੁਰ ਸਾਹਿਬ, 7 ਸਤੰਬਰ (ਬੀ ਐਸ ਰਾਣਾ): ਡੀ.ਆਈ.ਜੀ. ਪੰਜਾਬ ਪੁਲਿਸ ਜੇਲ੍ਹ ਵਿਭਾਗ ਦਲਜੀਤ ਸਿੰਘ ਰਾਣਾ ਐਤਵਾਰ ਨੂੰ ਕੀਰਤਪੁਰ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿੱਚ ਸਵਰਗਵਾਸੀ ਜੋਗਿੰਦਰ ਸਿੰਘ ਪੂਰਥੀ ਦੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ। ਦੱਸਣਯੋਗ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਕੀਰਤਪੁਰ ਸਾਹਿਬ ਤੋਂ ਵੱਖ-ਵੱਖ ਅਖਬਾਰਾਂ ਦੇ ਏਜੰਟ ਰਹੇ ਜੋਗਿੰਦਰ ਸਿੰਘ ਪੂਰਥੀ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੇ ਦੇਹਾਂਤ 'ਤੇ ਇਲਾਕੇ ਦੇ ਵੱਖ-ਵੱਖ ਧਾਰਮਿਕ ਰਾਜਨੀਤਿਕ ਸ਼ਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਇਆ ਗਿਆ ਹੈ। ਉੱਥੇ ਹੀ ਅੱਜ ਡੀ.ਆਈ.ਜੀ. ਦਲਜੀਤ ਸਿੰਘ ਰਾਣਾ ਨੇ ਵੀ ਵਿਸ਼ੇਸ਼ ਤੌਰ 'ਤੇ ਜੋਗਿੰਦਰ ਸਿੰਘ ਪੂਰਥੀ ਦੀ ਅੰਤਿਮ ਅਰਦਾਸ ਸਮਾਗਮ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਡੀ.ਆਈ.ਜੀ. ਦਲਜੀਤ ਸਿੰਘ ਰਾਣਾ ਨੇ ਕਿਹਾ ਕਿ ਸਵਰਗਵਾਸੀ ਜੋਗਿੰਦਰ ਸਿੰਘ ਪੂਰਥੀ ਬਹੁਤ ਹੀ ਨੇਕਦਿਲ ਅਤੇ ਮਿਲਣਸਾਰ ਸੁਭਾਅ ਦੇ ਮਾਲਿਕ ਸਨ। ਇਲਾਕੇ ਦੇ ਸਾਰੇ ਬੱਚੇ, ਜਵਾਨ ਅਤੇ ਬਜ਼ੁਰਗ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਇਸ ਲਈ ਉਨ੍ਹਾਂ ਦੇ ਦੇਹਾਂਤ ਨਾਲ ਪਰਿਵਾਰ ਦੇ ਨਾਲ-ਨਾਲ ਸਮਾਜ ਨੂੰ ਵੀ ਵੱਡਾ ਘਾਟਾ ਪਿਆ ਹੈ ।

# ਉੱਤਰੀ ਕਸ਼ਮੀਰ ਦੀਆਂ ਅਣਪਛਾਤੀਆਂ ਕਬਰਾਂ ਬਾਰੇ ਅਧਿਐਨ 'ਚ ਵੱਡਾ ਖੁਲਾਸਾ

## 90 ਫੀਸਦੀ ਤੋਂ ਵੱਧ ਕਬਰਾਂ ਹਨ ਵਿਦੇਸ਼ੀ ਤੇ ਸਥਾਨਕ ਅੱਤਵਾਦੀਆਂ ਦੀਆਂ

ਸ੍ਰੀਨਗਰ, 7 ਸਤੰਬਰ (ਚ ਨ ਸ): ਇਕ ਨਵੇਂ ਅਧਿਐਨ 'ਚ ਉੱਤਰੀ ਕਸ਼ਮੀਰ 'ਚ ਲੰਮੇ ਸਮੇਂ ਤੋਂ ਚੱਲੀ ਆ ਰਹੀ 'ਸਮੂਹਿਕ ਕਬਰ' ਦੀ ਕਹਾਣੀ ਨੂੰ ਚੁਣੌਤੀ ਦਿੱਤੀ ਗਈ ਹੈ ਅਤੇ ਇਹ ਸਿੱਟਾ ਕਢਿਆ ਗਿਆ ਹੈ ਕਿ ਜਾਂਚ ਕੀਤੀਆਂ ਗਈਆਂ 4,056 ਅਣਪਛਾਤੀਆਂ ਕਬਰਾਂ ਵਿਚੋਂ 90 ਫ਼ੀ ਸਦੀ ਤੋਂ ਵੱਧ ਵਿਦੇਸ਼ੀ ਅਤੇ ਸਥਾਨਕ ਅੱਤਵਾਦੀਆਂ ਦੀਆਂ ਹਨ। ਇਹ ਰਿਪੋਰਟ ਕਸ਼ਮੀਰ ਸਥਿਤ ਗੈਰ ਸਰਕਾਰੀ ਸੰਗਠਨ ਸੇਵ ਯੂਥ ਸੇਵ ਫਿਊਚਰ ਫਾਊਂਡੇਸ਼ਨ (ਐਸ.ਵਾਈ.ਐਸ.ਐਫ.ਐਫ.) ਵਲੋਂ ਕੀਤੇ ਗਏ ਅਧਿਐਨ ਉਤੇ ਅਧਾਰਤ ਹੈ, ਜਿਸ ਦਾ ਸਿਰਲੇਖ 'ਸੱਚਾਈ ਦਾ ਪਰਦਾਫ਼ਾਸ਼ : ਕਸ਼ਮੀਰ ਵਾਦੀ 'ਚ ਅਣਪਛਾਤੀਆਂ ਕਬਰਾਂ ਬਾਰੇ ਅਧਿਐਨ' ਹੈ। ਵਜਾਹਤ ਫਾਰੂਕ ਭੱਟ, ਜ਼ਾਹਿਦ ਸੁਲਤਾਨ, ਇਰਸ਼ਾਦ ਅਹਿਮਦ ਭੱਟ, ਅਨਿਕਾ ਨਜ਼ੀਰ, ਮੁਦਸੀਰ ਅਹਿਮਦ ਡਾਰ ਅਤੇ ਸ਼ਬੀਰ ਅਹਿਮਦ ਦੀ ਅਗਵਾਈ ਵਾਲੇ ਖੋਜਕਰਤਾਵਾਂ ਨੇ ਉੱਤਰੀ ਕਸ਼ਮੀਰ ਦੇ ਬਾਰਾਮੂਲਾ, ਕੁਪਵਾੜਾ ਅਤੇ ਬਾਂਦੀਪੋਰਾ ਅਤੇ ਮੱਧ ਕਸ਼ਮੀਰ ਦੇ ਗਾਂਦਰਬਲ ਦੇ ਸਰਹੱਦੀ ਜ਼ਿਲ੍ਹਿਆਂ ਦੇ 373 ਕਬਰਸਤਾਨਾਂ ਦਾ ਸਰੀਰਕ ਨਿਰੀਖਣ ਕੀਤਾ ਅਤੇ ਦਸਤਾਵੇਜ਼ ਤਿਆਰ ਕੀਤੇ। ਵਜਾਹਤ ਫਾਰੂਕ ਭੱਟ ਨੇ ਕਿਹਾ, "ਲੋਕਾਂ ਵਲੋਂ ਫੰਡ ਕੀਤੇ ਜਾਂਦੇ ਸੰਗਠਨ ਨੇ ਇਹ ਪ੍ਰਾਜੈਕਟ 2018 ਵਿਚ ਸ਼ੁਰੂ ਕੀਤਾ ਸੀ ਅਤੇ 2024 ਵਿਚ ਜ਼ਮੀਨੀ ਕੰਮ ਪੂਰਾ ਕੀਤਾ ਸੀ। ਉਸ ਤੋਂ ਬਾਅਦ, ਅਸੀਂ ਵੱਖ-ਵੱਖ ਸਰਕਾਰੀ ਦਫਤਰਾਂ ਨੂੰ ਸੌਂਪਣ ਲਈ ਰੀਪੋਰਟ ਤਿਆਰ ਕਰ ਰਹੇ ਸੀ। ਇਹ ਰੀਪੋਰਟ ਕਸ਼ਮੀਰ ਘਾਟੀ 'ਚ ਦਹਿਸ਼ਤ ਫੈਲਾਉਣ ਲਈ ਸਰਹੱਦ ਪਾਰ ਤੋਂ ਲਿਖੀ ਜਾ ਰਹੀ ਕਿਸੇ ਵੀ ਕਹਾਣੀ ਦਾ ਮੁਕਾਬਲਾ ਕਰਨ ਲਈ ਗਵਾਹੀ ਦੇ ਸਕਦੀ ਹੈ।" ਇਕ ਸਖਤ ਵਿਧੀ ਦੀ ਵਰਤੋਂ ਕਰਦਿਆਂ ਜਿਸ ਵਿਚ ਜੀ.ਪੀ.ਐਸ. ਟੈਗਿੰਗ, ਫੋਟੋਗ੍ਰਾਫਿਕ ਦਸਤਾਵੇਜ਼, ਮੌਖਿਕ ਗਵਾਹੀ ਅਤੇ ਅਧਿਕਾਰਤ ਰੀਕਾਰਡਾਂ ਦਾ ਵਿਸ਼ਲੇਸ਼ਣ ਸ਼ਾਮਲ ਸੀ, ਅਧਿਐਨ ਦਾ ਉਦੇਸ਼ ਗੈਰ-ਤਸਦੀਕ ਕੀਤੇ ਖਾਤਿਆਂ ਉਤੇ ਨਿਰਭਰ ਕਰਨ ਦੀ ਬਜਾਏ ਸਬੂਤ ਪ੍ਰਦਾਨ ਕਰਨਾ ਸੀ। ਖੋਜਕਰਤਾਵਾਂ ਮੁਤਾਬਕ ਖੋਜ ਟੀਮ ਨੇ ਕੁਲ 4,056 ਕਬਰਾਂ ਦਾ ਦਸਤਾਵੇਜ਼ ਤਿਆਰ ਕੀਤਾ ਹੈ, ਜਿਸ 'ਚ ਇਕ ਅਸਲੀਅਤ ਸਾਹਮਣੇ ਆਈ ਹੈ, ਜੋ ਨਿੱਜੀ ਹਿੱਤਾਂ ਵਾਲੇ ਸਮੂਹਾਂ ਵਲੋਂ ਕੀਤੇ ਗਏ ਪਿਛਲੇ ਦਾਅਵਿਆਂ ਤੋਂ ਕਾਫੀ ਵੱਖਰੀ ਹੈ। ਰੀਪੋਰਟ 'ਚ ਕਿਹਾ ਗਿਆ ਹੈ ਕਿ 2,493 ਕਬਰਾਂ (ਲਗਭਗ 61.5 ਫ਼ੀ ਸਦੀ) ਦੀ ਪਛਾਣ ਵਿਦੇਸ਼ੀ ਅਤਿਵਾਦੀਆਂ ਨਾਲ ਸਬੰਧਤ ਹੋਣ ਦੇ ਤੌਰ ਉਤੇ ਕੀਤੀ ਗਈ ਹੈ, ਜੋ ਅਤਿਵਾਦ ਵਿਰੋਧੀ ਮੁਹਿੰਮਾਂ 'ਚ ਮਾਰੇ ਗਏ ਸਨ। ਇਸ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਵਿਅਕਤੀਆਂ ਕੋਲ ਅਕਸਰ ਅਪਣੇ ਨੈੱਟਵਰਕ ਨੂੰ ਲੁਕਾਉਣ ਅਤੇ ਪਾਕਿਸਤਾਨ ਦੀ ਪ੍ਰਮਾਣਿਕ ਸਮਰੱਥਾ ਨੂੰ ਬਣਾਈ ਰੱਖਣ ਲਈ ਪਛਾਣ ਦੀ ਕਮੀ ਹੁੰਦੀ ਹੈ। ਲਗਭਗ 1,208 ਕਬਰਾਂ (ਲਗਭਗ 29.8 ਫ਼ੀ ਸਦੀ) ਕਸ਼ਮੀਰ ਦੇ ਸਥਾਨਕ ਅਤਿਵਾਦੀਆਂ ਦੀਆਂ ਸਨ ਜੋ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਮਾਰੇ ਗਏ ਸਨ। ਇਨ੍ਹਾਂ 'ਚੋਂ ਬਹੁਤ ਸਾਰੀਆਂ ਕਬਰਾਂ ਦੀ ਪਛਾਣ ਭਾਈਚਾਰੇ ਦੀਆਂ ਗਵਾਹੀਆਂ ਅਤੇ ਪਰਵਾਰਕ ਪ੍ਰਵਾਨਗੀ ਵਲੋਂ ਕੀਤੀ ਗਈ ਸੀ। ਖੋਜਕਰਤਾਵਾਂ ਨੂੰ ਸਿਰਫ ਨੌਂ ਪੁਸ਼ਟੀ ਕੀਤੀਆਂ ਨਾਗਰਿਕ ਕਬਰਾਂ ਮਿਲੀਆਂ, ਜੋ ਕੁਲ ਦਾ ਸਿਰਫ 0.2 ਫ਼ੀ ਸਦੀ ਹੈ। ਐਸ.ਵਾਈ.ਐਸ.ਐਫ.ਐਫ. ਅਨੁਸਾਰ, ਇਹ ਖੋਜ ਸਿੱਧੇ ਤੌਰ ਉਤੇ ਨਾਗਰਿਕ ਸਮੂਹਕ ਕਬਰਾਂ ਦੇ ਦਾਅਵਿਆਂ ਦੇ ਉਲਟ ਹੈ ਅਤੇ ਸੁਝਾਅ ਦਿੰਦੀ ਹੈ ਕਿ ਯੋਜਨਾਬੱਧ ਗੈਰ-ਕਾਨੂੰਨੀ ਕਤਲਾਂ ਦੇ ਦੋਸ਼ਾਂ ਨੂੰ 'ਬਹੁਤ ਵਧਾ-ਚੜ੍ਹਾ ਕੇ' ਪੇਸ਼ ਕੀਤਾ ਗਿਆ ਹੈ। ਅਧਿਐਨ ਵਿਚ 1947 ਦੇ ਕਸ਼ਮੀਰ ਜੰਗ ਦੌਰਾਨ ਮਾਰੇ ਗਏ ਕਬਾਇਲੀ ਹਮਲਾਵਰਾਂ ਦੀਆਂ 70 ਕਬਰਾਂ ਦੀ ਵੀ ਪਛਾਣ ਕੀਤੀ ਗਈ ਹੈ, ਜੋ ਖੇਤਰ ਵਿਚ ਸੰਘਰਸ਼ ਨਾਲ ਸਬੰਧਤ ਦਫਨਾਉਣ ਦੀ ਇਤਿਹਾਸਕ ਡੂੰਘਾਈ ਨੂੰ ਉਜਾਗਰ ਕਰਦੀ ਹੈ। ਅਧਿਐਨ ਵਿਚ 1990 ਅਤੇ 2000 ਵਿਚਾਲੇ ਦਫਨਾਉਣ ਦੀ ਗਿਣਤੀ ਵਿਚ ਵਾਧੇ ਦਾ ਕਾਰਨ ਅਫਗਾਨਿਸਤਾਨ ਤੋਂ ਸੋਵੀਅਤ ਸੰਘ ਦੀ ਵਾਪਸੀ ਤੋਂ ਬਾਅਦ ਵਿਦੇਸ਼ੀ ਅਤਿਵਾਦੀਆਂ ਦੀ ਆਮਦ ਨੂੰ ਦਸਿਆ ਗਿਆ ਹੈ। ਸਮੂਹ ਨੇ ਕਿਹਾ ਕਿ 1989 ਵਿਚ ਅਫਗਾਨਿਸਤਾਨ ਤੋਂ ਸੋਵੀਅਤ ਸੰਘ ਦੀ ਵਾਪਸੀ ਤੋਂ ਬਾਅਦ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ ਅਤੇ ਫੌਜੀ ਸਥਾਪਨਾ ਨੇ ਅਪਣੇ ਸਰੋਤਾਂ ਅਤੇ ਮੁਹਾਰਤ ਨੂੰ ਕਸ਼ਮੀਰ ਵਲ ਮੁੜ ਨਿਰਦੇਸ਼ਿਤ ਕੀਤਾ ਅਤੇ ਇਸ ਨੂੰ ਭਾਰਤ ਨਾਲ ਰਣਨੀਤਕ ਮੁਕਾਬਲੇ ਵਿਚ ਅਗਲੇ ਮੋਰਚੇ ਵਜੋਂ ਵੇਖਿਆ।

# ਸਾਬਕਾ ਕੈਬਨਿਟ ਮੰਤਰੀ ਹਰਮੇਲ ਸਿੰਘ ਟੌਹੜਾ ਦੀ ਵਿਗੜੀ ਸਿਹਤ



ਮੋਹਾਲੀ, 7 ਸਤੰਬਰ (ਚ.ਨ.ਸ.): ਸਾਬਕਾ ਮੰਤਰੀ ਤੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜੁਆਈ ਹਰਮੇਲ ਸਿੰਘ ਟੌਹੜਾ ਸਾਬਕਾ ਮੰਤਰੀ ਦੀ ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਦੱਸ ਦਈਏ ਕਿ ਹਰਮੇਲ ਸਿੰਘ ਟੌਹੜਾ 1997 'ਚ ਹਲਕਾ ਡਕਾਲਾ ਤੋਂ ਅਕਾਲੀ ਦਲ ਟਿਕਟ 'ਤੇ ਵਿਧਾਇਕ ਬਣੇ ਸਨ ਤੇ ਉਸ ਸਮੇਂ ਉਨ੍ਹਾਂ ਨੂੰ ਲੋਕ ਨਿਰਮਾਣ ਮੰਤਰੀ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਸ ਤੋਂ ਬਾਅਦ ਉਹ ਲਗਾਤਾਰ ਪਹਿਲਾਂ ਹਲਕਾ ਡਕਾਲਾ ਫਿਰ ਹਲਕਾ ਸਨੌਰ ਤੇ ਸਾਲ 2012 'ਚ ਪਟਿਆਲਾ ਹਲਕਾ ਦਿਹਾਤੀ ਤੋਂ ਚੋਣ ਲੜ ਚੁੱਕੇ ਹਨ।

ਹਰਮੇਲ ਸਿੰਘ ਟੌਹੜਾ ਸਾਲ 2016 'ਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਸਨ, 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਮੁੜ ਤੋਂ ਅਕਾਲੀ ਦਲ 'ਚ ਸ਼ਾਮਲ ਹੋ ਗਏ ਸਨ।

ਟੌਹੜਾ ਪਰਿਵਾਰ ਪੰਜਾਬ 'ਚ ਟਕਸਾਲੀ ਅਕਾਲੀ ਤੇ ਨਾਮੀ ਪਰਿਵਾਰ ਹੈ। ਖ਼ੁਦ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ 27 ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਹਨ।

ਉਨ੍ਹਾਂ ਦੀ ਧਰਮ ਪਤਨੀ ਬੀਬੀ ਕੁਲਦੀਪ ਕੌਰ ਟੌਹੜਾ ਸ਼੍ਰੋਮਣੀ ਕਮੇਟੀ ਦੀ ਐਗਜੈਕਟਵਿ ਮੈਂਬਰ ਹੈ। ਉਨ੍ਹਾਂ ਦੇ ਸਪੁੱਤਰ ਹਰਿੰਦਰ ਪਾਲ ਸਿੰਘ ਟੌਹੜਾ ਪਟਿਆਲਾ ਮਾਰਕਿਟ ਕਮੇਟੀ ਦੇ ਚੇਅਰਮੈਨ ਰਹਿ ਚੁੱਕੇ ਹਨ।

## ਨੇਪਾਲ-ਚੀਨ ਫ਼ੌਜੀ ਮਸ਼ਕ ਸ਼ੁਰੂ

ਸਮਰੱਥਾ ਵਧਾਉਣ ਦੇ ਇਰਾਦੇ ਨਾਲ ਦੋਸਤਾਨਾ ਦੇਸ਼ਾਂ ਨਾਲ ਜੁੜੇ ਅਜਿਹੇ ਦੁਵੱਲੇ ਅਤੇ ਬਹੁਪੱਖੀ ਫ਼ੌਜੀ ਅਭਿਆਸਾਂ ਤੇ ਪੇਸ਼ੇਵਰ ਮੁਕਾਬਲਿਆਂ ਵਿੱਚ ਹਿੱਸਾ ਲੈ ਰਹੀ ਹੈ।

# ਪਹਿਲੇ ਸਫ਼ੇ ਦੀ ਬਾਕੀ

## ਲੁਧਿਆਣਾ 'ਚ ਸਤਲੁਜ ਕੰਢੇ 1000 ਏਕੜ ਜ਼ਮੀਨ ਪਾਣੀ 'ਚ ਡੁੱਬੀ

ਮਹੀਨਿਆਂ ਦੀ ਮਿਹਨਤ ਅਤੇ ਨਿਵੇਸ਼ ਬਰਬਾਦ ਹੋ ਗਿਆ ਹੈ। ਮਾਛੀਵਾੜਾ ਵਿੱਚ ਕਿਸਾਨ ਹਰਜਨ ਸਿੰਘ ਪਾਣੀ ਵਿੱਚ ਗਿੱਟੇ-ਗਿੱਟੇ ਖੜ੍ਹਾ ਆਪਣੇ ਬਰਬਾਦ ਹੋਏ ਖੇਤ ਵੱਲ ਦੇਖ ਰਿਹਾ ਸੀ। ਉਸ ਨੇ ਕਿਹਾ, "ਅਸੀਂ ਉਮੀਦ ਨਾਲ ਬੀਜਦੇ ਹਾਂ, ਪਰ ਕੁਦਰਤ ਨੇ ਕੁਝ ਹੋਰ ਹੀ ਸੋਚ ਰੱਖਿਆ। ਮੇਰੀ ਪੂਰੀ ਝੋਨੇ ਦੀ ਫਸਲ ਖਤਮ ਹੋ ਗਈ ਹੈ। ਮੈਨੂੰ ਨਹੀਂ ਪਤਾ ਕਿ ਮੈਂ ਇਸ ਸਾਲ ਕਰਜ਼ਾ ਕਿਵੇਂ ਚੁਕਾਵਾਂਗਾ।" ਸਿੱਧਵਾਂ ਬੇਟ ਵਿੱਚ ਵੀ ਹਾਲਾਤ ਓਨੇ ਹੀ ਗੰਭੀਰ ਹਨ, ਜਿੱਥੇ ਕਿਸਾਨ ਗੁਰਪ੍ਰੀਤ ਕੌਰ ਨੇ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ, "ਅਸੀਂ ਆਪਣੀ ਸਾਲਾਨਾ ਆਮਦਨ ਲਈ ਇਸ ਫਸਲ 'ਤੇ ਨਿਰਭਰ ਕਰਦੇ ਹਾਂ। ਪਾਣੀ ਇੰਨੀ ਤੇਜ਼ੀ ਨਾਲ ਆਇਆ ਕਿ ਅਸੀਂ ਆਪਣੇ ਸੰਦਾਂ ਨੂੰ ਵੀ ਨਹੀਂ ਬਚਾ ਸਕੇ। ਇਹ ਸਿਰਫ਼ ਫਸਲ ਹੀ ਨਹੀਂ, ਇਹ ਸਾਡੀ ਰੋਜ਼ੀ-ਰੋਟੀ ਹੈ।" ਖੇਤੀਬਾੜੀ ਵਿਭਾਗ ਅਨੁਸਾਰ ਸਤਲੁਜ ਦਰਿਆ ਨਾਲ ਲਗਦੇ ਕਰੀਬ 1,000 ਏਕੜ ਖੇਤ ਤਬਾਹ ਹੋ ਗਏ ਹਨ। ਮੁੱਖ ਤੌਰ 'ਤੇ ਸਿੱਧਵਾਂ ਬੇਟ, ਮਾਛੀਵਾੜਾ ਅਤੇ ਮਾਂਗਟ ਦੇ ਬਲਾਕਾਂ ਵਿੱਚ ਵੱਡਾ ਨੁਕਸਾਨ ਹੋਇਆ ਹੈ। ਮੁੱਖ ਖੇਤੀਬਾੜੀ ਅਧਿਕਾਰੀ ਗੁਰਦੀਪ ਸਿੰਘ ਨੇ ਪੁਸ਼ਟੀ ਕੀਤੀ ਕਿ ਨੁਕਸਾਨ ਦਰਿਆ ਦੇ ਤਲ 'ਤੇ ਸਥਿਤ ਖੇਤਾਂ ਤੱਕ ਸੀਮਤ ਹੈ। ਉਨ੍ਹਾਂ ਕਿਹਾ, "ਬਾਕੀ ਜ਼ਿਲ੍ਹਾ ਸੁਰੱਖਿਅਤ ਹੈ। ਪ੍ਰਭਾਵਿਤ ਖੇਤਰ ਨੀਵੇਂ ਅਤੇ ਦਰਿਆ ਦੇ ਕੁਦਰਤੀ ਹੜ੍ਹ ਖੇਤਰ ਦੇ ਅੰਦਰ ਹਨ।" ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੇ ਮਾਹਿਰਾਂ ਨੇ ਹੋਰ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਜ਼ਰੂਰੀ ਐਡਵਾਈਜ਼ਰੀ ਜਾਰੀ ਕੀਤੀ ਹੈ। ਉਨ੍ਹਾਂ ਜੜ੍ਹਾਂ ਦਾ ਦਮ ਘੁੱਟਣ ਤੋਂ ਰੋਕਣ ਲਈ ਸਤਹਿ ਨਾਲੀਆਂ ਜਾਂ ਪੰਪਿੰਗ ਸੈੱਟਾਂ ਦੀ ਵਰਤੋਂ ਕਰਕੇ ਵਾਧੂ ਪਾਣੀ ਕੱਢਣ ਦੀ ਸਿਫਾਰਸ਼ ਕੀਤੀ ਹੈ। ਕਿਸਾਨਾਂ ਨੂੰ ਇਹ ਸਲਾਹ ਵੀ ਦਿੱਤੀ ਗਈ ਹੈ ਕਿ ਉਹ ਪਾਣੀ ਦੇ ਵਹਾਅ ਨੂੰ ਸੁਚਾਰੂ ਬਣਾਉਣ ਲਈ ਬੰਨ੍ਹ ਦੇ ਮੋੜਾਂ ਖੋਲ੍ਹਣ ਅਤੇ ਪਾਣੀ ਦੀ ਸੁਚਾਰੂ ਆਵਾਜਾਈ ਲਈ ਖੇਤਾਂ ਦੇ ਖਾਲਾਂ ਨੂੰ ਸਾਫ਼ ਕਰਨ। ਮਾਹਿਰਾਂ ਨੇ ਚੌਲ ਅਤੇ ਬਾਸਮਤੀ ਉਤਪਾਦਕਾਂ ਲਈ, ਪੀ.ਏ.ਯੂ. ਨਾਈਟ੍ਰੋਜਨ ਦੀ ਘਾਟ ਨੂੰ ਪੂਰਾ ਕਰਨ ਲਈ 3% ਯੂਰੀਆ ਘੋਲ ਅਤੇ ਖਰਾਬੇ ਨੂੰ ਘਟਾਉਣ ਲਈ ਬੂਟ ਪੜਾਅ 'ਤੇ 1.5 ਫੀਸਦ ਪੋਟਾਸ਼ੀਅਮ ਨਾਈਟ੍ਰੇਟ ਦੇ ਪੱਤਿਆਂ 'ਤੇ ਸਪਰੇਅ ਦਾ ਸੁਝਾਅ ਦਿੱਤਾ ਹੈ। ਮੌਜੂਦਾ ਮੌਸਮ ਵਿਚ ਫੰਗਲ ਇਨਫੈਕਸ਼ਨਾਂ ਦੇ ਡਰੋਂ ਕਿਸਾਨਾਂ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਕਾਪਰ ਹਾਈਡ੍ਰੋਕਸਾਈਡ (ਕੋਸਾਈਡ 46 ਡੀ.ਐਫ.) ਦਾ ਛਿੜਕਾਅ ਕਰਨ ਅਤੇ ਫਿਰ 10-15 ਦਿਨਾਂ ਬਾਅਦ ਗੈਲੀਲੀਓ ਵੇਅ ਫੰਗਸਾਈਡ ਦਾ ਛਿੜਕਾਅ ਕਰਨ। ਫਾਰਮੂਲੇ ਦੇ ਆਧਾਰ ਤੇ, ਜ਼ਿੰਕ ਦੀ ਘਾਟ ਨੂੰ 0.5% ਜਾਂ 0.3% ਜ਼ਿੰਕ ਸਲਫੇਟ ਸਪਰੇਅ ਨਾਲ ਇਲਾਜ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ, "ਆਪਣੇ ਖੇਤ ਡੁੱਬਣ ਅਤੇ ਭਵਿੱਖ ਬੇਯਕੀਨੀ ਕਰਕੇ ਬਹੁਤ ਸਾਰੇ ਲੋਕ ਫੌਰੀ ਸਰਕਾਰੀ ਮੁਆਵਜ਼ੇ ਦੀ ਉਮੀਦ ਕਰ ਰਹੇ ਹਨ। ਇੱਕ ਵਾਰ ਸਥਿਤੀ ਆਮ ਹੋਣ 'ਤੇ, ਅਸੀਂ ਪ੍ਰਭਾਵਿਤ ਕਿਸਾਨਾਂ ਨੂੰ ਮਿਲਣ ਅਤੇ ਅਗਲੀ ਫਸਲ ਲਈ ਮਜ਼ਦੂਰੀ, ਖਾਦ ਅਤੇ ਬੀਜ ਪ੍ਰਾਪਤ ਕਰਨ ਦੇ ਰੂਪ ਵਿੱਚ ਸਹਾਇਤਾ ਦੀ ਪੇਸ਼ਕਸ਼ ਕਰਨ ਦਾ ਫੈਸਲਾ ਕੀਤਾ ਹੈ। ਕਿਸਾਨਾਂ ਦੀ ਇਹੀ ਫਸਲ ਖ਼ਰਾਬ ਨਹੀਂ ਹੋਈ ਬਲਕਿ ਅਗਲੀ ਫਸਲ ਲਈ ਬੀਜ ਜੋ ਉਨ੍ਹਾਂ ਦੇ ਘਰਾਂ ਵਿੱਚ ਸਟੋਰ ਕੀਤਾ ਹੋਇਆ ਸੀ, ਵੀ ਨੁਕਸਾਨਿਆ ਗਿਆ ਹੈ।

## 'ਘੱਗਰ 'ਚ ਪਾਣੀ ਵੱਧਣ ਕਾਰਨ ਕਿਸਾਨਾਂ ਦੇ ਸਾਹ ਸੂਤੇ

ਘੱਗਰ ਦਰਿਆ ਦੇ ਆਸ-ਪਾਸ ਵੱਸਦੇ ਦਰਜਨ ਦੇ ਕਰੀਬ ਪਿੰਡਾਂ ਦੇ ਕਿਸਾਨਾਂ ਵੱਲੋਂ ਘੱਗਰ ਦੇ ਬੰਨਿਆਂ ਨੂੰ ਦਿਨ-ਰਾਤ ਟਰੈਕਟਰਾਂ-ਟਰਾਲੀਆਂ ਅਤੇ ਜੇਸੀਬੀ ਮਸ਼ੀਨਾਂ ਦੀ ਮੱਦਦ ਨਾਲ ਮਜ਼ਬੂਤ ਕੀਤਾ ਜਾ ਰਿਹਾ ਹੈ। ਪਿੰਡ ਤੇਈਪੁਰ, ਸਾਗਰਾ, ਮੋਦੀ, ਕਾਗਥਲਾ, ਗੁਰਨਾਨਕਪੁਰਾ, ਗੁਲਾਹੜਪੁਰਾ, ਸ਼ੇਰਗੜ੍ਹ, ਢਾਬੀ ਗੁਜਰਾਂ ਅਤੇ ਖਨੌਰੀ ਦੇ ਕਿਸਾਨਾਂ ਨੇ ਦੱਸਿਆ ਕਿ ਨਿਰਮਾਣ ਅਧੀਨ ਜੰਮੂ ਕੱਟੜਾ ਐਕਸਪ੍ਰੈਸਵੇਅ ਘੱਗਰ ਦਰਿਆ ਤੋਂ ਲੰਘ ਰਿਹਾ ਹੈ। ਪੱਕੇ ਮੋਰਚੇ ਦੀ ਅਗਵਾਈ ਕਰ ਰਹੇ ਵਰਿਆਮ ਸਿੰਘ, ਸੁਖਵਿੰਦਰ ਸਿੰਘ, ਵਿਕਰਮ ਸਿੰਘ ਅਰਨੌ, ਗੁਰਮੀਤ ਸਿੰਘ, ਹਰਮੀਤ ਸਿੰਘ, ਹਰਜੀਤ ਸਿੰਘ ਦੋਸ਼ ਲਾਇਆ ਕਿ ਐਕਸਪ੍ਰੈਸਵੇਅ ਦੇ ਠੇਕੇਦਾਰਾਂ ਨੇ 40 ਤੋਂ ਬਣੇ ਸਰਕਾਰੀ ਬੰਨ੍ਹ ਦੀ ਮਿੱਟੀ ਹਾਈਵੇਅ 'ਤੇ ਵਰਤ ਕੇ ਉਨ੍ਹਾਂ ਲਈ ਮੁਸੀਬਤ ਖੜ੍ਹੀ ਕੀਤੀ ਹੈ। ਕਿਸਾਨ ਨੇ ਦੱਸਿਆ ਕਿ ਪ੍ਰਸ਼ਾਸਨ ਨਾਲ ਕੁਝ ਦਿਨਾਂ ਪਹਿਲਾਂ ਸਮਝੌਤਾ ਹੋਇਆ ਸੀ ਕਿ ਕੰਮ ਸਹੀ ਢੰਗ ਨਾਲ ਤੇ ਤੇਜ਼ੀ ਨਾਲ ਕੀਤਾ ਜਾਵੇਗਾ ਪਰ ਉਸ ਸਮਝੌਤੇ 'ਤੇ ਕੋਈ ਅਮਲ ਨਹੀਂ ਹੋਇਆ। ਕਿਸਾਨਾਂ ਨੇ ਕਿਹਾ ਕਿ ਜਦੋਂ ਤੱਕ ਬੰਨ੍ਹ ਦਾ ਕੰਮ ਨੇਪਰੇ ਨਹੀਂ ਚੜ੍ਹਦਾ ਉਦੋਂ ਤੱਕ ਉਨ੍ਹਾਂ ਦਾ ਪੱਕਾ ਮੋਰਚਾ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਐੱਸਡੀਐੱਮ ਪਾਤੜਾਂ ਅਸ਼ੋਕ ਕੁਮਾਰ, ਡਰੇਨੇਜ਼ ਵਿਭਾਗ ਦੇ ਐਕਸੀਅਨ ਪ੍ਰਥਮ ਗੰਭੀਰ, ਐੱਸਡੀਓ ਗੁਲਸ਼ਨ ਕੁਮਾਰ ਅਤੇ ਹਲਕਾ ਵਿਧਾਇਕ ਦੇ ਪੁੱਤ ਨੇ ਮੌਕੇ 'ਤੇ ਪਹੁੰਚ ਕੇ ਭਰੋਸਾ ਦਿਵਾਇਆ ਸੀ ਕਿ ਕਿਸਾਨਾਂ ਅਨੁਸਾਰ ਉਨ੍ਹਾਂ ਦਾ ਕੰਮ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹਿਆ ਜਾਵੇਗਾ ਪਰ ਹੋਇਆ ਕੁੱਝ ਵੀ ਨਹੀਂ। ਕਿਸਾਨਾਂ ਨੇ ਦੱਸਿਆ ਕਿ ਸਮਾਂ ਰਹਿੰਦੇ ਜੇਕਰ ਘੱਗਰ ਦੇ ਦੋਵੇ ਪਾਸਿਆਂ ਦੇ ਬੰਨ੍ਹ ਮਜ਼ਬੂਤ ਨਾ ਕਰਦੇ ਤਾਂ ਘੱਗਰ ਦਰਿਆ ਨੇ ਜ਼ਿਲ੍ਹਾ ਪਟਿਆਲਾ ਤੇ ਸੰਗਰੂਰ ਦੇ ਦਰਜਨਾਂ ਪਿੰਡਾਂ ਹਜ਼ਾਰਾਂ ਏਕੜ ਫ਼ਸਲਾਂ ਹੁਣ ਤੱਕ ਤਬਾਹ ਕਰ ਦੇਣਾ ਸੀ।

## ਪੰਜਾਬ ਦੇ ਸਾਰੇ ਵਿੱਦਿਅਕ ਅਦਾਰਿਆਂ ਨੂੰ ਅੱਜ ਤੋਂ ...

ਬਣਾਉਣਗੇ। ਇਸ ਕੰਮ ਲਈ ਪੰਚਾਇਤਾਂ, ਨਗਰ ਕੌਂਸਲਾਂ ਅਤੇ ਕਾਰਪੋਰੇਸ਼ਨਾਂ ਦੀ ਮਦਦ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਰਕਾਰੀ ਸਕੂਲ ਦੀ ਇਮਾਰਤ ਵਿੱਚ ਕੋਈ ਦਿੱਕਤ ਜਾਂ ਨੁਕਸ ਪਾਇਆ ਜਾਂਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਇੰਜਨੀਅਰਿੰਗ ਵਿਭਾਗ ਨੂੰ ਦਿੱਤੀ ਜਾਵੇ। ਜਦੋਂ ਕਿ ਸੂਬੇ ਦੇ ਸਾਰੇ ਸਰਕਾਰੀ ਸਕੂਲ ਆਮ ਵਾਂਗ ਨੌਂ ਸਤੰਬਰ ਦਿਨ ਮੰਗਲਵਾਰ ਤੋਂ ਖੁੱਲ੍ਹਣਗੇ। ਉਨ੍ਹਾਂ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਉਹ ਯਕੀਨੀ ਬਣਾਉਣਗੇ ਕਿ ਸਕੂਲ ਦੀ ਇਮਾਰਤ ਅਤੇ ਕਲਾਸ ਰੂਮ ਬਿਲਕੁਲ ਸੁਰੱਖਿਅਤ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਹੜ੍ਹਾਂ ਕਾਰਨ ਸੂਬੇ ਦੇ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਛੁੱਟੀਆਂ ਕਰ ਦਿੱਤੀ ਸੀ ਪਰ ਹੁਣ ਹਾਲਾਤ ਸੁਧਰਦਿਆਂ ਦੇਖ ਡਿਪਟੀ ਕਮਿਸ਼ਨਰਾਂ ਨੂੰ ਆਪਣੇ ਪੱਧਰ 'ਤੇ ਫ਼ੈਸਲੇ ਲੈਣ ਦੇ ਅਧਿਕਾਰ ਦਿੱਤੇ ਗਏ ਹਨ।

## ਮੋਦੀ ਭਲਕੇ ਕਰਨਗੇ ਹੜ੍ਹ ਪ੍ਰਭਾਵਿਤ ਪੰਜਾਬ ਦਾ ਦੌਰਾ

ਦੌਰਾ ਕਰਨਗੇ ਅਤੇ ਸਰਹੱਦੀ ਪੱਟੀ ਦੇ ਨਾਲ-ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣਗੇ ਜਿੱਥੇ ਕੰਡਿਆਲੀ ਤਾਰ ਅਤੇ ਸਰਹੱਦੀ ਚੌਕੀਆਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਇਸ ਤੋਂ ਇਲਾਵਾ ਝੋਨੇ ਅਤੇ ਗੰਨੇ ਸਮੇਤ ਖੜ੍ਹੀਆਂ ਹੋਰ ਫ਼ਸਲਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਦੱਸਣਯੋਗ ਹੈ ਕਿ ਕੇਂਦਰੀ ਟੀਮਾਂ ਨੁਕਸਾਨ ਦਾ ਮੁਲਾਂਕਣ ਕਰਨ ਲਈ ਪਹਿਲਾਂ ਹੀ ਪੰਜਾਬ ਵਿੱਚ ਹਨ। ਇਸ ਤੋਂ ਪਹਿਲਾਂ ਵੀਰਵਾਰ ਨੂੰ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਅੰਮ੍ਰਿਤਸਰ ਵਿੱਚ ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਦੋ ਕੇਂਦਰੀ ਟੀਮਾਂ ਵੀ ਪੰਜਾਬ ਦਾ ਦੌਰਾ ਕਰ ਰਹੀਆਂ ਹਨ ਅਤੇ ਉਹ ਕੇਂਦਰ ਨੂੰ ਰਿਪੋਰਟ ਸੌਂਪਣਗੀਆਂ। ਅੰਮ੍ਰਿਤਸਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਹਾਨ ਨੇ ਕਿਹਾ ਕਿ ਦੇਸ਼ ਅਤੇ ਮਨੁੱਖਤਾ ਦੀ ਸੇਵਾ ਵਿੱਚ ਪੰਜਾਬੀ ਹਮੇਸ਼ਾ ਸਭ ਤੋਂ ਅੱਗੇ ਰਹੇ ਹਨ।

## ਮੋਦੀ ਕਰਨਗੇ ਮਨੀਪੁਰ ਦਾ ਦੌਰਾ!

ਅਧਿਕਾਰੀਆਂ ਨੇ ਦੱਸਿਆ ਕਿ ਮੁੱਖ ਸਕੱਤਰ ਪੁਨੀਤ ਕੁਮਾਰ ਗੋਇਲ, ਸੁਰੱਖਿਆ ਸਲਾਹਕਾਰ ਕੁਲਦੀਪ ਸਿੰਘ ਅਤੇ ਪੁਲਿਸ ਡਾਇਰੈਕਟਰ ਜਨਰਲ ਰਾਜੀਵ ਸਿੰਘ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਹਾਲਾਂਕਿ ਮੀਟਿੰਗ ਦੇ ਏਜੰਡੇ ਦਾ ਅਧਿਕਾਰਤ ਤੌਰ ਤੇ ਖੁਲਾਸਾ ਨਹੀਂ ਕੀਤਾ ਗਿਆ ਸੀ, ਪਰ ਇੱਕ ਭਾਜਪਾ ਨੇਤਾ ਨੇ ਦੱਸਿਆ, ਸਾਡੀ ਪਾਰਟੀ ਦੀ ਸੂਬਾ ਇਕਾਈ ਦੀ ਪ੍ਰਧਾਨ ਏ ਸ਼ਾਰਦਾ ਦੇਵੀ ਵੀ ਮੀਟਿੰਗ ਵਿੱਚ ਸ਼ਾਮਲ ਹੋਏ ਅਤੇ ਕਈ ਮੁੱਦਿਆਂ ਤੇ ਚਰਚਾ ਕੀਤੀ ਗਈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਭਾਵੀ ਫੇਰੀ ਨਾਲ ਸਬੰਧਤ ਮਾਮਲਾ ਵੀ ਸ਼ਾਮਲ ਹੈ। ਪ੍ਰਧਾਨ ਮੰਤਰੀ 13 ਸਤੰਬਰ ਨੂੰ ਨਵੀਂ ਬੈਰਾਬੀ-ਸਾਈਰੰਗ ਰੇਲਵੇ ਦਾ ਉਦਘਾਟਨ ਕਰਨ ਲਈ ਮਿਜ਼ੋਰਮ ਦਾ ਦੌਰਾ ਕਰ ਸਕਦੇ ਹਨ, ਜਿਸ ਤੋਂ ਬਾਅਦ ਉਹ ਉੱਥੋਂ ਇੰਫਾਲ ਲਈ ਉਡਾਣ ਭਰ ਸਕਦੇ ਹਨ। ਹਾਲਾਂਕਿ, ਉਨ੍ਹਾਂ ਦੇ ਦੌਰੇ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੈ। ਮਈ 2023 ਤੋਂ ਲੈ ਕੇ, ਮੇਈਤੇਈ ਅਤੇ ਕੁਕੀ-ਜੋ ਸਮੂਹਾਂ ਵਿਚਕਾਰ ਨਸਲੀ ਹਿੰਸਾ ਵਿੱਚ 260 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਹਜ਼ਾਰਾਂ ਬੇਘਰ ਹੋ ਗਏ ਹਨ।

## ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਅੱਜ

ਹਸਪਤਾਲ ਵਿੱਚ ਬੈਠ ਕੇ ਮੀਟਿੰਗ ਵਿੱਚ ਹਿੱਸਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹਸਪਤਾਲ ਵਿੱਚ ਭਰਤੀ ਹੋਣ ਦੇ ਬਾਵਜੂਦ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ "ਲੋਕਾਂ ਦੀ ਸੇਵਾ ਹੀ ਮੇਰੀ ਤਰਜੀਹ ਹੈ।"

## ਹਸਪਤਾਲ 'ਚ ਜ਼ੇਰੇ ਇਲਾਜ ਮੁੱਖ ਮੰਤਰੀ ਵੱਲੋਂ ਹੜ੍ਹ .....

ਵੱਲੋਂ 219 ਰਾਹਤ ਕੈਂਪ ਖੋਲ੍ਹੇ ਗਏ ਇਨ੍ਹਾਂ ਕੈਂਪਾਂ ਵਿੱਚ 5404 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਹੁਣ ਤੱਕ ਕੁੱਲ 176980.05 ਹੈਕਟੇਅਰ ਫ਼ਸਲੀ ਰਕਬਾ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੜ੍ਹਾਂ ਕਾਰਨ ਹੁਣ ਤੱਕ 48 ਵਿਅਕਤੀ ਆਪਣੀ ਜਾਨ ਗਵਾ ਚੁੱਕੇ ਹਨ, ਜਦਕਿ ਜ਼ਿਲ੍ਹਾ ਪਠਾਨਕੋਟ ਦੇ 3 ਵਿਅਕਤੀ ਲਾਪਤਾ ਹਨ।

## ਕਾਂਗਰਸ ਨੇ ਮਨੀਪੁਰ ਫੇਰੀ ਲਈ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ

ਰਮੇਸ਼ ਨੇ ਆਖਿਆ ਕਿ ਇਹ ਉਨ੍ਹਾਂ ਲੋਕਾਂ ਦਾ ਅਪਮਾਨ ਹੈ, ਜਿਨ੍ਹਾਂ ਨੇ ਹਿੰਸਕ ਤਣਾਅ ਦੌਰਾਨ ਦੁੱਖ ਝੱਲਦਿਆਂ 29 ਮਹੀਨਿਆਂ ਤੱਕ ਪ੍ਰਧਾਨ ਮੰਤਰੀ ਦੀ ਉਡੀਕ ਕੀਤੀ ਹੈ। ਰਮੇਸ਼ ਨੇ ਕਿਹਾ,ਅਸਲ ਵਿੱਚ 13 ਸਤੰਬਰ ਦਾ ਪ੍ਰਧਾਨ ਮੰਤਰੀ ਦਾ ਦੌਰਾ ਨਾਕਾਫੀ ਹੋਵੇਗਾ, ਜਿਸ ਨੂੰ ਇੱਕ ਵਾਰ ਫਿਰ ਮਨੀਪੁਰ ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਬੇਰੁਖ਼ੀ ਅਤੇ ਅਸੰਵੇਦਨਸ਼ੀਲਤਾ ਜ਼ਾਹਿਰ ਕਰ ਦਿੱਤੀ ਹੈ। ਉਨ੍ਹਾਂ ਨੇ ਐਕਸ 'ਤੇ ਇੱਕ ਮੀਡੀਆ ਰਿਪੋਰਟ ਵੀ ਸਾਂਝੀ ਕੀਤੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਪ੍ਰਧਾਨ ਮੰਤਰੀ ਮਨੀਪੁਰ ਵਿੱਚ ਲਗਭਗ ਤਿੰਨ ਘੰਟੇ ਰਹਿਣਗੇ। ਦੱਸ ਦਈਏ ਕਿ ਪ੍ਰਧਾਨ ਮੰਤਰੀ ਮੋਦੀ 13 ਸਤੰਬਰ ਨੂੰ ਮਨੀਪੁਰ ਦਾ ਦੌਰਾ ਕਰਨਗੇ, ਜੋ ਮਈ 2023 ਵਿੱਚ ਮੈਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਨਸਲੀ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਉਨ੍ਹਾਂ ਦਾ ਸੂਬੇ ਦੀ ਪਹਿਲੀ ਫੇਰੀ ਹੋਵੇਗੀ।

## ਪ੍ਰਧਾਨ ਮੰਤਰੀ ਦੇ ਦਬਾਅ ਮਗਰੋਂ ਸ਼ੁਰੂ ਹੋਇਆ ਸੀ 8 ਸਾਲਾਂ ਵਿੱਚ ਸਭ ...

ਪ੍ਰਧਾਨ ਮੰਤਰੀ ਨਾਲ ਗੱਲ ਕਰਨ ਤੋਂ ਬਾਅਦ ਹੀ ਸੀਤਾਰਾਮਨ ਜੀ.ਐਸ.ਟੀ. ਵਿਚ ਹਰ ਚੀਜ਼ ਦੀ ਸਮੀਖਿਆ ਕਰਨ ਲਈ ਕੰਮ ਸ਼ੁਰੂ ਕਰਨ ਲਈ ਪ੍ਰੇਰਿਤ ਹੋਏ - ਨਾ ਸਿਰਫ ਦਰਾਂ ਅਤੇ ਟੈਕਸ ਸਲੈਬ ਬਲਕਿ ਕਾਰੋਬਾਰਾਂ, ਖਾਸ ਕਰ ਕੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਲਈ ਸ਼ਾਸਨ ਨੂੰ ਵਧੇਰੇ ਅਨੁਕੂਲ ਕਿਵੇਂ ਬਣਾਇਆ ਜਾਵੇ। ਸੀਤਾਰਮਨ ਨੇ ਇਕ ਇੰਟਰਵਿਊ 'ਚ ਅਸਿੱਧੇ ਟੈਕਸ ਪ੍ਰਣਾਲੀ 'ਚ ਬਦਲਾਅ ਤੋਂ ਲੈ ਕੇ 'ਬੈਕਐਂਡ ਸਾਫਟਵੇਅਰ' ਨੂੰ ਲਾਗੂ ਕਰਨ ਲਈ ਤਿਆਰ ਹੋਣ ਤਕ ਦੇ ਸਮਾਨਾਂਤਰ ਕੰਮਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਰਾਜਸਥਾਨ ਦੇ ਜੈਸਲਮੇਰ 'ਚ ਦਸੰਬਰ 2024 'ਚ ਹੋਈ ਜੀ.ਐੱਸ.ਟੀ. ਕੌਂਸਲ ਦੀ ਆਖਰੀ ਬੈਠਕ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਨੇ ਮੈਨੂੰ ਫੋਨ ਕੀਤਾ ਸੀ ਅਤੇ ਕਿਹਾ ਸੀ ਕਿ 'ਇਕ ਵਾਰੀ ਤੁਸੀਂ ਜੀ.ਐਸ.ਟੀ. ਵੇਖ ਲਵੋ। ਕਾਰੋਬਾਰਾਂ ਲਈ ਸਹੂਲਤਜਨਕ ਬਣਾਓ ਅਤੇ ਦਰਾਂ ਉਤੇ ਏਨੇ ਸਾਰੇ ਭੰਬਲਭੂਸੇ ਕਿਉਂ ਹਨ ?'ਇਸ ਤੋਂ ਤੁਰਤ ਬਾਅਦ ਬਜਟ 'ਚ ਇਨਕਮ ਟੈਕਸ ਰਾਹਤ ਉਪਾਵਾਂ ਉਤੇ ਚਰਚਾ ਦੌਰਾਨ ਮੋਦੀ ਨੇ ਉਨ੍ਹਾਂ ਨੂੰ ਇਕ ਵਾਰ ਫਿਰ ਯਾਦ ਦਿਵਾਇਆ,"ਤੁਸੀਂ ਜੀ.ਐੱਸ.ਟੀ. ਦੇ ਉੱਪਰ ਕੰਮ ਕਰ ਰਹੇ ਹੋ ਨਾ ?"ਇੰਟਰਵਿਊ 'ਚ ਸੀਤਾਰਮਨ ਨੇ ਕਿਹਾ,"ਪ੍ਰਧਾਨ ਮੰਤਰੀ ਤੋਂ ਸੁਣਨ ਤੋਂ ਬਾਅਦ ਮੈਂ ਇਹ ਫੈਸਲਾ ਕੀਤਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਜੀ.ਐੱਸ.ਟੀ. 'ਚ ਹਰ ਚੀਜ਼ ਦੀ ਪੂਰੀ ਸਮੀਖਿਆ ਕਰੀਏ, ਨਾ ਸਿਰਫ ਦਰਾਂ, ਨਾ ਸਿਰਫ ਸਲੈਬਾਂ ਦੀ ਗਿਣਤੀ, ਬਲਕਿ ਇਸ ਨੂੰ ਇਸ ਨਜ਼ਰੀਏ ਤੋਂ ਵੀ ਦੇਖੀਏ ਕਿ ਕਾਰੋਬਾਰੀ, ਛੋਟਾ ਜਾਂ ਦਰਮਿਆਨਾ ਕਾਰੋਬਾਰ ਇਸ ਨੂੰ ਕਿਵੇਂ ਲਵੇਗਾ ?"

## ਸਰਕਾਰ ਰੁਪਏ ਉਤੇ 'ਚੰਗੀ ਤਰ੍ਹਾਂ ਨਜ਼ਰ' ਰੱਖ ਰਹੀ ਹੈ: ਸੀਤਾਰਮਨ

ਵੀ ਹੈ ਕਿਉਂਕਿ ਵਿਸ਼ਵ ਪੱਧਰ ਉਤੇ ਡਾਲਰ ਮਜ਼ਬੂਤ ਹੋਇਆ ਹੈ।" ਉਨ੍ਹਾਂ ਕਿਹਾ, "ਇਹ ਸਿਰਫ ਰੁਪਏ ਬਨਾਮ ਡਾਲਰ ਦਾ ਮਾਮਲਾ ਨਹੀਂ ਹੈ, ਇਹ ਡਾਲਰ ਦੇ ਮੁਕਾਬਲੇ ਕਈ ਹੋਰ ਮੁਦਰਾਵਾਂ ਦਾ ਮਾਮਲਾ ਹੈ। ਇਸ ਲਈ ਅਸੀਂ ਇਸ ਉਤੇ ਚੰਗੀ ਨਜ਼ਰ ਰੱਖ ਰਹੇ ਹਾਂ।" ਰੁਪਿਆ ਸ਼ੁਕਰਵਾਰ ਨੂੰ 88.38 ਦੇ ਹੇਠਲੇ ਪੱਧਰ ਨੂੰ ਛੂਹਣ ਤੋਂ ਬਾਅਦ ਡਾਲਰ ਦੇ ਮੁਕਾਬਲੇ 88.27 ਦੇ ਰੀਕਾਰਡ ਹੇਠਲੇ ਪੱਧਰ ਉਤੇ ਬੰਦ ਹੋਇਆ ਸੀ। ਇਹ ਗਿਰਾਵਟ ਅਮਰੀਕੀ ਟੈਰਿਫ ਨੂੰ ਲੈ ਕੇ ਚਿੰਤਾਵਾਂ ਦੇ ਵਿਚਕਾਰ ਆਈ ਹੈ, ਜਦਕਿ ਸਰਕਾਰੀ ਬੈਂਕਾਂ ਰਾਹੀਂ ਭਾਰਤੀ ਰਿਜ਼ਰਵ ਬੈਂਕ ਦੇ ਦਖਲ ਨਾਲ ਹੋਰ ਗਿਰਾਵਟ ਨੂੰ ਸੀਮਤ ਕਰਨ ਵਿਚ ਮਦਦ ਮਿਲੀ।

## ਮੀਂਹ ਤੋਂ ਰਾਹਤ ਦੀ ਅਜੇ ਕੋਈ ਸੰਭਾਵਨਾ ਨਹੀਂ

8.30 ਵਜੇ ਉੱਤਰੀ ਗੁਜਰਾਤ ਅਤੇ ਉਸ ਦੇ ਨਾਲ ਲੱਗਦੇ ਦੱਖਣ-ਪੱਛਮੀ ਰਾਜਸਥਾਨ 'ਤੇ ਕੇਂਦਰਿਤ ਹੋ ਗਿਆ ਹੈ। ਅਗਲੇ ਦੋ ਦਿਨਾਂ ਦੌਰਾਨ ਇਸ ਦੇ ਪੱਛਮ-ਦੱਖਣ-ਪੱਛਮ ਵੱਲ ਵਧਣ ਦੀ ਸੰਭਾਵਨਾ ਹੈ। ਅੱਜ ਦੱਖਣੀ ਗੁਜਰਾਤ ਖੇਤਰ ਵਿੱਚ ਕੁੱਝ ਥਾਵਾਂ 'ਤੇ ਭਾਰੀ ਮੀਂਹ ਪਿਆ ਅਤੇ ਇਸੇ ਤਰ੍ਹਾਂ 8 ਸਤੰਬਰ ਨੂੰ ਵੀ ਸੂਬੇ ਵਿੱਚ ਭਾਰੀ ਮੀਂਹ ਦੀ ਪੇਸ਼ੀਨਗੋਈ ਹੈ। ਅੱਜ ਜੰਮੂ ਡਿਵੀਜ਼ਨ, ਹਿਮਾਚਲ ਪ੍ਰਦੇਸ਼, ਪੰਜਾਬ, ਮੱਧ ਮਹਾਰਾਸ਼ਟਰ ਵਿੱਚ ਹਲਕੇ ਤੋਂ ਭਾਰੀ ਮੀਂਹ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ 7, 8, 12 ਅਤੇ 13 ਸਤੰਬਰ ਨੂੰ ਉੱਤਰਾਖੰਡ ਵਿੱਚ, 12 ਅਤੇ 13 ਸਤੰਬਰ ਨੂੰ ਪੱਛਮੀ ਉੱਤਰ ਪ੍ਰਦੇਸ਼, 11 ਤੋਂ 13 ਤੱਕ ਪੂਰਬੀ ਉੱਤਰ ਪ੍ਰਦੇਸ਼ ਵਿੱਚ ਕੁੱਝ ਥਾਵਾਂ 'ਤੇ ਭਾਰੀ ਮੀਂਹ ਪੈਣ ਦੀ ਸੰਭਾਵਨਾ ਜਤਾਈ ਹੈ। 8, 10 ਅਤੇ 14 ਸਤੰਬਰ ਨੂੰ ਉੱਤਰੀ ਕੁੱਝ ਹਿੱਸਿਆਂ ਵਿੱਚ ਭਾਰੀ ਮੀਂਹ ਅਤੇ 11 ਤੋਂ 12 ਸਤੰਬਰ ਨੂੰ ਬਹੁਤ ਭਾਰੀ ਮੀਂਹ ਦੀ ਸੰਭਾਵਨਾ ਹੈ। 8 ਅਤੇ 13 ਸਤੰਬਰ ਨੂੰ ਪੂਰਬੀ ਮੱਧ ਪ੍ਰਦੇਸ਼, 10 ਤੋਂ 13 ਤਰੀਕ ਤੱਕ ਛੱਤੀਸਗੜ੍ਹ, 7 ਤੋਂ 13 ਤਰੀਕ ਦੌਰਾਨ ਉੱਤਰੀ ਹਿਮਾਲਿਆ ਪੱਛਮੀ ਬੰਗਾਲ, 9 ਤੋਂ 11 ਸਤੰਬਰ ਦਰਮਿਆਨ ਬਿਹਾਰ ਵਿੱਚ ਕਈ ਥਾਈਂ ਹਲਕੇ ਤੋਂ ਦਰਮਿਆਨਾ ਮੀਂਹ ਪੈ ਸਕਦਾ ਹੈ। 10 ਅਤੇ 11 ਸਤੰਬਰ ਨੂੰ ਨਾਗਾਲੈਂਡ, ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਵਿੱਚ, 10 ਸਤੰਬਰ ਨੂੰ ਅਰੁਣਾਚਲ ਪ੍ਰਦੇਸ਼, ਅਸਾਮ ਤੋਂ ਮੇਘਾਲਿਆ, ਕਈ ਥਾਈਂ ਮੀਂਹ ਦੀ ਸੰਭਾਵਨਾ ਹੈ। 11 ਤੋਂ 13 ਸਤੰਬਰ ਨੂੰ ਅਸਾਮ ਤੋਂ ਮੇਘਾਲਿਆ, ਅਰੁਣਾਚਲ ਪ੍ਰਦੇਸ਼ ਅਤੇ 12 ਤੋਂ 13 ਸਤੰਬਰ ਨੂੰ ਨਾਗਾਲੈਂਡ, ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਸੰਭਾਵਨਾ ਹੈ।

## ਤਿਹਾੜ ਜੇਲ੍ਹ ਵਿੱਚ ਸਾਂਸਦ ਰਾਸ਼ਿਦ ਇੰਜੀਨੀਅਰ 'ਤੇ ਹਮਲਾ, ਹੋਏ ਜ਼ਖ਼ਮੀ

ਅਨੁਸਾਰ ਜੇਲ੍ਹ ਦੇ ਅੰਦਰ ਹਮਲਾ ਕੀਤਾ ਜਾ ਰਿਹਾ ਹੈ। ਪਹਿਲਾਂ ਵੀ ਜੇਲ੍ਹ ਦੇ ਅੰਦਰ ਬਹੁਤ ਸਾਰੇ ਕਸ਼ਮੀਰੀਆਂ ਤੇ ਹਮਲੇ ਹੋਏ ਸਨ। ਜੇਲ੍ਹ ਅਧਿਕਾਰੀਆਂ ਨੇ ਇਨ੍ਹਾਂ ਦਾਅਵਿਆਂ ਤੋਂ ਇਨਕਾਰ ਕੀਤਾ। ਮੀਡੀਆ ਰਿਪੋਰਟਾਂ ਅਨੁਸਾਰ, ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਰਸ਼ੀਦ ਤੇ ਹਮਲੇ ਤੋਂ ਪਹਿਲਾਂ, ਉਸ ਅਤੇ ਟਰਾਂਸਜੈਂਡਰ ਕੈਦੀ ਵਿਚਕਾਰ ਲੰਬੀ ਬਹਿਸ ਹੋਈ ਸੀ। ਵੱਖਵਾਦੀ ਨੇਤਾ ਰਸ਼ੀਦ 2019 ਤੋਂ UAPA- ਮਾਮਲੇ ਵਿੱਚ ਦਿੱਲੀ ਦੀ ਤਿਹਾੜ ਜੇਲ੍ਹ ਦੇ ਬੈਰਕ ਨੰਬਰ 3 ਵਿੱਚ ਬੰਦ ਹੈ। ਉਸ ਨੂੰ ਸੰਸਦ ਦੇ ਪਿਛਲੇ ਮਾਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ।

## ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ 'ਤੇ ਬਹਾਲ ਨਹੀਂ ਹੋ ਸਕੀ ਆਵਾਜਾਈ

ਕਠੂਆ ਜ਼ਿਲ੍ਹੇ ਵਿੱਚ ਬਸੋਹਲੀ-ਬਾਨੀ ਸੜਕ 'ਤੇ ਨੁਕਸਾਨੇ ਹਿੱਸੇ ਨੂੰ ਬਾਈਪਾਸ ਕਰਦਿਆਂ ਆਵਾਜਾਈ ਬਹਾਲ ਕੀਤੀ। ਇੱਕ ਟਰੈਫਿਕ ਵਿਭਾਗ ਦੇ ਅਧਿਕਾਰੀ ਨੇ ਲੋਕਾਂ ਨੂੰ ਸਲਾਹ ਦਿੱਤੀ ਕਿ ਜਦੋਂ ਤੱਕ ਸੜਕ 'ਤੇ ਆਵਾਜਾਈ ਦੀ ਮੁਕੰਮਲ ਬਹਾਲੀ ਨਹੀਂ ਹੋ ਜਾਂਦੀ, ਉਦੋਂ ਤੱਕ ਧਮਣੀ ਸੜਕ 'ਤੇ ਸਫ਼ਰ ਨਾ ਕਰਨ। ਉਨ੍ਹਾਂ ਕਿਹਾ,"ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ ਅਜੇ ਵੀ ਵਾਹਨਾਂ ਦੀ ਆਵਾਜਾਈ ਲਈ ਬੰਦ ਹੈ।" ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਦੇ ਰਾਮਬਨ ਸੈਕਟਰ ਦੇ ਪ੍ਰਾਜੈਕਟ ਮੈਨੇਜਰ ਸ਼ੁਭਮ ਨੇ ਕਿਹਾ ਕਿ ਭਾਰੀ ਮੀਂਹ ਨੇ ਅੱਜ ਸਵੇਰੇ ਊਧਮਪੁਰ ਜ਼ਿਲ੍ਹੇ ਦੇ ਥਾਰਡ ਵਿੱਚ 250 ਮੀਟਰ ਦੇ ਹਿੱਸੇ ਤੋਂ ਮਲਬਾ ਹਟਾਉਣ ਦੀਆਂ ਕੋਸ਼ਿਸ਼ਾਂ ਵਿੱਚ ਮੁੜ ਵਿਘਨ ਪਾਇਆ, ਜੋ ਕਿ ਇੱਕ ਪਹਾੜੀ ਹੇਠ ਦੱਬਿਆ ਹੋਇਆ ਹੈ। ਉਨ੍ਹਾਂ ਕਿਹਾ,"ਹਾਈਵੇਅ 'ਤੇ ਜਲਦੀ ਆਵਾਜਾਈ ਬਹਾਲੀ ਨੂੰ ਯਕੀਨੀ ਬਣਾਉਣ ਲਈ ਵੱਡੇ ਪੱਥਰਾਂ ਨੂੰ ਤੋੜਨ ਲਈ ਧਮਾਕਾਖੇਜ਼ ਸਮੱਗਰੀ ਦੀ ਵਰਤੋਂ ਕੀਤੀ ਗਈ। ਮੀਂਹ ਦੇ ਬਾਵਜੂਦ ਕਾਮੇ ਮਲਬਾ ਹਟਾਉਣ ਲੱਗੇ ਹੋਏ ਹਨ ਪਰ ਕੰਮ ਮੱਠੀ ਰਫ਼ਤਾਰ ਨਾਲ ਚੱਲ ਰਿਹਾ ਹੈ।" ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲੇ ਹਾਈਵੇਅ 'ਤੇ ਆਵਾਜਾਈ 2 ਸਤੰਬਰ ਨੂੰ ਮੁਅੱਤਲ ਕਰ ਦਿੱਤੀ ਗਈ ਸੀ। ਢਿੱਗਾਂ ਡਿੱਗਣ ਤੋਂ ਦੋ ਦਿਨ ਬਾਅਦ ਅੰਸ਼ਿਕ ਤੌਰ 'ਤੇ ਆਵਾਜਾਈ ਬਹਾਲ ਹੋਈ ਸੀ। ਹਾਲਾਂਕਿ ਦੋ ਹਫ਼ਤਿਆਂ ਤੋਂ ਵਾਹਨ ਉੱਥੇ ਫਸੇ ਹੋਏ ਹਨ। ਅਧਿਕਾਰੀ ਨੇ ਦੱਸਿਆ ਕਿ ਵਿੱਚ ਚਹੁੰ-ਮਾਰਗੀ ਹਾਈਵੇਅ ਦਾ ਵੱਡਾ ਹਿੱਸਾ ਪਹਾੜੀ ਥੱਲੇ ਪੂਰੀ ਦੱਬਿਆ ਹੋਇਆ ਹੈ ਅਤੇ ਬਾਕੀ ਹਾਈਵੇਅ ਨੂੰ ਦੋ-ਪਾਸੜ ਆਵਾਜਾਈ ਲਈ ਸਾਫ਼ ਕਰ ਦਿੱਤਾ ਗਿਆ ਹੈ। ਹਾਈਵੇਅ ਦੇ ਲੰਬੇ ਸਮੇਂ ਤੱਕ ਬੰਦ ਰਹਿਣ ਕਾਰਨ ਸੜਕ ਦੇ ਦੋਵੇਂ ਪਾਸੇ ਬਾਗ਼ਬਾਨੀ ਉਤਪਾਦ ਅਤੇ ਜ਼ਰੂਰੀ ਵਸਤੂਆਂ ਲਿਜਾਣ ਵਾਲੇ ਟਰੱਕ ਫਸ ਗਏ ਸਨ। ਮੌਸਮ ਵਿਭਾਗ ਦੇ ਬੁਲਾਰੇ ਨੇ 7 ਅਤੇ 8 ਸਤੰਬਰ ਨੂੰ ਦੇਰ ਰਾਤ ਜਾਂ ਸਵੇਰੇ ਜੰਮੂ ਕਸ਼ਮੀਰ 'ਚ ਕਈ ਥਾਈਂ ਹਲਕੇ ਮੀਂਹ ਜਾਂ ਗਰਜ ਨਾਲ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ, ਨਾਲ ਹੀ ਜੰਮੂ ਡਿਵੀਜ਼ਨ ਦੇ ਕੁਝ ਜ਼ਿਲ੍ਹਿਆਂ ਵਿੱਚ ਦਰਮਿਆਨਾ ਮੀਂਹ ਜਾਂ ਗਰਜ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਅਧਿਕਾਰੀਆਂ ਨੇ ਕਿਹਾ ਕਿ ਰਿਆਸੀ ਜ਼ਿਲ੍ਹੇ ਵਿੱਚ ਤ੍ਰਿਕੁਟਾ ਪਹਾੜੀਆਂ ਦੇ ਉੱਪਰ ਮਾਤਾ ਵੈਸ਼ਨੋ ਦੇਵੀ ਤੀਰਥ ਸਥਾਨ ਦੀ ਯਾਤਰਾ ਮੁਅੱਤਲ ਕਰ ਦਿੱਤੀ ਗਈ ਸੀ। 26 ਅਗਸਤ ਨੂੰ ਅਧਕੁਵਾਰੀ ਵਿੱਚ ਪੁਰਾਣੇ ਰਾਹ 'ਤੇ ਭਾਰੀ ਮੀਂਹ ਕਾਰਨ ਹੋਏ ਜ਼ਮੀਨ ਖਿਸਕਣ ਤੋਂ ਕੁਝ ਘੰਟੇ ਪਹਿਲਾਂ ਯਾਤਰਾ ਮੁਅੱਤਲ ਕਰ ਦਿੱਤੀ ਗਈ ਸੀ, ਜਿਸ ਵਿੱਚ 34 ਜਣਿਆਂ ਦੀ ਮੌਤ ਹੋ ਗਈ ਸੀ ਅਤੇ 20 ਹੋਰ ਜ਼ਖ਼ਮੀ ਹੋ ਗਏ ਸਨ। ਇਸ ਦੌਰਾਨ ਬਿਆਨ ਵਿੱਚ ਕਠੂਆ ਜ਼ਿਲ੍ਹੇ ਵਿੱਚ ਬਸੋਹਲੀ-ਬਾਨੀ ਸੜਕ 'ਤੇ ਆਵਾਜਾਈ ਬਹਾਲ ਕਰ ਦਿੱਤੀ ਹੈ, ਜਿਸ ਨਾਲ ਕਈ ਲੋਕਾਂ ਨੂੰ ਰਾਹਤ ਮਿਲੀ ਹੈ। ਪੀ.ਆਰ.ਓ. ਡਿਫੈਂਸ ਜੰਮੂ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ,"ਬਸੋਹਲੀ ਤੋਂ ਬਾਨੀ ਤੱਕ ਸੜਕ ਦਾ ਇੱਕ ਹਿੱਸਾ ਲਗਾਤਾਰ ਮੀਂਹ ਕਾਰਨ ਵਹਿ ਗਿਆ ਸੀ, ਜਿਸ ਕਾਰਨ ਬਸੋਹਲੀ ਤੋਂ 47 ਕਿਲੋਮੀਟਰ ਦੂਰ ਟਿੱਕਰੀ ਮੋੜ ਤੇ ਸੜਕ ਵਿੱਚ ਇੱਕ ਵੱਡਾ ਪਾੜ ਪੈ ਗਿਆ ਸੀ। ਸੜਕ ਦੇ ਖਰਾਬ ਹੋਏ ਹਿੱਸੇ ਨੂੰ ਬਾਈਪਾਸ ਕਰਨ ਲਈ ਇੱਕ ਹਿੱਸੇ ਨੂੰ ਪੂਰੀ ਤਰ੍ਹਾਂ ਕੱਟਣਾ ਪਿਆ।" ਪੀ.ਆਰ.ਓ. ਡਿਫੈਂਸ ਜੰਮੂ ਨੇ ਐਕਸ ਤੇ ਇੱਕ ਪੋਸਟ ਵਿੱਚ ਕਿਹਾ। ਉਨ੍ਹਾਂ ਕਿਹਾ ਕਿ ਲਿੰਕ ਸੜਕ ਨੂੰ ਬਹਾਲ ਕਰ ਦਿੱਤਾ ਗਿਆ ਸੀ, ਜਿਸ ਨਾਲ ਕਠੂਆ ਦੇ ਬਸੋਹਲੀ ਤੋਂ ਡੋਡਾ ਜ਼ਿਲ੍ਹੇ ਦੇ ਭਦਰਵਾਹ ਨਾਲ ਸੰਪਰਕ ਬਹਾਲ ਹੋ ਗਿਆ ਸੀ।

## ਵਿਧਾਇਕ ਰਮਨ ਅਰੋੜਾ ਨੂੰ ਅਦਾਲਤ ਨੇ 3 ਹੋਰ ਦਿਨਾਂ ਦੇ ਰਿਮਾਂਡ 'ਤੇ ਭੇਜਿਆ

'ਤੇ ਇਕ ਸ਼ਖਸ ਦੀ ਸ਼ਿਕਾਇਤ ਤਹਿਤ ਰਮਨ ਅਰੋੜਾ ਨੂੰ ਜਲੰਧਰ ਪੁਲਿਸ ਨੇ ਨਵੇਂ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ। ਉਨ੍ਹਾਂ 'ਤੇ ਲਾਟਰੀ ਚਲਾਉਣ ਲਈ ਪੈਸਿਆਂ ਦੇ ਲੈਣ ਦੇਣ ਦੇ ਇਲਜ਼ਾਮ ਲੱਗੇ ਹਨ। ਹਾਲਾਂਕਿ ਇਸ ਮਾਮਲੇ ਵਿਚ ਅਜੇ ਤੱਕ ਕੋਈ ਰਿਕਵਰੀ ਤਾਂ ਨਹੀਂ ਹੋਈ ਹੈ ਪਰ ਇਸ ਕੇਸ ਵਿਚ ਵਿਧਾਇਕ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 10 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਹੈ।

## ਮਹਾਰਾਸ਼ਟਰ 'ਚ ਗਣੇਸ਼ ਮੂਰਤੀ ਵਿਸਰਜਨ ਦੌਰਾਨ ਚਾਰ ਲੋਕ ਡੁੱਬੇ, 13 ਲਾਪਤਾ

ਵਿਅਕਤੀ ਨੂੰ ਬਚਾਇਆ ਗਿਆ ਅਤੇ ਬਾਕੀ ਦੋ ਦੀ ਭਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਨਾਸਿਕ ਵਿੱਚ ਇਸੇ ਤਰ੍ਹਾਂ ਦੀ ਇੱਕ ਦੁਖਾਂਤ ਦਾ ਸ਼ਿਕਾਰ ਚਾਰ ਲੋਕ ਹੋਏ ਅਤੇ ਉਨ੍ਹਾਂ ਵਿੱਚੋਂ ਇੱਕ ਦੀ ਲਾਸ਼ ਸਿਨਾਰ ਵਿੱਚ ਬਰਾਮਦ ਕੀਤੀ ਗਈ। ਪੁਲਸ ਨੇ ਦੱਸਿਆ ਕਿ ਜਲਗਾਓਂ ਵਿੱਚ ਵੱਖ-ਵੱਖ ਘਟਨਾਵਾਂ ਵਿੱਚ ਤਿੰਨ ਲੋਕ ਰੁੜ੍ਹ ਗਏ ਅਤੇ ਉਨ੍ਹਾਂ ਦਾ ਪਤਾ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਠਾਣੇ ਜ਼ਿਲ੍ਹੇ ਵਿੱਚ ਮੂਰਤੀ ਵਿਸਰਜਨ ਦੌਰਾਨ ਤਿੰਨ ਲੋਕ ਵਹਿ ਗਏ ਸਨ ਅਤੇ ਹੁਣ ਤੱਕ ਇੱਕ ਲਾਸ਼ ਬਰਾਮਦ ਕੀਤੀ ਗਈ ਹੈ। ਇੱਕ ਹੋਰ ਘਟਨਾ ਵਿੱਚ ਪੁਲਸ ਦੇ ਅਨੁਸਾਰ, ਅਮਰਾਵਤੀ ਵਿੱਚ ਵਿਸਰਜਨ ਦੌਰਾਨ ਇੱਕ ਵਿਅਕਤੀ ਦੇ ਡੁੱਬਣ ਦਾ ਖਦਸ਼ਾ ਹੈ। ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਲਗਾਤਾਰ ਹੋ ਰਹੀ ਬਾਰਸ਼ ਕਾਰਨ ਨਦੀਆਂ, ਝੀਲਾਂ ਅਤੇ ਹੋਰ ਜਲ ਸਰੋਤ ਓਵਰਫਲੋ ਹੋ ਗਏ ਹਨ, ਜਿਸ ਕਾਰਨ ਰਾਜ ਆਫ਼ਤ ਪ੍ਰਤੀਕਿਰਿਆ ਬਲ ਅਤੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਨੂੰ ਤਾਇਨਾਤ ਕੀਤਾ ਗਿਆ ਹੈ।

## ਹੜ੍ਹ ਦੇ ਪਾਣੀ 'ਚ ਡੁੱਬਣ ਕਾਰਨ ਸਕੇ ਭੈਣ-ਭਰਾ ਦੀ ਮੌਤ

ਸੀ। ਆਸ ਪਾਸ ਦੇ ਲੋਕ ਮੌਕੇ 'ਤੇ ਇਕੱਠੇ ਹੋਏ ਅਤੇ ਇਲਾਕਾ ਨਿਵਾਸੀਆਂ ਨੇ ਉਹਨਾਂ ਨੂੰ ਜਦੋਂ ਬਾਹਰ ਕੱਢਿਆ ਤਾਂ ਦੋਨਾਂ ਦੀ ਮੌਤ ਹੋ ਚੁੱਕੀ ਸੀ। ਸੂਚਨਾ ਮਿਲਦਿਆਂ ਹੀ ਮੌਕੇ 'ਤੇ ਫਗਵਾੜਾ ਤੋਂ ਕਾਂਗਰਸ ਪਾਰਟੀ ਦੇ ਮੌਜੂਦਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੀ ਪਹੁੰਚੇ। ਉਹਨਾਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਇਸ ਘਟਨਾ ਨੂੰ ਮੰਦਭਾਗਾ ਆਖਿਆ। ਆਸ ਪਾਸ ਦੇ ਲੋਕਾਂ ਵੱਲੋਂ ਦੋਵਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਮੌਕੇ 'ਤੇ ਪਹੁੰਚੀ ਥਾਣਾ ਰਾਵਲਪਿੰਡੀ ਦੀ ਪੁਲਿਸ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਿਗਿਆਨੀਆਂ ਨੇ ਕੀਤੀ ਰਹੱਸਮਈ ਗਲੈਕਸੀ ...

ਕੇ ਕੰਮ ਕਰ ਰਹੇ ਹਨ। ਹਬਲ ਤੋਂ ਇਲਾਵਾ, ਯੂਰਪੀਅਨ ਸਪੇਸ ਏਜੰਸੀ (ਈ.ਐਸ.ਏ.) ਦੇ ਐਕਸ.ਐਮ.ਐਮ.-ਨਿਊਟਨ ਸੈਟੇਲਾਈਟ ਨੇ ਵੀ ਇਸ ਗਲੈਕਸੀ ਦਾ ਨਿਰੀਖਣ ਕੀਤਾ ਹੈ। ਇਸ ਨੇ ਬਹੁਤ ਸਾਰੇ ਬਹੁਤ ਚਮਕਦਾਰ ਐਕਸ-ਰੇ ਸਰੋਤ (ਯੂ.ਐਲ.ਐਕਸ) ਲੱਭੇ ਹਨ। ਇਹ ਛੋਟੀਆਂ ਪਰ ਬਹੁਤ ਸ਼ਕਤੀਸ਼ਾਲੀ ਵਸਤੂਆਂ ਹਨ, ਜੋ ਆਪਣੀ ਸਮਰੱਥਾ ਤੋਂ ਵੱਧ ਐਕਸ-ਰੇ ਛੱਡਦੀਆਂ ਹਨ। ਵਿਗਿਆਨੀ ਅਜੇ ਵੀ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਦੀ ਸ਼ਕਤੀ ਦੇ ਪਿੱਛੇ ਕੀ ਰਾਜ਼ ਹੈ। ਇਸ ਦੇ ਨਾਲ ਹੀ, ਗਲੈਕਸੀ ਦੇ ਕੇਂਦਰ ਵਿੱਚ ਵਿਸ਼ਾਲ ਬਲੈਕ ਹੋਲ ਦੇ ਆਲੇ ਦੁਆਲੇ ਦਾ ਖੇਤਰ ਵੀ ਅਸਧਾਰਨ ਤੌਰ ਤੇ ਚਮਕਦਾਰ ਅਤੇ ਕਿਰਿਆਸ਼ੀਲ ਹੈ। ਭਾਵੇਂ ਤੁਸੀਂ ਐਨ.ਜੀ.ਸੀ.7456 ਨੂੰ ਦ੍ਰਿਸ਼ਮਾਨ ਰੌਸ਼ਨੀ ਵਿੱਚ ਦੇਖੋ ਜਾਂ ਐਕਸ-ਰੇ ਵਿੱਚ, ਇਹ ਗਲੈਕਸੀ ਹਰ ਕੋਣ ਤੋਂ ਸ਼ਾਨਦਾਰ ਦਿਖਾਈ ਦਿੰਦੀ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਗਲੈਕਸੀ ਆਉਣ ਵਾਲੇ ਸਾਲਾਂ ਤੱਕ ਆਪਣੀਆਂ ਰਹੱਸਮਈ ਵਿਸ਼ੇਸ਼ਤਾਵਾਂ ਦੇ ਨਾਲ ਖੋਜਕਰਤਾਵਾਂ ਨੂੰ ਆਕਰਸ਼ਿਤ ਕਰਦੀ ਰਹੇਗੀ।

## ਗਰੀਬੀ ਨਾਲ ਜੂਝਦੇ ਪਰਿਵਾਰ ਨੇ 50 ਹਜ਼ਾਰ ...

ਤੌਰ 'ਤੇ ਆਪਣੇ ਪੁੱਤ ਨੂੰ 50,000 ਰੁਪਏ ਵਿੱਚ ਵੇਚ ਦਿੱਤਾ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਇਹ ਮਾਮਲਾ ਸਾਹਮਣੇ ਆਇਆ, ਪਲਾਮੂ ਜ਼ਿਲ੍ਹਾ ਪ੍ਰਸ਼ਾਸਨ ਨੇ ਮਾਮਲੇ ਵਿੱਚ ਦਖ਼ਲ ਦਿੱਤਾ ਅਤੇ ਲੋਟਵਾ ਪਿੰਡ ਵਿੱਚ ਪਰਿਵਾਰ ਨੂੰ 20 ਕਿਲੋ ਅਨਾਜ ਮੁਹੱਈਆ ਕਰਵਾਇਆ, ਜਦੋਂ ਕਿ ਉਨ੍ਹਾਂ ਨੂੰ ਵੱਖ-ਵੱਖ ਭਲਾਈ ਯੋਜਨਾਵਾਂ ਅਧੀਨ ਦਰਜ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਰਾਮਚੰਦਰ ਰਾਮ ਨੇ ਦੱਸਿਆ ਕਿ ਉਸ ਦੀ ਪਤਨੀ ਜਣੇਪੇ ਤੋਂ ਬਾਅਦ ਲਗਾਤਾਰ ਬਿਮਾਰ ਸੀ ਅਤੇ ਉਸ ਕੋਲ ਇਲਾਜ ਲਈ ਪੈਸੇ ਨਹੀਂ ਸਨ, ਇਸ ਲਈ ਪਤਨੀ ਨੂੰ ਦਵਾਈ ਦਿਵਾਉਣ ਲਈ ਉਸ ਨੇ ਆਪਣੇ ਪੁੱਤਰ ਨੂੰ ਗੁਆਂਢੀ ਪਿੰਡ ਦੇ ਇੱਕ ਦਲਾਲ ਜੋੜੇ ਨੂੰ ਵੇਚ ਦਿੱਤਾ। ਦਿਹਾੜੀ ਕਰਕੇ ਗੁਜ਼ਾਰਾ ਕਰਦੇ ਰਾਮ ਦਾ ਕੰਮ-ਕਾਜ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਠੱਪ ਪਿਆ ਸੀ। ਰਾਮ ਨੇ ਦੱਸਿਆ,"ਮੇਰੇ ਕੋਲ ਪਤਨੀ ਦੇ ਇਲਾਜ ਅਤੇ ਭੋਜਨ ਦਾ ਪ੍ਰਬੰਧ ਲਈ ਵੀ ਪੈਸੇ ਨਹੀਂ ਸਨ।" ਰਕਮ ਦੀ ਅਦਾਇਗੀ ਮਗਰੋਂ ਦਲਾਲ ਜੋੜਾ ਬੱਚੇ ਨੂੰ ਲਾਤੇਹਰ ਜ਼ਿਲ੍ਹੇ 'ਚ ਲੈ ਗਿਆ। ਰਾਮ ਨੇ ਦੱਸਿਆ,"ਅਸੀਂ ਬੇਘਰ ਹਾਂ ਅਤੇ ਆਪਣੇ ਚਾਰ ਹੋਰ ਬੱਚਿਆਂ ਨਾਲ ਖਸਤਾ ਹਾਲ ਸ਼ੈੱਡ ਥੱਲੇ ਰਾਤਾਂ ਲੰਘਾਉਂਦੇ ਹਾਂ।" ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਦੇ ਰਹਿਣ ਵਾਲਾ ਰਾਮ ਪਿਛਲੇ ਡੇਢ ਦਹਾਕੇ ਤੋਂ ਆਪਣੀ ਪਤਨੀ ਨਾਲ ਲੋਟਵਾ ਵਿੱਚ ਰਹਿ ਰਿਹਾ ਹੈ। ਸਰਕਾਰੀ ਸੂਤਰਾਂ ਅਨੁਸਾਰ ਉਹ ਮਜ਼ਦੂਰੀ ਕਰਦੇ ਹਨ ਅਤੇ ਜਦੋਂ ਕੰਮ ਨਹੀਂ ਮਿਲਦਾ ਤਾਂ ਉਹ ਪਿੰਡ ਵਿੱਚ ਭੀਖ ਵੀ ਮੰਗਦੇ ਹਨ। ਪਰਿਵਾਰ ਦਾ ਕੋਈ ਆਧਾਰ ਕਾਰਡ ਜਾਂ ਰਾਸ਼ਨ ਕਾਰਡ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਸਰਕਾਰੀ ਸਹੂਲਤ ਦਾ ਲਾਭ ਮਿਲ ਰਿਹਾ ਹੈ। ਪਿੰਕੀ ਦੇਵੀ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਉਨ੍ਹਾਂ ਨੂੰ ਝੁੱਗੀ ਬਣਾਉਣ ਲਈ ਥੋੜ੍ਹੀ ਜਿਹੀ ਜਗ੍ਹਾਂ ਦਿੱਤੀ ਸੀ ਅਤੇ ਹੁਣ ਲਗਾਤਾਰ ਮੀਂਹ ਕਾਰਨ ਝੁੱਗੀ ਵੀ ਤਬਾਹ ਹੋ ਗਈ ਹੈ। ਰਾਮ ਨੇ ਦੱਸਿਆ,"ਸਾਡੇ ਕੋਲ ਸ਼ੈੱਡ ਥੱਲੇ ਰਹਿਣ ਤੋਂ ਸਿਵਾਂ ਕੋਈ ਚਾਰਾ ਨਹੀਂ ਬਚਿਆ।" ਪਿੰਕੀ ਦੇਵੀ ਨੇ ਸ਼ੈੱਡ ਥੱਲੇ ਹੀ ਲੜਕੇ ਨੂੰ ਜਨਮ ਦਿੱਤਾ ਅਤੇ ਉਦੋਂ ਤੋਂ ਉਹ ਬਿਮਾਰ ਹੈ। ਲੇਸਲੀਗੰਜ ਪੁਲੀਸ ਥਾਣੇ ਦੇ ਇੰਚਾਰਜ ਉੱਤਮ ਕੁਮਾਰ ਰਾਏ ਨੇ ਦੱਸਿਆ ਕਿ ਬੱਚੇ ਦਾ ਪਤਾ ਲਗਾਉਣ ਲਈ ਇੱਕ ਪੁਲੀਸ ਟੀਮ ਲਾਤੇਹਰ ਭੇਜੀ ਗਈ ਸੀ, ਜਿਸ ਨੇ ਬੱਚੇ ਨੂੰ ਅੱਜ ਆਪਣੀ ਹਿਰਾਸਤ ਵਿੱਚ ਲੈ ਲਿਆ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਪਲਾਮੂ ਦੇ ਡਿਪਟੀ ਕਮਿਸ਼ਨਰ ਨੂੰ ਮਾਮਲੇ ਦੀ ਸਹੀ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਸਨ। ਪਲਾਮੂ ਦੇ ਡਿਪਟੀ ਡਿਵੈੱਲਪਮੈਂਟ ਕਮਿਸ਼ਨਰ ਜਾਵੇਦ ਹੁਸੈਨ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਮੀਡੀਆ ਰਿਪੋਰਟਾਂ ਤੋਂ ਮਾਮਲੇ ਬਾਰੇ ਪਤਾ ਲੱਗਿਆ ਅਤੇ ਬਾਅਦ ਵਿੱਚ ਬੱਚੇ ਨੂੰ ਉਸ ਦੇ ਮਾਪਿਆਂ ਨਾਲ ਮੁੜ ਮਿਲਾਉਣ ਲਈ ਕਦਮ ਚੁੱਕੇ ਗਏ ਹਨ।

## ਆਰ.ਟੀ.ਆਈ. 'ਚ ਖੁਲਾਸਾ : ਪੀ.ਜੀ.ਆਈ. ...

ਨੂੰ ਦੋਸ਼ੀ ਠਹਿਰਾਉਂਦੀ ਹੈ, ਜਿਸ ਨੂੰ ਪਹਿਲਾਂ ਮਰੀਜ਼ਾਂ ਨੂੰ ਧੋਖਾ ਦੇਣ ਦਾ ਦੋਸ਼ੀ ਪਾਇਆ ਗਿਆ ਸੀ ਪਰ 2015 ਵਿਚ ਕੋਈ ਨਤੀਜਾ ਨਹੀਂ ਨਿਕਲਿਆ ਸੀ। ਇਕ ਹਾਲੀਆ ਆਰ.ਟੀ.ਆਈ ਅਰਜ਼ੀ ਦੇ ਜਵਾਬ ਨੇ ਇਕ ਲੜੀ ਦਾ ਖ਼ੁਲਾਸਾ ਕੀਤਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਜੇ ਪੀ.ਜੀ.ਆਈ.ਐਮ.ਈ.ਆਰ. ਨੇ ਪਹਿਲਾਂ ਦੀ ਅੰਦਰੂਨੀ ਜਾਂਚ 'ਤੇ ਕਾਰਵਾਈ ਕੀਤੀ ਹੁੰਦੀ ਤਾਂ ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਇਕ ਬਹੁ-ਕਰੋੜੀ ਘੁਟਾਲੇ ਨੂੰ ਰੋਕਿਆ ਜਾ ਸਕਦਾ ਸੀ। ਜੇ.ਏ.ਸੀ. ਦੁਆਰਾ ਸਾਹਮਣੇ ਆਈ ਇਹ ਜਾਣਕਾਰੀ ਦੁਰਲਭ ਕੁਮਾਰ ਨੂੰ ਦੋਸ਼ੀ ਠਹਿਰਾਉਂਦੀ ਹੈ। ਕੁਮਾਰ ਹੁਣ ਇਕ ਵੱਡੇ ਧੋਖਾਧੜੀ ਆਪ੍ਰੇਸ਼ਨ ਵਿਚ ਇਕ ਕੇਂਦਰੀ ਮੁਲਜ਼ਮ ਹੈ ਜਿਸ ਨੇ ਦਵਾਈਆਂ ਅਤੇ ਸਪਲਾਈਆਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ਾਂ ਅਤੇ ਸਟੈਂਪਾਂ ਦੀ ਵਰਤੋਂ ਕੀਤੀ ਸੀ। ਇਸ ਘੁਟਾਲੇ, ਜੋ ਕਿ ਇਸ ਸਾਲ ਦੇ ਸ਼ੁਰੂ ਤੋਂ ਪੁਲਿਸ ਜਾਂਚ ਅਧੀਨ ਹੈ, ਵਿੱਚ ਫ਼ੰਡਾਂ ਦੀ ਧੋਖਾਧੜੀ ਨਾਲ ਕਢਵਾਉਣਾ ਅਤੇ ਜਾਅਲੀ ਮਰੀਜ਼ਾਂ ਦੇ ਰਿਕਾਰਡਾਂ ਦੀ ਵਰਤੋਂ ਸ਼ਾਮਲ ਸੀ, ਜਿਸ ਵਿਚ ਮ੍ਰਿਤਕ ਵਿਅਕਤੀਆਂ ਦੇ ਰਿਕਾਰਡ ਵੀ ਸ਼ਾਮਲ ਸਨ। ਧੋਖਾਧੜੀ ਦੇ ਸਬੰਧ ਵਿਚ ਇਕ ਡੇਟਾ ਐਂਟਰੀ ਆਪ੍ਰੇਟਰ ਸਮੇਤ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੀ.ਜੀ.ਆਈ.ਐਮ.ਈ.ਆਰ. ਪ੍ਰਸ਼ਾਸਨ ਨੇ ਉਦੋਂ ਤੋਂ ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪ ਦਿਤਾ ਹੈ, ਜੋ ਕਿ ਇਸ ਦੇ ਅਪਣੇ ਵਿਜੀਲੈਂਸ ਵਿਭਾਗ ਦੁਆਰਾ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਸਿਫਾਰਸ਼ ਕੀਤਾ ਗਿਆ ਕਦਮ ਹੈ। ਇਹ ਕਾਰਵਾਈ 18 ਮਾਰਚ ਨੂੰ ਜੇ.ਏ.ਸੀ. ਦੇ ਜਨਤਕ ਬਿਆਨ ਤੋਂ ਬਾਅਦ ਹੋਈ ਸੀ, ਜਿਸ ਵਿਚ ਪੀ.ਜੀ.ਆਈ. ਪੁਲਿਸ ਚੌਕੀ ਵਲੋਂ ਸ਼ੁਰੂਆਤੀ ਗ੍ਰਿਫ਼ਤਾਰੀਆਂ ਅਤੇ ਇਸ ਦੇ ਸਟਾਫ਼ ਦੀ ਸੰਭਾਵੀ ਮਿਲੀਭੁਗਤ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਸਨ। ਜੇ.ਏ.ਸੀ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਧੋਖਾਧੜੀ ਵਿਚ ਸ਼ੁਰੂ ਵਿਚ ਦੋਸ਼ੀ ਪਾਏ ਗਏ ਵਿਅਕਤੀਆਂ ਨੂੰ ਰਿਹਾਅ ਕਰ ਦਿਤਾ ਗਿਆ ਸੀ, ਇਕ ਦੋਸ਼ੀ ਜਿਸ ਦੀ ਕੈਂਪਸ ਵਿਚ ਫ਼ੋਟੋਸਟੈਟ ਦੀ ਦੁਕਾਨ ਸੀ, ਨੂੰ ਛੱਡ ਦਿਤਾ ਗਿਆ ਸੀ। ਜੇ.ਏ.ਸੀ.ਦੇ ਚੇਅਰਮੈਨ ਅਸ਼ਵਨੀ ਮੁੰਜਾਲ ਨੇ ਕਿਹਾ,ਜੇ ਪੀ.ਜੀ.ਆਈ. ਨੇ ਉਦੋਂ ਹੀ ਅਪਰਾਧ ਨੂੰ ਖ਼ਤਮ ਕਰਨ ਲਈ ਫ਼ੈਸਲਾਕੁੰਨ ਕਾਰਵਾਈ ਕੀਤੀ ਹੁੰਦੀ, ਤਾਂ ਮੌਜੂਦਾ ਬਹੁ-ਕਰੋੜੀ ਘੁਟਾਲਿਆਂ ਨੂੰ ਰੋਕਿਆ ਜਾ ਸਕਦਾ ਸੀ।

## ਹਿਮਾਚਲ ਹਾਈ ਕੋਰਟ ਵੱਲੋਂ 'ਚੀਫ਼ ਜਸਟਿਸ ...

ਮਿਲਦਾ ਹੈ ਜਿਸ ਵਿੱਚ ਜਸਟਿਸ ਸੂਰਿਆ ਕਾਂਤ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਵਜੋਂ, ਇਸ ਢਾਂਚੇ ਦੀ ਅਗਵਾਈ ਕਰ ਰਹੇ ਹਨ। ਸਮਰੱਥ ਅਧਿਕਾਰੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਧੀਨ, ਰਾਹਤ ਕਾਰਜਾਂ ਨੂੰ ਅੱਗੇ ਵਧਾਉਣਗੇ, ਲੋੜਵੰਦਾਂ ਤੱਕ ਪਹੁੰਚਣਗੇ ਤੇ ਸਭ ਤੋਂ ਵੱਧ ਮੁਸੀਬਤ ਵਿੱਚ ਫਸੇ ਲੋਕਾਂ ਦੀ ਪਛਾਣ ਕਰਨਗੇ। ਇਸ ਕਦਮ ਤਹਿਤ ਕਾਨੂੰਨੀ ਸੇਵਾਵਾਂ ਅਧਿਕਾਰੀਆਂ ਨਾਲ ਸਬੰਧਤ ਅਧਿਕਾਰੀਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਅਤੇ ਪਰਿਵਾਰਾਂ ਜਿਨ੍ਹਾਂ ਨੂੰ ਨਕਦੀ ਅਤੇ ਸਮੱਗਰੀ ਸਹਾਇਤਾ ਜਿਸ 'ਚ ਕੱਪੜੇ ਅਤੇ ਭਾਂਡੇ ਸ਼ਾਮਲ ਹਨ, ਦੀ ਲੋੜ ਹੈ, ਪਛਾਣ ਕਰਨ ਲਈ ਕਿਹਾ ਗਿਆ ਹੈ। ਚੀਫ਼ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਵੱਲੋਂ ਹਾਈ ਕੋਰਟ ਦੇ ਰਜਿਸਟਰਾਰ-ਜਨਰਲ ਵੱਲੋਂ ਜਾਰੀ ਕੀਤੇ ਗਏ ਸਰਕੂਲਰ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਦਿਲ ਖੋਲ੍ਹ ਕੇ ਦਾਨ ਦੇਣ ਦੀ ਅਪੀਲ ਕੀਤੀ ਹੈ ਜਿਸ ਨਾਲ ਹਜ਼ਾਰਾਂ ਪੀੜਤਾਂ ਨੂੰ ਰਾਹਤ ਮਿਲੇਗੀ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਗੋਲਡੀ ਬਰਾੜ ਦਾ ਸਾਥੀ ਪੰਜ ਪਿਸਤੌਲਾਂ ਸਮੇਤ ਕਾਬੂ

## ਗੋਲਡੀ ਬਰਾੜ ਦੇ ਨਿਰਦੇਸਾਂ 'ਤੇ ਮੁੱਖ ਸਹਿਯੋਗੀ ਕਿੱਟਾ ਭਾਨੀ ਰਾਹੀਂ ਖਰੀਦੇ ਸਨ ਹਥਿਆਰ : ਡੀਜੀਪੀ



ਚੰਡੀਗੜ੍ਹ, 7 ਸਤੰਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫਲਤਾ ਦਰਜ ਕਰਦਿਆਂ ਪੰਜਾਬ ਪੁਲਿਸ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐਫ.) ਪੰਜਾਬ ਨੇ ਵਿਦੇਸ ਅਧਾਰਤ ਗੈਂਗਸਟਰ ਗੋਲਡੀ ਬਰਾੜ ਦੇ ਇੱਕ ਸਾਥੀ ਨੂੰ ਪੰਜ .32 ਬੋਰ ਪਿਸਤੌਲਾਂ ਸਮੇਤ 10 ਜਿੰਦਾ ਕਾਰਤੂਸਾਂ ਨਾਲ ਗ੍ਰਿਫਤਾਰ ਕੀਤਾ ਹੈ । ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦਿੱਤੀ। ਗ੍ਰਿਫਤਾਰ ਕੀਤੇ ਗਏ ਮੁਲਜਮ ਦੀ ਪਛਾਣ ਬਲਜਿੰਦਰ ਸਿੰਘ ਉਰਫ ਰੈਂਚ ਵਜੋਂ ਹੋਈ ਹੈ, ਜੋ ਕਿ ਬਠਿੰਡਾ ਦੇ ਮਾਹੀ ਨੰਗਲ ਦਾ ਰਹਿਣ ਵਾਲਾ ਹੈ। ਮੁਲਜਮ, ਦਾ ਅਪਰਾਧਿਕ ਪਿਛੋਕੜ ਹੈ ਤੇ ਉਸ ਵਿਰੁੱਧ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਸਰਹੱਦੀ ਸੂਬੇ ਵਿੱਚ ਸਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਲਈ ਗੋਲਡੀ ਬਰਾੜ ਗੈਂਗ ਨੂੰ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਕਰਦਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਥਿਆਰ, ਗੋਲਡੀ ਬਰਾੜ ਦੇ ਨਿਰਦੇਸਾਂ 'ਤੇ, ਉਸਦੇ ਮੁੱਖ ਸਾਥੀ ਮਲਕੀਤ ਸਿੰਘ ਉਰਫ ਕਿੱਟਾ ਭਾਨੀ, ਜੋ ਇਸ ਸਮੇਂ ਕਪੂਰਥਲਾ ਜੇਲ੍ਹ ਵਿੱਚ ਬੰਦ ਹੈ, ਰਾਹੀਂ ਖਰੀਦੇ ਗਏ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਗੱਠਜੋੜ ਦਾ ਪਤਾ ਲਗਾਇਆ ਜਾ ਸਕੇ।

ਆਪ੍ਰੇਸਨ ਦੇ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਏਡੀਜੀਪੀ) ਏ.ਜੀ.ਟੀ.ਐਫ. ਪੰਜਾਬ ਪ੍ਰਮੋਦ ਬਾਨ ਨੇ ਕਿਹਾ ਕਿ ਡੀ.ਐਸ.ਪੀ. ਏ.ਜੀ.ਟੀ.ਐਫ. ਬਠਿੰਡਾ ਰੇਂਜ ਜਸਪਾਲ ਸਿੰਘ ਦੀ ਅਗਵਾਈ ਵਾਲੀ ਪੁਲਿਸ ਟੀਮਾਂ ਨੂੰ, ਗੋਲਡੀ ਬਰਾੜ ਗੈਂਗ ਵੱਲੋਂ ਸੂਬੇ ਵਿੱਚ ਸਨਸਨੀਖੇਜ ਅਪਰਾਧ ਦੀ ਸਾਜਿਸ ਰਚਣ ਬਾਰੇ ਪੁਖਤਾ ਇਤਲਾਹ ਮਿਲੀ ਸੀ। ਉਨ੍ਹਾਂ ਕਿਹਾ ਕਿ ਤੇਜੀ ਨਾਲ ਕਾਰਵਾਈ ਕਰਦੇ ਹੋਏ, ਏ.ਜੀ.ਟੀ.ਐਫ. ਪੰਜਾਬ ਦੀਆਂ ਟੀਮਾਂ ਨੇ ਸੱਕੀ ਬਲਜਿੰਦਰ ਰੈਂਚ ਨੂੰ ਮਲੋਟ, ਸ੍ਰੀ ਮੁਕਤਸਰ ਸਾਹਿਬ ਵਿੱਚ ਮਲੋਟ-ਮੁਕਤਸਰ ਸੜਕ, ਨਿਊ ਬਾਈਪਾਸ ਸਥਿਤ ਫਲਾਈਓਵਰ ਬ੍ਰਿਜ ਹੇਠੋਂ ਸਫਲਤਾਪੂਰਵਕ ਗ੍ਰਿਫਤਾਰ ਕਰ ਲਿਆ। ਇਸ ਸਬੰਧ ਵਿੱਚ, ਥਾਣਾ ਸਦਰ ਮਲੋਟ ਵਿਖੇ ਅਸਲਾ ਐਕਟ ਦੀ ਧਾਰਾ 25 ਤੇ 25(7)(8) ਦੇ ਤਹਿਤ ਐਫਆਈਆਰ ਨੰਬਰ 84, ਮਿਤੀ 07.09.2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

# ਹੜ੍ਹਾਂ ਦਾ ਟਾਕਰਾ ਕਰਨ ਲਈ ਪੰਜਾਬ ਸਰਕਾਰ ਤੇ ਲੋਕ ਹੋਏ ਇੱਕਜੁੱਟ

**- ਵੱਖ-ਵੱਖ ਜਿਲ੍ਹਿਆਂ ਵਿੱਚ ਦਰਿਆਵਾਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਵਿੱਚ ਨਿੱਜੀ ਤੌਰ 'ਤੇ ਜੁਟੇ ਕੈਬਨਿਟ ਮੰਤਰੀ**
**- ਕੋਈ ਵੀ ਹੜ੍ਹ ਪੀੜਤ ਰਾਹਤ ਸਮੱਗਰੀ ਤੋਂ ਵਾਂਝਾ ਨਾ ਰਹੇ : ਐਡ. ਚੀਮਾ**



ਚੰਡੀਗੜ੍ਹ, 7 ਸਤੰਬਰ (ਅੰਮ੍ਰਿਤਪਾਲ ਸਿੰਘ): ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਦੇ ਮੱਦੇਨਜਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚਲਾਏ ਜਾ ਰਹੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਕੈਬਨਿਟ ਮੰਤਰੀ ਅਤੇ ਸੂਬਾ ਵਾਸੀ ਇਕਜੁੱਟ ਹੋ ਕੇ ਰਾਹਤ ਕਾਰਜ ਚਲਾ ਰਹੇ ਹਨ। ਕੈਬਨਿਟ ਮੰਤਰੀਆਂ ਵੱਲੋਂ ਵੱਡੇ ਪੱਧਰ ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮਗਰੀ ਵੰਡੀ ਜਾ ਰਹੀ ਹੈ।ਇਸ ਤੋਂ ਇਲਾਵਾ ਵੱਖ-ਵੱਖ ਜਿਲ੍ਹਿਆਂ ਵਿੱਚ ਦਰਿਆਵਾਂ ਦੇ ਬੰਨ੍ਹਾਂ ਨੂੰ ਮਜਬੂਤ ਕਰਨ ਵਿੱਚ ਕੈਬਨਿਟ ਮੰਤਰੀ ਨਿੱਜੀ ਤੌਰ ਜੁਟੇ ਹੋਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਦਿੜ੍ਹਬਾ ਵਿਚ ਆਪਣੇ ਦਫਤਰ ਵਿਖੇ ਲੋੜਵੰਦ ਹੜ੍ਹ ਪੀੜਤ ਪਰਿਵਾਰਾਂ ਲਈ ਵੰਡੇ ਜਾ ਰਹੇ ਰੋਜਾਨਾ ਦੀਆਂ ਜਰੂਰਤਾਂ ਦੇ ਸਮਾਨ ਦੀ ਪੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੋਈ ਵੀ ਹੜ੍ਹ ਪੀੜਤ ਰਾਹਤ ਸਮੱਗਰੀ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਰਾਹਤ ਸਮਗਰੀ ਦਾ ਇਹ ਸਾਰਾ ਸਮਾਨ ਬਿਨਾਂ ਕਿਸੇ ਸਰਕਾਰੀ ਮਦਦ ਦੇ ਇਕੱਤਰ ਕੀਤਾ ਹੈ, ਜਿਸ ਨੂੰ ਤਿਆਰ ਕਰਨ ਵਿੱਚ ਹਲਕਾ ਦਿੜ੍ਹਬਾ ਦੇ ਵਲੰਟੀਅਰਾਂ ਵੱਲੋ ਆਪਣੇ ਦਸਾਂ ਨਹੁਾਂ ਦੀ ਕਿਰਤ ਕਮਾਈ ਵਿਚੋਂ ਹਿੱਸਾ ਪਾਇਆ ਗਿਆ ਹੈ । ਇਸਦੇ ਨਾਲ ਹੀ ਉਨ੍ਹਾਂ ਅੱਜ ਜਿਲ੍ਹੇ ਦੇ ਵੈਟਰਨਰੀ ਅਫਸਰਾਂ ਵੱਲੋਂ ਇਕੱਤਰ ਰਾਹਤ ਸਮੱਗਰੀ ਦਾ ਟਰੱਕ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਵਾਨਾ ਕੀਤਾ।

ਇਸੇ ਤਰ੍ਹਾਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਨੰਗਲ ਅਤੇ ਆਨੰਦਪੁਰ ਸਾਹਿਬ ਦੇ ਇਲਾਕੇ ਵਿੱਚ ਹੜ੍ਹਾਂ ਕਾਰਨ ਬਣੀ ਸਥਿਤੀ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਵੱਲੋ ਇਲਾਕੇ ਵਿੱਚ ਪੈਂਦੇ ਦਰਿਆਵਾਂ ਦੇ ਬੰਨ੍ਹਾਂ ਦੀ ਲਗਾਤਾਰ ਨਿੱਜੀ ਪੱਧਰ ਤੇ ਨਜਰਸਾਨੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨੰਗਲ ਡੈਮ ਦੇ ਕਿਨਾਰੇ ਸਥਿਤ ਲਕਸਮੀ ਨਾਰਾਇਣ ਮੰਦਰ ਨੂੰ ਲੱਗੀ ਢਾਅ ਨੂੰ ਭਰਨ ਲਈ ਚਲਾਏ ਜਾ ਰਹੇ ਬਚਾਅ ਕਾਰਜ ਦੀ ਤੀਸਰੇ ਦਿਨ ਵੀ ਕਮਾਂਡ ਸੰਭਾਲੀ ਹੋਈ ਹੈ।ਉਨ੍ਹਾਂ ਕਿਹਾ ਕਿ ਜਦੋਂ ਤੱਕ ਰਾਹਤ ਕਾਰਜ ਪੂਰੀ ਤਰ੍ਹਾਂ ਮੁਕੰਮਲ ਨਹੀਂ ਹੋ ਜਾਂਦੇ ਉਦੋਂ ਤੱਕ ਉਹ ਇਥੇ ਹੀ ਡੱਟੇ ਰਹਿਣਗੇ। ਕੈਬਨਿਟ ਮੰਤਰੀ ਪੰਜਾਬ ਸਰਦਾਰ ਹਰਭਜਨ ਸਿੰਘ ਈ.ਟੀ.ਓ ਨੇ ਅੱਜ ਹਲਕਾ ਜੰਡਿਆਲਾ ਗੁਰੂ ਸਥਿਤ ਆਪਣੇ ਦਫਤਰ ਤੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਜਿਸ ਵਿੱਚ ਦਵਾਈਆਂ,ਸੁੱਕਾ ਦੁੱਧ, ਆਟਾ ਪਸੂਆਂ ਲਈ ਚੋਕਰ, ਚਾਰਾ ਆਦਿ ਸਾਮਲ ਹੈ, ਨੂੰ ਤੇ ਮੈਡੀਕਲ ਟੀਮ ਨੂੰ ਹਲਕਾ ਅਜਨਾਲਾ ਲਈ ਰਵਾਨਾ ਕੀਤਾ। ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈ.ਟੀ.ਓ ਨੇ ਅਜਨਾਲਾ ਸੈਕਟਰ ਦੇ ਪਿੰਡ ਮਲਿਕਪੁਰ ਤੇ ਸਰਾਏ 'ਚ ਰਾਹਤ ਸਮੱਗਰੀ ਦੀ ਵੰਡ ਕੀਤੀ ਗਈ।ਇਸ ਤੋਂ ਇਲਾਵਾ ਉਨ੍ਹਾਂ ਨੇ ਅੱਜ ਛੱਤ ਡਿੱਗਣ ਕਾਰਨ ਫੱਟੜ ਹੋਈ ਰੋਮਾਣਾ ਚੱਕ ਪਿੰਡ ਦੀ ਸਿਮਰਜੀਤ ਕੌਰ ਦਾ ਹਸਪਤਾਲ ਵਿੱਚ ਜਾ ਕੇ ਹਾਲ-ਚਾਲ ਜਾਣਿਆ ਅਤੇ ਉਸਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ।

ਇਸੇ ਤਰ੍ਹਾਂ ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਪੰਜਾਬ ਦੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਐਤਵਾਰ ਨੂੰ ਜ਼ਿਲ੍ਹਾ ਫਾਜਿਲਕਾ ਦੇ ਸਰਹੱਦੀ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਉਹ ਕਿਸਤੀ ਰਾਹੀਂ ਗੁਲਾਬਾ ਭੈਣੀ ਪਿੰਡ ਤੱਕ ਰਾਹਤ ਸਮੱਗਰੀ ਲੈ ਕੇ ਪਹੁੰਚੇ ਅਤੇ ਇੱਥੇ ਖੁਦ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ। ਉਨ੍ਹਾਂ ਕਿਹਾ ਕਿ ਤਕਰੀਬਨ ਇੱਕ ਮਹੀਨੇ ਤੋਂ ਪੰਜਾਬ ਹੜ੍ਹਾਂ ਨਾਲ ਜੂਝ ਰਿਹਾ ਹੈ, ਪਰ ਬੜੀ ਮੰਦਭਾਗੀ ਗੱਲ ਹੈ ਕਿ ਕੇਂਦਰ ਸਰਕਾਰ ਹਾਲੇ ਤੱਕ ਵੀ ਰਿਪੋਰਟਾਂ ਦੀ ਉਡੀਕ ਵਿੱਚ ਲੱਗੀ ਹੋਈ ਹੈ। ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾਗਾਗਾ ਦੇ ਮਕਰੌੜ ਸਾਹਿਬ ਪੁਲ ਅਤੇ ਮੂਨਕ ਵਿਖੇ ਟੋਹਾਣਾ ਪੁਲ 'ਤੇ ਘੱਗਰ ਦਰਿਆ ਦੇ ਖੇਤਰ ਵਾਲੇ ਪਿੰਡਾਂ ਚਾਦੂੰ, ਕੁੰਦਨੀ, ਸੁਰਜਨਭੈਣੀ, ਰਾਮਪੁਰ ਗੁਜਰਾਂ, ਫੂਲਦ, ਰਾਜਰਹੇੜੀ, ਡੂਡੀਆਂ ਸਮੇਤ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਉਨ੍ਹਾਂ ਮੌਜੂਦਾ ਹਾਲਾਤ ਦੌਰਾਨ ਪਿੰਡਾਂ ਦੇ ਲੋਕਾਂ ਵੱਲੋਂ ਘੱਗਰ ਦਰਿਆ ਦੇ ਕੰਢਿਆਂ ਦੀ ਮਜਬੂਤੀ ਲਈ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਗੋਇਲ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਘੱਗਰ ਸਬੰਧੀ ਸੰਭਾਵੀ ਹੜ੍ਹਾਂ ਦੇ ਹਾਲਾਤ ਦੇ ਟਾਕਰੇ ਲਈ ਦਿਨ ਰਾਤ ਕੰਮ ਕੀਤਾ ਜਾ ਰਿਹਾ ਹੈ ਤੇ ਕਿਸੇ ਵੀ ਕਿਸਮ ਦੀ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਨੇ ਵਿਧਾਨ ਸਭਾ ਹਲਕਾ ਪੱਟੀ ਦੇ ਹੜ੍ਹ ਪ੍ਰਭਾਵ ਤੋਂ ਇਲਾਕਾ 'ਚ ਪਹੁੰਚ ਕੇ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਲੋੜੀਦੀ ਰਾਹਤ ਸਮੱਗਰ ਵੀ ਵੰਡੀ। ਇਸ ਦੌਰਾਨ ਗਿ. ਰਘਬੀਰ ਸਿੰਘ ਜੀ, ਹੈਡ ਗ੍ਰੰਥੀ ਦਰਬਾਰ ਸਾਹਿਬ ਵੀ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਹੜ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਲਈ ਪਹੁੰਚੇ। ਉਨ੍ਹਾਂ ਵੱਲੋਂ ਧੁੱਸੀ ਬੰਨ੍ਹ ਦੇ ਕਿਨਾਰੇ ਵਸੇ ਪਿੰਡਾਂ ਘੜੂੰਮ, ਕੁੱਤੀਵਾਲਾ, ਬਸਤੀ ਲਾਲ ਸਿੰਘ, ਘੁੱਲੇਵਾਲਾ, ਸਭਰਾਂ, ਰਾਧਲਕੇ ਆਦਿ ਵਿਖੇ ਪਹੁੰਚ ਕੇ ਲੋਕਾਂ ਨੂੰ ਲੋੜੀਂਦੀ ਰਾਹਤ ਸਮੱਗਰੀ ਪਹੁੰਚਾਈ ਤੇ ਅੱਗੇ ਵੀ ਹਰ ਤਰ੍ਹਾਂ ਦੀ ਮੱਦਦ ਪਹੁੰਚਾਉਣ ਦਾ ਭਰੋਸਾ ਦਿੱਤਾ। ਗੁਰਮੀਤ ਸਿੰਘ ਖੁੱਡੀਆਂ ਵੱਲੋਂ ਲੰਬੀ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਦੌਰਾ ਕੀਤਾ ਗਿਆ ਜਿਸ ਦੌਰਾਨ ਉਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮੱਦਦ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਲੰਬੀ ਹਲਕੇ ਦੇ ਪਿੰਡ ਮਿੱਡਾ, ਰਾਣੀਵਾਲਾ, ਸਰਾਵਾਂ ਅਤੇ ਪੱਕੀ ਟਿੱਬੀ ਵਿਖੇ ਦੌਰੇ ਕੀਤਾ। ਇਸੇ ਤਰ੍ਹਾਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵੱਖ-ਵੱਖ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਕਿੱਟਾਂ ਦੀ ਵੰਡ ਕੀਤੀ ਅਤੇ ਨਾਲ ਹੀ ਆਸਾ ਵਰਕਰਾਂ ਨੂੰ ਹੁਕਮ ਦਿੱਤੇ ਕਿ ਉਹ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿਸੇ ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ ਹੈਲਪਲਾਈਨ ਨੰਬਰ 104 ਤੇ ਡਾਇਲ ਕਰਨ।

# ਨੈਸ਼ਨਲ ਐਵਾਰਡੀ ਅਧਿਆਪਕਾਂ ਨੇ ਅਧਿਆਪਕ ਦਿਵਸ ਮੌਕੇ ਹੜ੍ਹ ਰਾਹਤ ਕਾਰਜਾਂ ਲਈ ਦਿੱਤੇ 1.25 ਲੱਖ ਰੁਪਏ



ਚੰਡੀਗੜ੍ਹ, 7 ਸਤੰਬਰ (ਚ.ਨ.ਸ.): ਪੰਜਾਬ ਲਈ ਇਸ ਔਖੀ ਘੜੀ ਵਿੱਚ ਇੱਕਜੁਟਤਾ ਦੀ ਮਿਸਾਲ ਪੇਸ਼ ਕਰਦਿਆਂ ਨੈਸ਼ਨਲ ਐਵਾਰਡੀ ਟੀਚਰਜ਼ ਐਸੋਸੀਏਸ਼ਨ (ਨਾਟਾ) ਪੰਜਾਬ ਨੇ ਰਾਜ ਸਰਕਾਰ ਦੇ ਹੜ੍ਹ ਰਾਹਤ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਅਧਿਆਪਕ ਦਿਵਸ ਮੌਕੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ 1.25 ਲੱਖ ਰੁਪਏ ਦਾ ਚੈੱਕ ਭੇਟ ਕੀਤਾ। ਨਾਟਾ ਦੇ ਪ੍ਰਧਾਨ ਡਾ. ਬਲਰਾਮ ਸ਼ਰਮਾ ਦੀ ਅਗਵਾਈ ਹੇਠਲੇ ਨੈਸ਼ਨਲ ਐਵਾਰਡੀ ਅਧਿਆਪਕਾਂ ਦੇ ਇੱਕ ਵਫਦ ਨੇ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਉਣ ਲਈ ਹਰਜੋਤ ਸਿੰਘ ਬੈਂਸ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਨੂੰ ਦਰਪੇਸ ਇਸ ਚੁਣੌਤੀਪੂਰਨ ਸਥਿਤੀ ਵਿੱਚ ਰਾਜ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਹਰਜੋਤ ਸਿੰਘ ਬੈਂਸ ਨੇ ਨੈਸਨਲ ਐਵਾਰਡੀ ਅਧਿਆਪਕਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਉਹ ਸਿੱਖਿਆ ਵਿਭਾਗ ਦਾ ਮਾਣ ਹਨ। ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਦੇਣ ਲਈ ਅਧਿਆਪਕਾਂ ਦੀ ਪਹਿਲਕਦਮੀ ਤੇ ਭਾਈਚਾਰਕ ਸਾਂਝ ਨੂੰ ਹੋਰ ਪਕੇਰਾ ਕਰਨ ਲਈ ਉਨ੍ਹਾਂ ਦੀ ਇਸ ਸੁਹਿਰਦ ਭਾਵਨਾ ਦੀ ਸ਼ਲਾਘਾ ਕੀਤੀ। ਡਾ. ਬਲਰਾਮ ਸ਼ਰਮਾ, ਅਮਰਜੀਤ ਸਿੰਘ ਚਾਹਲ ਅਤੇ ਨਾਟਾ ਦੇ ਹੋਰ ਮੈਂਬਰਾਂ ਨੇ ਸਿੱਖਿਆ ਮੰਤਰੀ ਨੂੰ ਭਰੋਸਾ ਦਿੱਤਾ ਕਿ ਨਾਟਾ ਪੰਜਾਬ, ਹੜ੍ਹਾਂ ਦੀ ਮਾਰ ਹੇਠ ਆਏ ਖੇਤਰਾਂ ਵਿੱਚ ਵਿਦਿਆਰਥੀਆਂ ਦੇ ਵਿਦਿਅਕ ਨੁਕਸਾਨ ਨੂੰ ਘਟਾਉਣ ਲਈ ਆਪਣਾ ਸਮਰਥਨ ਜਾਰੀ ਰੱਖੇਗੀ, ਜੋ ਕਿ ਮੁਸ਼ਕਿਲ ਘੜੀ ਵਿੱਚ ਉਨ੍ਹਾਂ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਅਤੇ ਸੁਹਿਰਦਤਾ ਨੂੰ ਦਰਸਾਉਂਦਾ ਹੈ। ਇਨ੍ਹਾਂ ਅਧਿਆਪਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਾਰਜ ਲਈ ਪ੍ਰੇਰਨਾ ਸਿੱਖਿਆ ਮੰਤਰੀ ਬੈਂਸ ਤੋਂ ਮਿਲੀ ਜੋ ਖੁਦ ਰੋਪੜ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਤੇ ਬਚਾਅ ਕਾਰਜਾਂ ਦੀ ਅਗਵਾਈ ਕਰ ਰਹੇ ਹਨ।

# ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਪਸ਼ੂਧਨ ਦੀ ਦੇਖਭਾਲ ਲਈ 481 ਵੈਟਰਨਰੀ ਟੀਮਾਂ ਤਾਇਨਾਤ, 22000 ਤੋਂ ਵੱਧ ਪਸ਼ੂਆਂ ਦਾ ਇਲਾਜ



ਚੰਡੀਗੜ੍ਹ, 7 ਸਤੰਬਰ (ਚ.ਨ.ਸ.): ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਆਏ ਭਿਆਨਕ ਹੜ੍ਹਾਂ ਦੇ ਮੱਦੇਨਜ਼ਰ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੀਆਂ 481 ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਧਨ ਦੀ ਦੇਖਭਾਲ ਅਤੇ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਯਤਨਸੀਲ ਹਨ। ਹਰੇਕ ਟੀਮ ਵਿੱਚ 4 ਮੈਂਬਰ ਹਨ, ਜਿਹਨਾਂ ਵਿੱਚ ਵੈਟਰਨਰੀ ਅਫ਼ਸਰ, ਵੈਟਰਨਰੀ ਇੰਸਪੈਕਟਰ/ਫਾਰਮਾਸਿਸਟ ਅਤੇ ਇੱਕ ਦਰਜਾ ਚਾਰ ਕਰਮਚਾਰੀ ਸ਼ਾਮਲ ਹਨ। ਹੜ੍ਹ ਦੇ ਮਾਰੂ ਪ੍ਰਭਾਵਾਂ ਨੂੰ ਉਜਾਗਰ ਕਰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜਪੁਰ, ਫਾਜ਼ਿਲਕਾ, ਕਪੂਰਥਲਾ, ਬਰਨਾਲਾ, ਬਠਿੰਡਾ, ਹੁਸ਼ਿਆਰਪੁਰ, ਤਰਨ ਤਾਰਨ, ਪਟਿਆਲਾ, ਜਲੰਧਰ, ਰੂਪਨਗਰ ਅਤੇ ਮੋਗਾ ਸਮੇਤ 14 ਜ਼ਿਲ੍ਹਿਆਂ ਵਿੱਚ 504 ਗੋਕਾ/ਮੱਝਾਂ, 73 ਭੇਡਾਂ ਅਤੇ ਬੱਕਰੀਆਂ ਅਤੇ 160 ਸੂਰ ਮਾਰੇ ਗਏ ਹਨ। ਇਸ ਤੋਂ ਇਲਾਵਾ ਪੋਲਟਰੀ ਸ਼ੈੱਡ ਢਹਿਣ ਕਾਰਨ ਗੁਰਦਾਸਪੁਰ, ਰੂਪਨਗਰ ਅਤੇ ਫਾਜ਼ਿਲਕਾ ਵਿੱਚ 18,304 ਪੋਲਟਰੀ ਬਰਡ ਮਰੇ ਹਨ।

ਉਨ੍ਹਾਂ ਦੱਸਿਆ ਕਿ ਹੜ੍ਹਾਂ ਨਾਲ ਲਗਭਗ 2.52 ਲੱਖ ਪਸੂਧਨ ਤੇ 5,88,685 ਪੋਲਟਰੀ ਬਰਡ ਪ੍ਰਭਾਵਿਤ ਹੋਏ ਹਨ। ਪਸੂ ਪਾਲਣ ਵਿਭਾਗ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਖੁੱਡੀਆਂ ਨੇ ਦੱਸਿਆ ਕਿ ਸੂਬੇ ਭਰ ਵਿੱਚ ਪ੍ਰਭਾਵਿਤ ਪਸੂਆਂ ਦੇ ਇਲਾਜ ਅਤੇ ਦਵਾਈਆਂ ਦਾ ਪ੍ਰਬੰਧ ਕਰਨ ਵਾਸਤੇ 481 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਹੁਣ ਤੱਕ 22,534 ਜਾਨਵਰਾਂ ਦਾ ਇਲਾਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਰਾਹਤ ਕਾਰਜਾਂ ਵਿੱਚ ਸੁਚੱਜੇ ਤਾਲਮੇਲ ਅਤੇ ਐਮਰਜੈਂਸੀ ਸਥਿਤੀ ਵਾਸਤੇ ਮੁੱਖ ਦਫ਼ਤਰ (ਸੰਪਰਕ ਨੰਬਰ 0172-5086064) ਅਤੇ ਜ਼ਿਲ੍ਹਾ ਪੱਧਰੀ ਦਫਤਰਾਂ ਵਿੱਚ 247 ਕਾਰਜਸ਼ੀਲ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ। ਉਨ੍ਹਾਂ ਨੇ ਜਨਤਾ ਨੂੰ ਰਾਹਤ ਕਾਰਜਾਂ ਵਿੱਚ ਸਹਿਯੋਗ ਕਰਨ ਤੇ ਸਮਰਪਿਤ ਕੰਟਰੋਲ ਰੂਮ ਵਿਖੇ ਪਸ਼ੂਆਂ ਸਬੰਧੀ ਸਮੱਸਿਆਵਾਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਵਿਭਾਗ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪਸ਼ੂਆਂ ਦੀ ਸਹਾਇਤਾ ਲਈ 12,170 ਕੁਇੰਟਲ ਤੋਂ ਵੱਧ ਫੀਡ ਅਤੇ 5090.35 ਕੁਇੰਟਲ ਹਰਾ ਚਾਰਾ, ਸੁੱਕਾ ਚਾਰਾ ਅਤੇ ਸਾਈਲੇਜ ਸਮੇਤ ਰਾਹਤ ਸਮੱਗਰੀ ਵੰਡੀ ਹੈ। ਪਸ਼ੂਆਂ ਦੇ ਇਮਿਊਨ ਸਿਸਟਮ ਨੂੰ ਵਧਾਉਣ ਲਈ ਉਨ੍ਹਾਂ ਨੂੰ ਯੂਰੋਮਿਨ ਲਿਕਸ ਵੀ ਸਪਲਾਈ ਕੀਤੇ ਜਾ ਰਹੇ ਹਨ। ਪ੍ਰਮੁੱਖ ਸਕੱਤਰ ਪਸ਼ੂ ਪਾਲਣ ਵਿਭਾਗ ਰਾਹੁਲ ਭੰਡਾਰੀ ਨੇ ਦੱਸਿਆ ਕਿ ਵਿਭਾਗ ਨੇ ਹੜ੍ਹਾਂ ਤੋਂ ਪ੍ਰਭਾਵਿਤ ਜਾਨਵਰਾਂ ਦੇ ਇਲਾਜ ਲਈ ਪਹਿਲਾਂ ਹੀ ਕੁੱਲ 31.50 ਲੱਖ ਰੁਪਏ ਜਾਰੀ ਕਰ ਦਿੱਤੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕੰਟਰੋਲਰੂਮ ਉੱਤੇ ਆਉਣ ਵਾਲੀਆਂ ਕਾਲਾਂ ਉੱਤੇ ਤੁਰੰਤ ਕਾਰਵਾਈ ਕਰਨ, ਪ੍ਰਭਾਵਿਤ ਜਾਨਵਰਾਂ ਨੂੰ ਸਮੇਂ ਸਿਰ ਡਾਕਟਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਪ੍ਰਭਾਵੀ ਰਾਹਤ ਕਾਰਜਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਸਮਾਜਿਕ ਸੰਗਠਨਾਂ ਨਾਲ ਤਾਲਮੇਲ ਕਰਨ ਦੇ ਵੀ ਨਿਰਦੇਸ਼ ਦਿੱਤੇ।

# ਗਰਭਵਤੀ ਗਾਂ ਦੇ ਢਿੱਡ 'ਚੋਂ ਨਿਕਲਿਆ 28 ਕਿੱਲੋ ਪਲਾਸਟਿਕ ਤੇ 41 ਕਿੱਲਾਂ



ਊਨਾ, 7 ਸਤੰਬਰ (ਚ.ਨ.ਸ.): ਹਿਮਾਚਲ ਪ੍ਰਦੇਸ਼ ਦੇ ਊਨਾ 'ਚ ਇੱਕ ਸਰਕਾਰੀ ਪਸ਼ੂ ਹਸਪਤਾਲ ਦੇ ਡਾਕਟਰਾਂ ਨੇ ਇੱਕ ਗਰਭਵਤੀ ਗਾਂ ਦੇ ਪੇਟ ਵਿੱਚੋਂ 28 ਕਿਲੋ ਪਲਾਸਟਿਕ ਅਤੇ 41 ਧਾਤ ਦੇ ਕਿੱਲ ਕੱਢਣ ਦਾ ਅਨੋਖਾ ਕੰਮ ਕੀਤਾ ਹੈ। ਗਾਂ ਦੀ ਇਹ ਗੁੰਝਲਦਾਰ ਸਰਜਰੀ ਸ਼ਨੀਵਾਰ ਨੂੰ ਜ਼ੋਨਲ ਪਸ਼ੂ ਹਸਪਤਾਲ, ਬਰਨੋਹ ਵਿਖੇ ਹਸਪਤਾਲ ਦੇ ਇੰਚਾਰਜ ਡਾ. ਨਿਸ਼ਾਂਤ ਰਣੌਤ ਦੀ ਅਗਵਾਈ ਵਿੱਚ ਡਾਕਟਰਾਂ ਦੀ ਇੱਕ ਟੀਮ ਦੁਆਰਾ ਕੀਤੀ ਗਈ। ਡਾ. ਰਣੌਤ ਨੇ ਕਿਹਾ ਕਿ ਸਰਜਰੀ ਤੋਂ ਬਾਅਦ, ਗਾਂ ਦੀ ਸਿਹਤ ਵਿੱਚ ਸੁਧਾਰ ਯਕੀਨੀ ਬਣਾਉਣ ਲਈ ਸੱਤ ਦਿਨਾਂ ਤੱਕ ਪਸ਼ੂਆਂ ਦੇ ਡਾਕਟਰਾਂ ਦੁਆਰਾ ਨਿਗਰਾਨੀ ਕੀਤੀ ਜਾਵੇਗੀ। ਗਰਭਵਤੀ ਗਾਂ ਨੂੰ ਕਲਰੂਹੀ ਦੇ ਨਿਵਾਸੀ ਵਿਪਿਨ ਕੁਮਾਰ ਅਤੇ ਹੋਰ ਸਥਾਨਕ ਲੋਕਾਂ ਦੁਆਰਾ ਹਸਪਤਾਲ ਲਿਆਂਦਾ ਗਿਆ ਸੀ। ਡਾ. ਰਣੌਤ ਨੇ ਕਿਹਾ, ਗਾਂ ਨੇ ਪਿਛਲੇ ਚਾਰ-ਪੰਜ ਦਿਨਾਂ ਤੋਂ ਖਾਣਾ-ਪੀਣਾ ਛੱਡ ਦਿੱਤਾ ਸੀ। ਸ਼ੁਰੂਆਤੀ ਜਾਂਚ ਵਿੱਚ ਡਾਕਟਰਾਂ ਨੂੰ ਸ਼ੱਕ ਸੀ ਕਿ ਗਾਂ ਦੇ ਪੇਟ ਵਿੱਚ ਕੁਝ ਗੈਰ-ਕੁਦਰਤੀ ਚੀਜ਼ਾਂ ਹਨ। ਕਈ ਤਰ੍ਹਾਂ ਦੇ ਟੈਸਟ ਕੀਤੇ ਗਏ ਅਤੇ ਸਰਜਰੀ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਗਾਂ ਦੇ ਪੇਟ ਵਿੱਚੋਂ 28 ਕਿਲੋ ਪਲਾਸਟਿਕ, ਕੱਪੜੇ, ਰੱਸੀਆਂ ਅਤੇ 41 ਕਿੱਲਾਂ ਸਮੇਤ ਵੱਖ-ਵੱਖ ਧਾਤ ਦੇ ਟੁਕੜੇ ਕੱਢੇ ਗਏ। ਡਾ. ਰਣੌਤ ਨੇ ਕਿਹਾ, ਖੇਤਰੀ ਪਸ਼ੂ ਹਸਪਤਾਲ ਵਿੱਚ ਹੁਣ ਤੱਕ ਵੱਡੇ ਡਾਇਆਫ੍ਰਾਮਮੈਟਿਕ ਹਰਨੀਆ ਵਰਗੀਆਂ 53 ਗੁੰਝਲਦਾਰ ਸਰਜਰੀਆਂ ਸਫਲਤਾਪੂਰਵਕ ਕੀਤੀਆਂ ਜਾ ਚੁੱਕੀਆਂ ਹਨ।

ਇੱਥੇ ਹਰ ਤਰ੍ਹਾਂ ਦੀਆਂ ਜਾਨਵਰਾਂ ਦੀ ਸਰਜਰੀ, ਖੂਨ ਦੀ ਜਾਂਚ ਅਤੇ ਅਲਟਰਾਸਾਊਂਡ ਵਰਗੀਆਂ ਆਧੁਨਿਕ ਸਹੂਲਤਾਂ ਉਪਲਬਧ ਹਨ, ਜਿਸ ਕਾਰਨ ਇਹ ਹਸਪਤਾਲ ਵੱਡੇ ਜਾਨਵਰਾਂ ਦੇ ਇਲਾਜ ਲਈ ਖੇਤਰ ਵਿੱਚ ਇੱਕ ਪ੍ਰਮੁੱਖ ਕੇਂਦਰ ਵਜੋਂ ਉਭਰਿਆ ਹੈ। ਪਸ਼ੂ ਪਾਲਣ ਵਿਭਾਗ, ਊਨਾ ਦੇ ਡਿਪਟੀ ਡਾਇਰੈਕਟਰ, ਡਾ. ਵੀਰੇਂਦਰ ਪਟਿਆਲ ਨੇ ਇਸ ਸਫਲ ਸਰਜਰੀ ਲਈ ਡਾਕਟਰਾਂ ਦੀ ਟੀਮ ਨੂੰ ਵਧਾਈ ਦਿੱਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਲਾਸਟਿਕ ਦਾ ਕੂੜਾ, ਧਾਤ ਦੇ ਨਹੁੰ ਅਤੇ ਹੋਰ ਸਮੱਗਰੀ ਖੁੱਲ੍ਹੇ ਥਾਵਾਂ ਤੇ ਨਾ ਸੁੱਟਣ।

# ਪ੍ਰਸਿੱਧ ਲੇਖਕ ਤੇ ਮੀਡੀਆ ਵਿਸ਼ਲੇਸ਼ਕ ਡਾ. ਕ੍ਰਿਸ਼ਨ ਕੁਮਾਰ ਰੱਤੂ ਨੂੰ ਭੰਵਰ ਸੁਰਾਣਾ ਪੱਤਰਕਾਰਤਾ ਸਨਮਾਨ

## ਹੁਣ ਹਿੰਦੀ 21ਵੀਂ ਸਦੀ 'ਚ ਭਾਰਤ ਦੀ ਨਵੀਂ ਪਛਾਣ : ਡਾ. ਰੱਤੂ



ਉਦੈਪੁਰ, 7 ਸਤੰਬਰ (ਚ.ਨ.ਸ.): ਦੇਸ਼ ਦੇ ਪ੍ਰਸਿੱਧ ਲੇਖਕ ਤੇ ਮੀਡੀਆ ਵਿਸ਼ਲੇਸ਼ਕ ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ ਨੂੰ ਰਾਸ਼ਟਰੀ ਭੰਵਰ ਸੁਰਾਣਾ ਪੱਤਰਕਾਰਤਾ ਸਮ੍ਰਿਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ । ਇਹ ਸਨਮਾਨ ਉਨ੍ਹਾਂ ਨੂੰ ਉਦੈਪੁਰ ਵਿੱਚ ਆਯੋਜਿਤ ਡਾ. ਭੰਵਰ ਸੁਰਾਣਾ ਸਮ੍ਰਿਤੀ ਸਮਾਰੋਹ ਵਿੱਚ ਪ੍ਰਦਾਨ ਕੀਤਾ ਗਿਆ।

ਆਪਣੇ ਮੁੱਖ ਭਾਸ਼ਣ ਦੌਰਾਨ ਡਾ. ਰੱਤੂ ਨੇ ਕਿਹਾ ਕਿ ਹਿੰਦੀ ਅੱਜ ਵਿਸ਼ਵ ਪੱਧਰ 'ਤੇ ਰੁਜ਼ਗਾਰ, ਵਪਾਰ ਅਤੇ ਪ੍ਰਸ਼ਾਸਨ ਦੀ ਭਾਸ਼ਾ ਵਜੋਂ ਉਭਰ ਰਹੀ ਹੈ। ਉਨ੍ਹਾਂ ਅਨੁਸਾਰ, 21ਵੀਂ ਸਦੀ ਦੇ ਤਕਨੀਕੀ ਯੁੱਗ ਵਿੱਚ ਹਿੰਦੀ ਵਿਸ਼ਵ ਚੇਤਨਾ ਅਤੇ ਸੱਭਿਆਚਾਰਕ ਸੰਵਾਦ ਦਾ ਇੱਕ ਮਜਬੂਤ ਮਾਧਿਅਮ ਬਣ ਚੁੱਕੀ ਹੈ।

ਡਾਕਟਰ ਰੱਤੂ ਨੇ ਇਸ ਆਪਣੇ ਮੁੱਖ ਭਾਸ਼ਣ ਵਿੱਚ ਹਿੰਦੀ ਦੀ ਵਿਸ਼ਵ ਵਿਆਪੀ ਭਾਸ਼ਾਈ ਮਜਬੂਤੀ ਅਤੇ ਪਹਿਚਾਣ ਨੂੰ ਰੇਖਾਕਤ ਕਰਦੇ ਹੋਏ ਇਹ ਕਿਹਾ ਕਿ ਹਿੰਦੀ ਅੱਜ ਪੂਰੀ ਦੁਨੀਆ ਦੀ ਇਕ ਅਜਿਹੀ ਭਾਸ਼ਾ ਹੈ ਜਿਸ ਨੇ ਭਾਰਤੀਅਤਾ ਅਤੇ ਭਾਰਤ ਦੇ 140 ਕਰੋੜ ਲੋਕਾਂ ਦੀ ਇਕ ਨਵੀਂ ਪਹਿਚਾਨ ਪੂਰੀ ਦੁਨੀਆਂ ਦੇ ਨਕਸ਼ੇ ਤੇ ਬਣਾਈ ਹੈ।

ਡਾ ਰੱਤੂ ਨੇ ਕਿਹਾ ਕਿ ਅੱਜ ਦੁਨੀਆਂ ਦੇ 165 ਦੇਸ਼ਾਂ ਦੇ ਵਿੱਚ ਹਿੰਦੀ ਪੜਾਈ ਜਾਂਦੀ ਹੈ ਅਤੇ ਵਿਸ਼ਵ ਦੇ ਸਾਰੇ ਦੇਸ਼ਾਂ ਵਿੱਚ 30 ਕਰੋੜ ਤੋਂ ਜਿਆਦਾ ਲੋਕ ਅੱਜ ਹਿੰਦੀ ਬੋਲਦੇ ਨੇ ਇਸ ਤਰ੍ਹਾਂ ਕੁੱਲ ਮਿਲਾ ਕੇ ਹਿੰਦੀ ਅੱਜ ਦੁਨੀਆ ਦੀ ਤੀਜੀ ਵੱਡੀ ਭਾਸ਼ਾ ਬਣਨ ਦੇ ਬੋਹਿਆਂ ਤੇ ਹੈ।

ਸਮਾਰੋਹ ਦਾ ਆਯੋਜਨ ਰਾਜਸਥਾਨ ਮੀਡੀਆ ਐਕਸ਼ਨ ਫੋਰਮ ਅਤੇ ਭੰਵਰ ਸੁਰਾਣਾ ਸਮ੍ਰਿਤੀ ਅਭਿਨੰਦਨ ਕਮੇਟੀ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦੀ ਅਧਿਆਕਸ਼ਤਾ ਅਨਿਲ ਸੈਕਸੇਨਾ 'ਲਲਕਾਰ' ਨੇ ਕੀਤੀ। ਇਸ ਦੌਰਾਨ ਡਾ. ਸ਼ਕੁੰਤਲਾ ਸਰੂਪਰੀਆ ਦੀਆਂ ਦੋ ਕਾਵਿ ਪੁਸਤਕਾਂ ਦਾ ਵਿਮੋਚਨ ਵੀ ਕੀਤਾ ਗਿਆ।

ਸਮਾਰੋਹ ਵਿੱਚ ਡਾ. ਕਮਲਾ ਸੈਣੀ (ਚੰਡੀਗੜ੍ਹ), ਅਰਵਿੰਦ ਮਿਸ਼੍ਰਾ, ਡਾ. ਪ੍ਰਮੋਦ ਰਾਮਾਵਤ, ਡਾ. ਵਿਮਲਾ ਭੰਡਾਰੀ, ਲਕਸ਼ਮਣ ਬੋਲੀਆ ਅਤੇ ਸ਼ਰਧਾ ਗੱਟਾਨੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਵਾਗਤ ਉਦਬੋਧਨ ਭਗਤ ਸਿੰਘ ਸੁਰਾਣਾ ਨੇ ਕੀਤਾ। ਆਯੋਜਕਾਂ ਅਨੁਸਾਰ ਕਿ ਇਸ ਤਰ੍ਹਾਂ ਦੇ ਸਮਾਰੋਹ ਹਿੰਦੀ ਦੀ ਵਿਸ਼ਵ ਪਛਾਣ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਸਾਬਤ ਹੋਣਗੇ।

# ਪੀ.ਜੀ. ਮੈਡੀਕਲ ਜਾਂਚ 'ਚ ਫੇਲ੍ਹ ਹੋਣ ਤੋਂ ਬਾਅਦ ਡਾਕਟਰ ਨੇ ਖ਼ੁਦ ਨੂੰ ਮਾਰੀ ਗੋਲ਼ੀ



ਮੁਜ਼ੱਫਰਪੁਰ, 7 ਸਤੰਬਰ (ਚ.ਨ.ਸ.): ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਚ ਇਕ ਡਾਕਟਰ ਨੇ ਪੋਸਟ ਗ੍ਰੈਜੂਏਟ (ਪੀ.ਜੀ.) ਮੈਡੀਕਲ ਜਾਂਚ ਵਿਚ ਫੇਲ੍ਹ ਹੋਣ ਤੋਂ ਬਾਅਦ ਆਪਣੇ ਘਰ ਵਿਚ ਖੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਪੁਲਸ ਮੁਤਾਬਕ ਇਹ ਘਟਨਾ ਕਾਜ਼ੀ ਮੁਹੰਮਦਪੁਰ ਥਾਣਾ ਖੇਤਰ ਦੇ ਅਧੀਨ ਜੈਤਪੁਰ ਸਟੇਟ ਕਾਲੋਨੀ ਵਿਚ ਵਾਪਰੀ। ਪੁਲਿਸ ਨੇ ਦੱਸਿਆ ਕਿ ਡਾਕਟਰ ਨੇ ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ। ਮੁਜ਼ੱਫਰਪੁਰ (ਸ਼ਹਿਰ) ਦੇ ਸਹਾਇਕ ਪੁਲਸ ਸੁਪਰਡੈਂਟ (ਏ.ਐੱਸ.ਪੀ.) ਸੁਰੇਸ਼ ਕੁਮਾਰ ਨੇ ਕਿਹਾ ਕਿ ਮ੍ਰਿਤਕ ਦੀ ਪਛਾਣ ਡਾ. ਆਸ਼ੂਤੋਸ਼ ਚੰਦਰਾ ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਨੁਸਾਰ, ਡਾ. ਚੰਦਰਾ ਹਾਲ ਹੀ ਵਿਚ ਐਲਾਨੇ ਗਏ ਪੋਸਟ ਗ੍ਰੈਜੂਏਟ ਪ੍ਰਵੇਸ਼ ਪ੍ਰੀਖਿਆ ਦੇ ਨਤੀਜਿਆਂ ਵਿਚ ਅਸਫਲਤਾ ਕਾਰਨ ਤਣਾਅ ਵਿਚ ਸੀ ਅਤੇ ਕੁਝ ਦਿਨ ਪਹਿਲਾਂ ਹੀ ਮੁਜ਼ੱਫਰਪੁਰ ਦੇ ਇਕ ਨਿੱਜੀ ਹਸਪਤਾਲ ਵਿਚ ਆਪਣੀ ਨੌਕਰੀ ਜੁਆਇਨ ਕੀਤੀ ਸੀ।

# ਜੇਲ੍ਹ 'ਚ ਲਾਇਬ੍ਰੇਰੀ ਕਲਰਕ ਵਜੋਂ ਸੇਵਾਵਾਂ ਨਿਭਾਉਣਗੇ ਸਾਬਕਾ ਸਾਂਸਦ ਪ੍ਰਜਵਲ ਰੇਵੰਨਾ



ਬੰਗਲੂਰੂ, 7 ਸਤੰਬਰ (ਚ.ਨ.ਸ.): ਜਬਰ-ਜਨਾਹ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਸਨ ਦੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਨੂੰ ਪਰੱਪਾਨਾ ਅਗਰਹਾਰਾ ਜੇਲ੍ਹ ਵਿੱਚ ਲਾਇਬਰੇਰੀ ਕਲਰਕ ਵਜੋਂ ਕੰਮ ਦਿੱਤਾ ਗਿਆ ਹੈ। ਜੇਲ੍ਹ ਅਧਿਕਾਰੀਆਂ ਮੁਤਾਬਕ ਉਸ ਦੀਆਂ ਜ਼ਿੰਮੇਵਾਰੀਆਂ ਵਿੱਚ ਸਾਥੀ ਕੈਦੀਆਂ ਨੂੰ ਕਿਤਾਬਾਂ ਜਾਰੀ ਕਰਨਾ ਅਤੇ ਉਧਾਰ ਲੈਣ ਦਾ ਰਿਕਾਰਡ ਰੱਖਣਾ ਸ਼ਾਮਲ ਹੈ। ਜੇਲ੍ਹ ਦੇ ਇੱਕ ਅਧਿਕਾਰੀ ਨੇ ਅੱਜ ਇੱਥੇ ਦੱਸਿਆ, "ਉਹ ਕੰਮ ਦੇ ਹਰੇਕ ਦਿਨ ਲਈ 522 ਰੁਪਏ ਦੇ ਹੱਕਦਾਰ ਹਨ, ਬਸ਼ਰਤੇ ਉਹ ਨਿਰਧਾਰਤ ਡਿਊਟੀਆਂ ਪੂਰੀਆਂ ਕਰਦੇ ਹੋਣ। ਜੇਲ੍ਹ ਨਿਯਮਾਂ ਮੁਤਾਬਕ ਉਮਰ ਕੈਦ ਕੱਟ ਰਹੇ ਕੈਦੀਆਂ ਨੂੰ ਕਿਸੇ ਨਾ ਕਿਸੇ ਕਿਸਮ ਦੀ ਮਿਹਨਤ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਦੇ ਹੁਨਰ ਅਤੇ ਇੱਛਾ ਦੇ ਆਧਾਰ 'ਤੇ ਕੰਮ ਦਿੱਤੇ ਜਾਂਦੇ ਹਨ।" ਸੂਤਰਾਂ ਨੇ ਦੱਸਿਆ ਕਿ ਰੇਵੰਨਾ ਨੇ ਪ੍ਰਸ਼ਾਸਕੀ ਕੰਮ ਸੰਭਾਲਣ ਵਿੱਚ ਦਿਲਚਸਪੀ ਦਿਖਾਈ ਸੀ ਪਰ ਜੇਲ੍ਹ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਲਾਇਬਰੇਰੀ ਵਿੱਚ ਕੰਮ ਦੇਣ ਦਾ ਫ਼ੈਸਲਾ ਕੀਤਾ ਹੈ। ਰੇਵੰਨਾ ਨੇ ਇਸ ਭੂਮਿਕਾ ਵਿੱਚ ਪਹਿਲਾਂ ਹੀ ਇੱਕ ਦਿਨ ਦਾ ਕੰਮ ਪੂਰਾ ਕਰ ਲਿਆ ਹੈ। ਕੈਦੀਆਂ ਤੋਂ ਆਮ ਤੌਰ 'ਤੇ ਹਫ਼ਤੇ ਵਿੱਚ ਤਿੰਨ ਦਿਨ, ਮਹੀਨੇ 'ਚ ਘੱਟੋ-ਘੱਟ 12 ਦਿਨ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਹਾਲਾਂਕਿ ਰੇਵੰਨਾ ਦੀ ਸਮਾਂ-ਸਾਰਣੀ ਇਸ ਵੇਲੇ ਸੀਮਤ ਹੈ ਕਿਉਂਕਿ ਉਹ ਅਦਾਲਤੀ ਕਾਰਵਾਈਆਂ ਵਿੱਚ ਸ਼ਾਮਲ ਹੋਣ ਅਤੇ ਆਪਣੇ ਵਕੀਲਾਂ ਨੂੰ ਮਿਲਣ ਵਿੱਚ ਸਮਾਂ ਬਿਤਾਉਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵਗੌੜਾ ਦੇ ਪੋਤੇ ਅਤੇ ਜੇਡੀ (ਐੱਸ) ਦੇ ਸੀਨੀਅਰ ਨੇਤਾ ਅਤੇ ਹੋਲੇਨਾਰਸੀਪੁਰਾ ਦੇ ਵਿਧਾਇਕ ਐੱਚ ਡੀ ਰੇਵੰਨਾ ਦੇ ਪੁੱਤਰ ਰੇਵੰਨਾ ਨੂੰ ਹਾਲ ਹੀ ਵਿੱਚ ਇੱਕ ਹੇਠਲੀ ਅਦਾਲਤ ਨੇ ਉਸ ਖ਼ਿਲਾਫ ਦਾਇਰ ਬਲਾਤਕਾਰ ਦੇ ਇੱਕ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

# ਜਸਵੀਰ ਸਿੰਘ ਗੜ੍ਹੀ ਕਰਨਗੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

ਚੰਡੀਗੜ੍ਹ, 7 ਸਤੰਬਰ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਮਿਤੀ 8 ਸਤੰਬਰ 2025 ਨੂੰ ਗੁਰਦਾਸਪੁਰ ਜਿਲ੍ਹੇ ਦੇ ਡੇਰਾ ਬਾਬਾ ਨਾਨਕ ਇਲਾਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨਗੇ ਅਤੇ ਨਾਲ ਹੀ ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮੱਗਰੀ ਵੰਡਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਦੇ ਬੁਲਾਰੇ ਨੇ ਦੱਸਿਆ ਕਿ ਸ. ਜਸਵੀਰ ਸਿੰਘ ਗੜ੍ਹੀ ਦੀ ਪ੍ਰੇਰਨਾ ਨਾਲ ਲੁਧਿਆਣਾ ਦੀ ਸੰਤ ਸਿਪਾਹੀ ਸੁਸਾਇਟੀ ਅਤੇ ਭਾਈ ਦਵਿੰਦਰ ਸਿੰਘ ਵੱਲੋਂ ਹੜ੍ਹ ਪੀੜਤਾਂ ਲਈ ਇਕੱਤਰ ਕੀਤੀ ਗਈ ਰਾਹਤ ਸਮੱਗਰੀ ਅਤੇ ਦਵਾਈਆਂ ਲੈ ਕੇ ਰੜੇਵਾਲੀ ਅਤੇ ਮਨਸੂਰ ਝੰਗੀ ਵਿੱਚ ਹੜ੍ਹ ਪੀੜਤਾਂ ਨੂੰ ਵੰਡਣਗੇ। ਬੁਲਾਰੇ ਨੇ ਦੱਸਿਆ ਕਿ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਤੋਂ ਸੰਤ ਬਾਬਾ ਕੇਵਲ ਸਿੰਘ ਚਾਕਰ ਜਰੂਰੀ ਦਵਾਈਆਂ ਲੈ ਕੇ ਵੀ ਜਸਵੀਰ ਸਿੰਘ ਗੜ੍ਹੀ ਨਾਲ ਜਾਣਗੇ।

# ਪੰਜਾਬ ਤੇ ਹਰਿਆਣਾ ਦੇ ਕਈ ਹਿੱਸਿਆਂ 'ਚ ਮੀਂਹ, ਸਿਰਸਾ 'ਚ ਸਭ ਤੋਂ ਵੱਧ 49.5 ਮਿਲੀਮੀਟਰ ਮੀਂਹ ਦਰਜ

## ਪੌਂਗ ਡੈਮ 'ਚ ਪਾਣੀ ਦਾ ਪੱਧਰ 2 ਫੁੱਟ ਡਿੱਗਣ ਦੇ ਬਾਵਜੂਦ ਤੇਜ਼ ਨਿਕਾਸ ਜਾਰੀ

ਚੰਡੀਗੜ੍ਹ, 7 ਸਤੰਬਰ (ਚ.ਨ.ਸ.): ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ 'ਚ ਐਤਵਾਰ ਨੂੰ ਮੀਂਹ ਪਿਆ। ਸਿਰਸਾ 'ਚ ਸੱਭ ਤੋਂ ਵੱਧ 49.5 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਪੰਜਾਬ ਦੇ ਜਿਨ੍ਹਾਂ ਥਾਵਾਂ ਉਤੇ ਮੀਂਹ ਪਿਆ, ਉਨ੍ਹਾਂ 'ਚ ਅੰਮ੍ਰਿਤਸਰ ਵੀ ਸ਼ਾਮਲ ਹੈ, ਜਿੱਥੇ ਐਤਵਾਰ ਸਵੇਰੇ 8:30 ਵਜੇ ਤੋਂ ਸ਼ਾਮ 5:30 ਵਜੇ ਤਕ 3.7 ਮਿਲੀਮੀਟਰ ਮੀਂਹ ਪਿਆ। ਲੁਧਿਆਣਾ ਵਿਚ 2.4 ਮਿਲੀਮੀਟਰ ਅਤੇ ਪਟਿਆਲਾ ਵਿਚ 9.2 ਮਿਲੀਮੀਟਰ ਮੀਂਹ ਪਿਆ। ਇਸ ਤੋਂ ਇਲਾਵਾ ਫਰੀਦਕੋਟ, ਪਠਾਨਕੋਟ ਅਤੇ ਫਿਰੋਜ਼ਪੁਰ 'ਚ ਵੀ ਮੀਂਹ ਪਿਆ। ਗੁਆਂਢੀ ਸੂਬੇ ਹਰਿਆਣਾ ਦੇ ਅੰਬਾਲਾ 'ਚ 12.1 ਮਿਲੀਮੀਟਰ ਅਤੇ ਹਿਸਾਰ 'ਚ 14.6 ਮਿਲੀਮੀਟਰ ਮੀਂਹ ਪਿਆ। ਸਿਰਸਾ 'ਚ 49.5 ਮਿਲੀਮੀਟਰ, ਪਾਣੀਪਤ 'ਚ 10.5 ਮਿਲੀਮੀਟਰ ਅਤੇ ਮੇਵਾਤ 'ਚ 1 ਮਿਲੀਮੀਟਰ ਮੀਂਹ ਪਿਆ। ਦੂਜੇ ਪਾਸੇ ਪੌਂਗ ਡੈਮ 'ਚ ਪਾਣੀ ਦਾ ਪੱਧਰ ਐਤਵਾਰ ਸ਼ਾਮ ਨੂੰ ਲਗਭਗ ਦੋ ਫੁੱਟ ਘੱਟ ਕੇ 1,392.20 ਫੁੱਟ ਰਹਿ ਗਿਆ, ਹਾਲਾਂਕਿ ਇਹ ਅਪਣੀ ਉਪਰਲੀ ਹੱਦ 1,390 ਫੁੱਟ ਤੋਂ ਅਜੇ ਵੀ ਦੋ ਫੁੱਟ ਵੱਧ ਹੈ। ਅਧਿਕਾਰੀਆਂ ਨੇ ਦਸਿਆ ਕਿ ਡੈਮ 'ਚ ਪਾਣੀ ਦਾ ਵਹਾਅ ਸਨਿਚਰਵਾਰ ਨੂੰ 47,162 ਕਿਊਸਿਕ ਤੋਂ ਘਟ ਕੇ 36,968 ਕਿਊਸਿਕ ਰਹਿ ਗਿਆ, ਜਦਕਿ ਸ਼ਾਹ ਨੇਹਰ ਬੈਰਾਜ 'ਚ ਕਰੀਬ 90,000 ਕਿਊਸਿਕ ਪਾਣੀ ਛਡਿਆ ਜਾ ਰਿਹਾ ਹੈ। ਐਤਵਾਰ ਨੂੰ ਭਾਖੜਾ ਡੈਮ 'ਚ ਪਾਣੀ ਦਾ ਪੱਧਰ 1,677.98 ਫੁੱਟ ਸੀ, ਜੋ ਸਨਿਚਰਵਾਰ ਨੂੰ 1,678.14 ਫੁੱਟ ਸੀ। ਅਧਿਕਾਰੀਆਂ ਨੇ ਦਸਿਆ ਕਿ ਸਤਲੁਜ ਦਰਿਆ ਉਤੇ ਬਣੇ ਭਾਖੜਾ ਡੈਮ 'ਚ ਪਾਣੀ ਦਾ ਵਹਾਅ 66,891 ਕਿਊਸਿਕ ਹੈ ਅਤੇ ਪਾਣੀ ਦਾ ਨਿਕਾਸ 70,000 ਕਿਊਸਿਕ ਹੈ। ਟਾਂਡਾ ਅਤੇ ਮੁਕੇਰੀਆਂ ਸਬ-ਡਵੀਜ਼ਨ ਦੇ ਨੀਵੇਂ ਇਲਾਕੇ ਸੱਭ ਤੋਂ ਵੱਧ ਪ੍ਰਭਾਵਤ ਹੋਏ ਹਨ, ਜਿੱਥੇ ਝੋਨੇ, ਗੰਨੇ ਅਤੇ ਮੱਕੀ ਦੀਆਂ ਫਸਲਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਟਾਂਡਾ ਦੇ ਗੰਢੋਵਾਲ, ਰਾੜਾ ਮੰਡ, ਤਾਲ੍ਹੀ, ਸਲੇਮਪੁਰ, ਅਬਦੁੱਲਾਪੁਰ, ਮੇਵਾ ਮਿਆਣੀ ਅਤੇ ਫੱਤਾ ਕੁਲਾ ਦੇ ਨਾਲ-ਨਾਲ ਮੁਕੇਰੀਆਂ ਦੇ ਮੋਤਲਾ, ਹਾਲੇਰ ਜਨਾਰਦਨ, ਸਾਨੀਆਲ, ਕੋਲੀਆਂ, ਨੌਸ਼ਹਿਰਾ ਅਤੇ ਮਹਿਤਾਬਪੁਰ ਵਰਗੇ ਪਿੰਡਾਂ ਵਿਚ ਪਾਣੀ ਭਰ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਅਨੁਸਾਰ ਗੜ੍ਹਸ਼ੰਕਰ ਦੇ 55, ਮੁਕੇਰੀਆਂ ਦੇ 35, ਟਾਂਡਾ ਦੇ 26, ਦਸੂਹਾ ਦੇ 28 ਅਤੇ ਹੁਸ਼ਿਆਰਪੁਰ ਦੇ 29 ਪਿੰਡਾਂ ਨੂੰ ਹੜ੍ਹ ਪ੍ਰਭਾਵਤ ਐਲਾਨਿਆ ਗਿਆ ਹੈ। ਲਗਭਗ 8,322 ਹੈਕਟੇਅਰ ਖੇਤ ਪ੍ਰਭਾਵਤ ਹੋਏ ਹਨ।

# ਮਾਧੋਪੁਰ ਹੈੱਡਵਰਕਸ 'ਤੇ ਰਾਵੀ ਦੇ ਪਾਣੀ ਨੇ ਆਪਣਾ ਰਾਹ ਬਦਲਿਆ



ਪਠਾਨਕੋਟ, 7 ਸਤੰਬਰ (ਚ.ਨ.ਸ.): ਰਣਜੀਤ ਸਾਗਰ ਡੈਮ ਤੋਂ ਹਾਲ ਹੀ ਵਿੱਚ ਛੱਡੇ ਵਾਧੂ ਪਾਣੀ ਨੇ ਰਾਵੀ ਦਰਿਆ ਵਿੱਚ ਆਏ ਹੜ੍ਹਾਂ ਨਾਲ ਭਾਰੀ ਤਬਾਹੀ ਮਚਾਈ ਸੀ। ਪਾਣੀ ਨੇ ਮਾਧੋਪੁਰ ਹੈਡਵਰਕਸ ਵਿੱਚ ਤਿੰਨ ਗੇਟਾਂ ਨੂੰ ਵੀ ਤੋੜ ਦਿੱਤਾ ਅਤੇ ਉੱਥੇ ਹੈਡਵਰਕਸ ਦੀ ਇਮਾਰਤ ਵਿੱਚ ਵੀ ਪਾਣੀ ਦਾਖਲ ਹੋ ਗਿਆ। ਇਕੱਲਾ ਇਹੀ ਨਹੀਂ ਡੈਮ ਤੋਂ ਛੱਡਿਆ ਇਹ ਪਾਣੀ ਮਾਧੋਪੁਰ ਹੈਡਵਰਕਸ ਵਿਖੇ ਇੰਨੀ ਤੇਜ਼ ਰਫਤਾਰ ਨਾਲ ਆਇਆ ਕਿ ਇਸ ਨੇ ਆਪਣਾ ਮੁਹਾਣ ਬਦਲ ਲਿਆ ਅਤੇ ਜੰਮੂ ਕਸ਼ਮੀਰ ਵਾਲੇ ਪਾਸੇ ਕਸ਼ਮੀਰ ਕਨਾਲ ਨੂੰ ਤੋੜ ਕੇ ਉਥੇ ਬਣੇ ਹੋਏ ਜੰਮੂ ਕਸ਼ਮੀਰ ਤੇ ਪੰਜਾਬ ਨੂੰ ਜੋੜਨ ਵਾਲੇ ਪੁਲ ਨੂੰ ਢਾਹ ਲਾ ਦਿੱਤੀ ਅਤੇ ਪੁਲ ਦਾ ਇੱਕ ਹਿੱਸਾ ਢੇਰੀ ਹੋ ਗਿਆ ਜਿਸ ਨਾਲ ਇਸ ਪੁਲ ਉੱਪਰੋਂ ਟਰੈਫਿਕ ਨੂੰ ਬੰਦ ਕਰਨਾ ਪਿਆ। ਹੁਣ ਹੈੱਡਵਰਕਸ ਵਿੱਚ ਡੈਮ ਤਰਫੋਂ ਆ ਰਿਹਾ ਅੱਧਾ ਪਾਣੀ ਤਾਂ ਜੰਮੂ ਕਸ਼ਮੀਰ ਵਾਲੇ ਪਾਸੇ ਲਾਈ ਢਾਹ ਵਾਲੇ ਪਾਸਿਓਂ ਲੰਘ ਰਿਹਾ ਹੈ ਜਦ ਕਿ ਬਾਕੀ ਅੱਧਾ ਪਾਣੀ ਪੰਜਾਬ ਵਾਲੇ ਪਾਸੇ ਹੈੱਡਵਰਕਸ ਦੇ ਗੇਟਾਂ ਵਿੱਚੋਂ ਲੰਘ ਰਿਹਾ ਹੈ। ਜੰਮੂ-ਕਸ਼ਮੀਰ ਵਾਲੇ ਪਾਸੇ ਲੱਗੀ ਢਾਹ ਦੇ ਪਾਣੀ ਨੇ ਉੱਥੇ ਜੰਮੂ ਕਸ਼ਮੀਰ ਦੀ ਬਣੀ ਹੋਈ ਪਸ਼ੂ ਪਾਲਣ ਵਿਭਾਗ ਦੀ ਇਮਾਰਤ ਅਤੇ ਟੋਲ ਟੈਕਸ ਵਾਲੀ ਇਮਾਰਤ ਨੂੰ ਵੀ ਖਤਰਾ ਖੜ੍ਹਾ ਕਰ ਦਿੱਤਾ ਹੈ। ਇਕੱਲਾ ਇਹੀ ਨਹੀਂ ਉੱਥੇ ਜੰਮੂ ਕਸ਼ਮੀਰ ਤੇ ਪੰਜਾਬ ਨੂੰ ਲਿੰਕ ਕਰਨ ਵਾਲਾ ਦੂਜਾ ਪੁਲ ਜਿਸ ਤੋਂ ਅੱਜ ਕੱਲ੍ਹ ਟਰੈਫਿਕ ਚੱਲ ਰਿਹਾ ਹੈ, ਵੀ ਅਤੇ ਨੈਸ਼ਨਲ ਹਾਈਵੇਅ ਵੀ ਖਤਰੇ ਹੇਠ ਆ ਗਿਆ ਹੈ। ਰੁੜ੍ਹਣ ਦੇ ਖਤਰੇ ਨੂੰ ਦੇਖਦਿਆਂ ਕਠੂਆ ਦੇ ਪ੍ਰਸ਼ਾਸਨ ਅਤੇ ਜ਼ਿਲ੍ਹਾ ਪਠਾਨਕੋਟ ਦੇ ਪ੍ਰਸ਼ਾਸਨ ਨੇ ਸਾਂਝੇ ਤੌਰ 'ਤੇ ਦੌਰਾ ਕਰਕੇ ਮੌਕਾ ਦੇਖਿਆ ਅਤੇ ਤੁਰੰਤ ਫ਼ੈਸਲਾ ਕੀਤਾ ਕਿ ਇਨ੍ਹਾਂ ਇਮਾਰਤਾਂ, ਪੁਲ ਤੇ ਨੈਸ਼ਨਲ ਹਾਈਵੇਅ ਨੂੰ ਬਚਾਇਆ ਜਾਵੇ। ਇਸ ਕਰਕੇ ਹੈੱਡਵਰਕਸ ਦੇ ਇੰਜਨੀਅਰਾਂ ਨੇ ਉਥੇ ਪੱਥਰਾਂ ਦੇ ਕਰੇਟ ਪਾਉਣੇ ਸ਼ੁਰੂ ਕਰ ਦਿੱਤੇ ਹਨ ਤੇ ਇਸ ਕੰਮ ਨੂੰ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਉਥੇ ਮੌਜੂਦ ਯੂਬੀਡੀਸੀ ਵਿਭਾਗ ਦੇ ਐੱਸਈ ਗੁਰਪਿੰਦਰ ਸਿੰਘ ਸੰਧੂ ਅਤੇ ਐਕਸੀਅਨ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਰਾਵੀ ਦਰਿਆ ਦਾ ਤੇਜ਼ ਰਫਤਾਰ ਪਾਣੀ ਬਹੁਤ ਤੇਜ਼ੀ ਨਾਲ ਇਮਾਰਤਾਂ ਨੂੰ ਢਾਹ ਲਾ ਰਿਹਾ ਹੈ ਜਿਸ ਨਾਲ ਕਿਸੇ ਵੀ ਵੇਲੇ ਇਹ ਇਮਾਰਤਾਂ, ਦੂਜਾ ਬਚਿਆ ਪੁਲ ਤੇ ਨੈਸ਼ਨਲ ਹਾਈਵੇਅ ਰਾਵੀ ਦਰਿਆ ਦੀ ਭੇਟ ਚੜ੍ਹ ਸਕਦੇ ਹਨ। ਇਸ ਕਰਕੇ ਇੱਥੇ ਦਰਿਆ ਵਿੱਚ ਕਰੇਟ ਪਾਏ ਜਾ ਰਹੇ ਹਨ ਅਤੇ ਕਰੀਬ 900 ਫੁੱਟ ਲੰਬਾਈ ਵਿੱਚ ਇਹ ਕਰੇਟ ਬੰਨ੍ਹੇ ਜਾਣਗੇ।

ਉਨ੍ਹਾਂ ਅਨੁਸਾਰ 4-5 ਕਰੋੜ ਰੁਪਏ ਦਾ ਇਸ ਉਪਰ ਖਰਚਾ ਆਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਠੂਆ ਅਤੇ ਪਠਾਨਕੋਟ ਪ੍ਰਸ਼ਾਸਨ ਨੇ ਸਾਂਝੇ ਤੌਰ 'ਤੇ ਪਹੁੰਚ ਕੇ ਸਥਿਤੀ ਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ ਹੈ ਅਤੇ ਹੁਣ ਉਹ ਇਹ ਯਕੀਨੀ ਬਣਾ ਰਹੇ ਹਨ ਕਿ ਭਵਿੱਖ ਵਿੱਚ ਅਜਿਹੀਆਂ ਆਫ਼ਤਾਂ ਨੂੰ ਰੋਕਿਆ ਜਾ ਸਕੇ, ਇਸ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾਣਗੇ। ਉਨ੍ਹਾਂ ਦੱਸਿਆ ਕਿ ਰਾਵੀ ਦਰਿਆ ਵਿੱਚ ਪਾਣੀ ਦੇ ਪੱਧਰ ਵਿੱਚ ਅਚਾਨਕ ਵਾਧੇ ਕਾਰਨ ਸੜਕਾਂ, ਪੁਲ ਅਤੇ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ, ਪਰ ਰਾਹਤ ਕਾਰਜ ਤੇਜ਼ੀ ਨਾਲ ਕੀਤੇ ਜਾ ਰਹੇ ਹਨ।

## ਸੰਪਾਦਕੀ

# ਹੜ੍ਹਾਂ ਬਾਰੇ ਕੇਂਦਰ ਦੀ ਚੁੱਪ ਮੰਦਭਾਗੀ

ਪਿਛਲੇ ਲਗਭਗ ਇਕ ਮਹੀਨੇ ਤੋਂ ਪੰਜਾਬ ਹੜ੍ਹਾਂ ਨਾਲ ਦੋ ਚਾਰ ਹੋ ਰਿਹਾ ਹੈ। ਰਾਜ ਦੇ ਦੋ ਦਰਜਨ ਜ਼ਿਲ੍ਹੇ ਹੜ੍ਹਾਂ ਦੇ ਪਾਣੀ ਤੋਂ ਬੇਹੱਦ ਪੀੜਤ ਹਨ। ਇਸ ਹਾਲ ਵਿਚ ਜਿਥੇ ਬੇਸ਼ਕੀਮਤੀ ਜਾਨਾਂ ਹੜ੍ਹ ਦੀ ਭੇਟ ਚੜ੍ਹੀਆਂ ਹਨ, ਉਥੇ ਬੇਜ਼ੁਬਾਨ ਪਸ਼ੂ ਧਨ ਦਾ ਵੀ ਡਾਢਾ ਨੁਕਸਾਨ ਹੋਇਆ ਹੈ। ਸਮਾਜ ਸੇਵੀ ਜਥੇਬੰਦੀਆਂ ਅਤੇ ਸਰਕਾਰੀ ਧਿਰ ਤੋਂ ਇਲਾਵਾ ਰਾਜ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਵੀ ਹੜ੍ਹ ਪੀੜਤਾਂ ਦੀ ਮਦਦ ਵਿਚ ਅੱਗੇ ਆ ਗਈਆਂ ਹਨ। ਪਰ ਸੱਮਸਿਆ ਇਹ ਆ ਰਹੀ ਹੈ ਕਿ ਪਾਣੀ ਦੇ ਚਲਦਿਆਂ ਲੋੜਵੰਦਾਂ ਤਕ ਰਾਹਤ ਸੱਮਗਰੀ ਕਿਵੇਂ ਪਹੁੰਚਾਈ ਜਾਵੇ। ਇਸ ਲਈ ਹਜ਼ਾਰਾਂ ਏਅਰ ਬੋਟ ਚਾਹੀਦੀਆਂ ਹਨ। ਜੋ ਫੌਜ ਅਤੇ ਪ੍ਰਸ਼ਾਸਨ ਕੋਲ ਨਾਮਾਤਰ ਹਨ। ਕੁਝ ਜ਼ਿਲ੍ਹਿਆਂ ਵਿਚ ਫੌਜ ਵੀ ਤਾਇਨਾਤ ਕੀਤੀ ਗਈ ਹੈ। ਰਾਹਤ ਸੱਮਗਰੀ ਪਹੁੰਚਾਉਣ ਦਾ ਆਲਮ ਇਹ ਹੈ ਕਿ ਪਹੁੰਚ ਵਾਲੇ ਪਿੰਡਾਂ ਵਿਚ ਤਾਂ ਰਾਹਤ ਸੱਮਗਰੀ ਭਾਰੀ ਮਾਤਰਾ ਵਿਚ ਪਹੁੰਚ ਗਈ ਹੈ ਪਰ ਦੂਰ ਦੁਰਾਡੇ ਵਾਲੇ ਅਤੇ ਸੜਕੀ ਮਾਰਗ ਤੋਂ ਸੱਖਣੇ ਇਲਾਕਿਆਂ ਵਿਚ ਰਾਹਤ ਸੱਮਗਰੀ ਪਹੁੰਚਾਉਣ ਵਿਚ ਕਿੱਲਤ ਆ ਰਹੀ ਹੈ। ਬਿਜਲੀ ਨਾ ਹੋਣ ਕਾਰਨ ਰਾਤ ਨੂੰ ਮੁਸ਼ਕਲਾਂ ਵਧੀਆਂ ਹਨ ਅਤੇ ਫੋਨ ਰਿਚਾਰਜ ਕਰਨ ਵਿਚ ਵੀ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਪੀੜਤ ਇਲਾਕਿਆਂ ਵਿਚੋਂ ਟਾਰਚਾਂ ਦੀ ਮੰਗ ਵੀ ਸਾਹਮਣੇ ਆਈ ਸੀ। ਭਾਵੇਂ ਰਾਹਤ ਸੱਮਗਰੀ ਤਾਂ ਹੁਣ ਲੋੜਵੰਦਾਂ ਤਕ ਵਿਧੀਵਦ ਤਰੀਕੇ ਨਾਲ ਪਹੁੰਚ ਰਹੀ ਹੈ ਪਰ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਹਾਲ ਦੀ ਘੜੀ ਸੁਸਤ ਚਾਲ ਚੱਲ ਰਿਹਾ ਹੈ। ਇਥੇ ਇਹ ਦੇਖਣ ਵਿਚ ਵੀ ਆਇਆ ਹੈ ਕਿ ਦੇਸ਼ ਅੰਦਰ ਜਦੋਂ ਵੀ ਕਿਸੇ ਰਾਜ ਵਿਚ ਕੋਈ ਬਿਪਤਾ ਆਉਣ ਪੈਂਦੀ ਹੈ ਪੰਜਾਬੀ ਉਥੇ ਹੀ ਪਹੁੰਚਦੇ ਹਨ ਪਰ ਕਿਸੇ ਵੀ ਰਾਜ ਵਿਚੋਂ ਹੁਣ ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ, ਸਹਾਇਤਾ ਕਰਨੀ ਤਾਂ ਦੂਰ ਦੀ ਗੱਲ ਹੈ। ਹੋਰ ਤਾਂ ਹੋਰ ਪਿਛਲੇ ਦਿਨੀਂ ਹੜ੍ਹਾਂ ਦਾ ਜਾਇਜ਼ਾ ਲੈਣ ਆਏ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਤਾਂ ਹੜ੍ਹਾਂ ਲਈ ਪੰਜਾਬ ਦੇ ਦਰਿਆਵਾਂ ਵਿਚ ਹੁੰਦੀ ਮਾਈਨਿੰਗ ਨੂੰ ਨਾਜਾਇਜ਼ ਕਰਾਰ ਦਿੰਦਿਆਂ ਦੋਸ਼ੀ ਠਹਿਰਾ ਦਿੱਤਾ। ਜ਼ਿਕਰਯੋਗ ਹੈ ਕਿ ਕੇਂਦਰੀ ਖਾਧ ਭੰਡਾਰ ਵਿਚ ਸਭ ਤੋਂ ਵੱਧ ਯੋਗਦਾਨ ਪੰਜਾਬ ਦਾ ਹੈ ਪਰ ਕੇਂਦਰ ਦੀ ਭੇਦਭਰੀ ਚੁੱਪ ਨੇ ਪੰਜਾਬੀਆਂ ਦੇ ਜ਼ਖਮਾਂ ਉਪਰ ਲੂਣ ਦਾ ਕੰਮ ਕੀਤਾ ਹੈ ਜਦੋਂ ਕਿ ਦੇਸ਼ ਦੇ ਹੋਰਨਾਂ ਰਾਜਾਂ ਵਿਚ ਕੁਦਰਤੀ ਕਰੋਪੀ ਆਉਂਦੀ ਹੈ ਤਾਂ ਕੇਂਦਰ ਅੱਗੇ ਹੋ ਕੇ ਖੜ੍ਹਦਾ ਹੈ ਅਤੇ ਵਿਸ਼ੇਸ਼ ਪੈਕੇਜ ਵੀ ਸਬੰਧਤ ਰਾਜ ਨੂੰ ਜਾਰੀ ਕਰਦਾ ਹੈ ਪਰ ਪੰਜਾਬ ਨਾਲ ਅਜਿਹਾ ਵਿਤਕਰਾ ਪੰਜਾਬੀਆਂ ਅੰਦਰ ਬੇਗਾਨਗੀ ਦੀ ਭਾਵਨਾ ਨੂੰ ਜਨਮ ਦਿੰਦਾ ਹੈ। ਹਾਲੇ ਤਕ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਹੜ੍ਹਾਂ ਬਾਰੇ ਕੋਈ ਪ੍ਰਤੀਕਰਮ ਜਾਹਰ ਨਹੀਂ ਕੀਤਾ ਪਰ ਦੇਰ ਨਾਲ ਮਿਲੀ ਸੂਚਨਾ ਅਨੁਸਾਰ ਉਹ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਅਤੇ ਅਗਲੇ ਦਿਨਾਂ ਦੌਰਾਨ ਜਾਇਜ਼ਾ ਲੈਣ ਆ ਰਹੇ ਹਨ। ਸਰਹੱਦਾਂ ਦੇ ਰਾਖੇ ਅਤੇ ਅੰਨਦਾਤੇ ਪ੍ਰਤੀ ਕੇਂਦਰ ਦਾ ਅਜਿਹਾ ਵਤੀਰਾ ਬੇਹੱਦ ਪੀੜਾ ਵਾਲਾ ਹੈ। ਕੇਂਦਰ ਨੂੰ ਚਾਹੀਦਾ ਹੈ ਕਿ ਉਹ ਹੜ੍ਹ ਪੀੜਤ ਇਲਾਕਿਆਂ ਵਿਚ ਆਪਣੀ ਵਿਸ਼ੇਸ਼ ਟੀਮ ਭੇਜੇ ਜੋ ਸਥਿਤੀ ਦਾ ਪੂਰਾ ਜਾਇਜ਼ਾ ਲੈ ਕੇ ਕੇਂਦਰ ਨੂੰ ਰਿਪੋਰਟ ਕਰੇ। ਉਸ ਉਪਰੰਤ ਜਿੰਨੀ ਜਲਦੀ ਹੋ ਸਕਦਾ ਹੈ ਹੜ੍ਹ ਪੀੜਤਾਂ ਲਈ ਵਿਸ਼ੇਸ਼ ਪੈਕੇਜ ਦਾ ਦਿਲ ਖੋਲ੍ਹਕੇ ਐਲਾਨ ਕਰੇ। ਹੜ੍ਹਾਂ ਨੂੰ ਕੌਮੀ ਆਫਤ ਐਲਾਨਿਆ ਜਾਵੇ, ਤਾਂ ਜੋ ਪੀੜਤ ਲੋਕਾਂ ਦੇ ਮੁੜ ਵਸੇਬੇ ਦਾ ਰਾਹ ਪੱਧਰਾ ਹੋ ਸਕੇ। ਪੰਜਾਬ ਸਰਕਾਰ ਦੇ ਵਿੱਤ ਮੰਤਰੀ ਅਤੇ ਹੋਰਨਾਂ ਕੈਬਨਿਟ ਮੰਤਰੀਆਂ ਨੇ ਕੇਂਦਰ ਕੋਲ ਮਦਦ ਦੀ ਗੁਹਾਰ ਲਗਾਈ ਹੈ ਪਰ ਹਾਲੇ ਤਕ ਕੇਂਦਰ ਸਰਕਾਰ ਨੇ ਕੋਈ ਐਲਾਨ ਨਹੀਂ ਕੀਤਾ। ਇਥੇ ਇਹ ਵੀ ਕਹਿਣਾ ਬਣਦਾ ਹੈ ਕਿ ਕੇਂਦਰ ਨੂੰ ਕੁਦਰਤੀ ਆਫਤਾਂ ਨਾਨ ਨਜਿੱਠਣ ਲਈ ਵਿਸ਼ੇਸ਼ ਵਿਭਾਗ ਦਾ ਗਠਨ ਕਰਨਾ ਚਾਹੀਦਾ ਹੈ ਜੋ ਪੂਰੇ ਦੇਸ਼ ਵਿਚ ਕਾਰਜਸ਼ੀਲ ਹੋਵੇ। ਪਹਿਲਾਂ ਤੋਂ ਨਿਰਧਾਰਤ ਫੰਡਾਂ ਵਿਚ ਹੋਰ ਵਧੇਰੇ ਵਾਧਾ ਕਰਨਾ ਚਾਹੀਦਾ ਹੈ। ਕਿਉਂਕਿ ਕੁਦਰਤੀ ਆਫਤ ਨਾਲ ਝੰਬੇ ਲੋਕਾਂ ਨੂੰ ਮੁੜ ਤੋਂ ਪੈਰਾਂ ਸਿਰ ਹੋਣ ਵਿਚ ਵਰ੍ਹੇ ਲੱਗ ਜਾਂਦੇ ਹਨ। ਮੁੱਕਦੀ ਗੱਲ ਪੰਜਾਬ ਵਿਚਲੇ ਹਾਲਾਤ ਦੱਸ ਰਹੇ ਹਨ ਕਿ ਲੋਕਾਂ ਨੂੰ ਮੁੜ ਤੋਂ ਜ਼ਿੰਦਗੀ ਲੀਹ 'ਤੇ ਲਿਆਉਣ ਵਿਚ ਚੋਖਾ ਸਮਾਂ ਲੱਗੇਗਾ। ਇਸ ਲਈ ਰਾਜ ਸਰਕਾਰ ਅਤੇ ਕੇਂਦਰ ਨੂੰ ਪੰਜਾਬ ਦੇ ਪ੍ਰਭਾਵਿਤ ਲੋਕਾਂ ਦੀ ਦਿਲ ਖੋਲ੍ਹਕੇ ਮਦਦ ਕਰਨੀ ਚਾਹੀਦੀ ਹੈ। ਭਾਵੇਂ ਰਾਜ ਦੀਆਂ ਵੱਖ ਵੱਖ ਧਿਰਾਂ ਆਪਣੇ ਪੱਧਰ 'ਤੇ ਜੁਟੀਆਂ ਹੋਈਆਂ ਹਨ ਅਤੇ ਐਨ.ਆਰ.ਆਈ ਵੀਰਾਂ ਵੱਲੋਂ ਵੀ ਹਰ ਵਾਰ ਦੀ ਤਰ੍ਹਾਂ ਸਹਾਇਤਾ ਭੇਜੀ ਜਾ ਰਹੀ ਹੈ। ਇਥੇ ਇਹ ਵੀ ਕਹਿਣਾ ਬਣਦਾ ਹੈ ਕਿ ਰਾਹਤ ਸਮੱਗਰੀ ਅਤੇ ਆਰਥਿਕ ਮਦਦ ਪਾਰਦਰਸ਼ੀ ਤਰੀਕੇ ਨਾਲ ਪੀੜਤ ਲੋਕਾਂ ਤਕ ਪਹੁੰਚਾਈ ਜਾਵੇ। ਇਸ ਲਈ ਸਭਨਾਂ ਨੂੰ ਦਿਆਨਤਦਾਰੀ ਅਤੇ ਇਮਾਨਦਾਰੀ ਦਿਖਾਉਣੀ ਚਾਹੀਦੀ ਹੈ। ਸਭਨਾਂ ਤੋਂ ਮਿਲੇ ਸਹਿਯੋਗ ਨਾਲ ਪੀੜਤ ਲੋਕਾਂ ਦੀ ਜ਼ਿੰਦਗੀ ਜਲਦੀ ਹੀ ਲੀਹ 'ਤੇ ਆ ਜਾਵੇਗੀ, ਇਹੋ ਦੁਆ ਹੈ।

-ਜਗਜੀਤ ਸਿੰਘ ਦਰਦੀ

## ਪੰਜਾਬ ਵਿੱਚ ਹੜ੍ਹਾਂ ਦੀ ਹਾਲਤ ਅਤੇ ਤਬਾਹੀ

# ਵੋਟਾਂ ਦੀ ਰਾਜਨੀਤੀ ਤੇ ਰਾਹਤ ਕਾਰਜਾਂ 'ਤੇ ਰਾਜਨੀਤਿਕ ਖਿੱਚੋਤਾਣ

## ਸੋਸ਼ਲ ਮੀਡੀਆ 'ਤੇ ਹੜ੍ਹਾਂ ਬਾਰੇ ਨੈਗੇਟਿਵ ਨਰੇਟਿਵ ਅਤੇ ਝੂਠੀਆਂ ਖ਼ਬਰਾਂ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ



ਪੰਜਾਬ ਵਿੱਚ ਹੁਣ ਜਿਸ ਤਰ੍ਹਾਂ ਦੀ ਹੜ੍ਹਾਂ ਬਾਰੇ ਹੁਣ ਸਥਿਤੀ ਹੈ ਉਸ ਦੇ ਬਾਰੇ ਸੋਸ਼ਲ ਮੀਡੀਆ 'ਤੇ ਨੈਗਟਿਵ ਖ਼ਬਰਾਂ ਦਾ ਵੀ ਇੱਕ ਨਵਾਂ ਨੈਰੇਟਿਵ ਸਿਰਜਿਆ ਜਾ ਰਿਹਾ ਹੈ। ਦੂਸਰੀਆਂ ਨੇਗੇਟਿਵ ਖ਼ਬਰਾਂ ਵਧਾ ਕੇ ਟੈਲੀਵਿਜ਼ਨ ਚੈਨਲਾਂ ਅਤੇ ਵਿਸ਼ੇਸ਼ਕਰ ਸੋਸ਼ਲ ਮੀਡੀਆ ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਜਿਹਨਾਂ ਨਾਲ ਇੱਕ ਦੂਸਰੇ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ ਤੇ ਅਫਵਾਹਾਂ ਨੂੰ ਬਲ ਮਿਲਦਾ ਹੈ।

ਇਸੇ ਤਰ੍ਹਾਂ ਹੀ ਰਾਜਨੀਤਿਕ ਪਾਰਟੀਆਂ ਦੀ ਖਿਚੋਤਾਨ ਦੇ ਵਿੱਚ ਅਲੱਗ ਅਲੱਗ ਪਾਰਟੀਆਂ ਦੇ ਦੋਸ਼ਾਰੋਪਨ ਦੀ ਕਹਾਣੀ ਹੈ ਤੇ ਮੀਡੀਆ ਤੋਂ ਉਸਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜੋ ਦੁੱਖਦਾਈ ਹੈ। ਇਸ ਵੇਲੇ ਪੰਜਾਬ ਦੀ ਤਬਾਹੀ ਦੇ ਇਸ ਮੰਜ਼ਰ ਅਤੇ ਪੰਜਾਬ ਦੇ ਲੋਕਾਂ ਦੀ ਦੁੱਖ ਦੀ ਘੜੀ ਦੇ ਵਿੱਚ ਵੀ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕਾਂਗਰਸ, ਆਪ ਅਤੇ ਕੇਂਦਰ ਤੇ ਪੰਜਾਬ ਸਰਕਾਰ ਆਪਸ ਵਿੱਚ ਮੈਹਣੋਮੇਹਣੀ ਅਤੇ ਇੱਕ ਦੂਜੇ 'ਤੇ ਦੋਸ਼ ਲਾ ਰਹੇ ਹਨ। ਜਿਨ੍ਹਾਂ ਨਾਲ ਰਾਹਤ ਕੰਮਾਂ ਦੇ ਵਿੱਚ ਦਿੱਕਤ ਆ ਰਹੀ ਹੈ।

ਇਹਨਾਂ ਸਾਰੀਆਂ ਸਥਿਤੀਆਂ ਤੇ ਅੱਜ ਵੋਟਾਂ ਦੀ ਰਾਜਨੀਤੀ 'ਤੇ ਜੋ ਕਿ ਸਥਿਤੀ ਦਿਖਾਈ ਦਿੰਦੀ ਹੈ, ਜੋ ਦੁਖਦਾਈ ਹੈ। ਇਹਨਾਂ ਸਾਰਿਆਂ ਦੀ ਗੱਲ ਕਰਦਿਆਂ ਅਸੀਂ ਦੇਖ ਸਕਦੇ ਹਾਂ ਕਿ ਪੰਜਾਬ, ਜੋ ਕਿ ਭਾਰਤ ਦਾ ਅਨਾਜ ਦੇ ਕਟੋਰਾ ਵਜੋਂ ਜਾਣਿਆ ਜਾਂਦਾ ਹੈ, ਇਸ ਵੇਲੇ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਹੜ੍ਹਾਂ ਦੀ ਮਾਰ ਹੇਠ ਹੈ।

2025 ਵਿੱਚ ਮਾਨਸੂਨ ਦੀ ਭਾਰੀ ਬਾਰਿਸ਼ ਅਤੇ ਹਿਮਾਲੀਆ ਖੇਤਰ ਵਿੱਚ ਵਧੇ ਹੋਏ ਮੀਂਹ ਨੇ ਸਤਲੁਜ, ਬਿਆਸ ਅਤੇ ਰਾਵੀ ਨਦੀਆਂ ਨੂੰ ਉਫਾਨ ਮਾਰਨ ਲਈ ਮਜਬੂਰ ਕੀਤਾ ਹੈ, ਜਿਸ ਨਾਲ ਸੂਬੇ ਵਿੱਚ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ। ਅੰਕੜਿਆਂ ਅਨੁਸਾਰ ਇਸ ਹੜ੍ਹ ਨੇ 1988 ਤੋਂ ਬਾਅਦ ਸਭ ਤੋਂ ਵੱਧ ਨੁਕਸਾਨ ਕੀਤਾ ਹੈ, ਜਿਸ ਵਿੱਚ 46 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਲਗਭਗ 3.54 ਲੱਖ ਲੋਕ ਪ੍ਰਭਾਵਿਤ ਹੋਏ ਹਨ। ਕਰੀਬ 1.75 ਲੱਖ ਹੈਕਟੇਅਰ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ 23 ਜ਼ਿਲ੍ਹਿਆਂ ਵਿੱਚ ਲਗਭਗ 1400 ਤੋਂ 1900 ਪਿੰਡ ਪਾਣੀ ਵਿੱਚ ਡੁੱਬ ਗਏ ਹਨ। ਇਹ ਨਾ ਸਿਰਫ਼ ਕੁਦਰਤੀ ਆਫ਼ਤ ਹੈ ਬਲਕਿ ਮਨੁੱਖੀ ਲਾਪਰਵਾਹੀ ਅਤੇ ਨੀਤੀਗਤ ਅਸਫਲਤਾਵਾਂ ਦਾ ਨਤੀਜਾ ਵੀ ਹੈ ਜਿਵੇਂ ਕਿ ਨਾਜਾਇਜ਼ ਖਣਨ ਅਤੇ ਬੰਨ੍ਹਾਂ ਦੇ ਗਲਤ ਪ੍ਰਬੰਧਨ।

ਹੁਣ ਹੜ੍ਹਾਂ ਦੀ ਤਬਾਹੀ ਦਾ ਅੰਕੜਾ-ਅਧਾਰਤ ਵੇਰਵਾ ਜੋ ਪ੍ਰਾਪਤ ਹੋਇਆ ਹੈ, ਉਸ ਅਨੁਸਾਰ ਅਗਸਤ 2025 ਵਿੱਚ ਸ਼ੁਰੂ ਹੋਏ ਇਸ ਹੜ੍ਹ ਨੇ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ ਤਬਾਹੀ ਮਚਾਈ ਹੈ। ਅਧਿਕਾਰਕ ਰਿਪੋਰਟਾਂ ਅਨੁਸਾਰ, 46 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਜਦਕਿ 1.5 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ ਅਤੇ ਲਗਭਗ 2000 ਪਿੰਡਾਂ ਵਿੱਚ ਪਾਣੀ ਭਰ ਗਿਆ ਹੈ। ਫਸਲਾਂ ਨੂੰ ਹੋਏ ਨੁਕਸਾਨ ਦੀ ਗੱਲ ਕਰੀਏ ਤਾਂ 3 ਲੱਖ ਏਕੜ ਤੋਂ ਵੱਧ ਜ਼ਮੀਨ ਤੇ ਫਸਲਾਂ ਬਰਬਾਦ ਹੋ ਗਈਆਂ ਹਨ, ਜਿਸ ਨਾਲ ਕਿਸਾਨਾਂ ਨੂੰ ਅਰਬਾਂ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ, ਹੜ੍ਹ ਨੇ ਪੰਜਾਬ ਦੇ ਜੰਗਲੀ ਖੇਤਰ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿੱਥੇ ਲਗਭਗ 5 ਲੱਖ ਦਰੱਖ਼ਤ ਉੱਖੜ ਗਏ ਹਨ। ਇਹ ਅੰਕੜੇ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (ਐੱਨਡੀਐੱਮਏ) ਅਤੇ ਪੰਜਾਬ ਸਰਕਾਰ ਦੀਆਂ ਰਿਪੋਰਟਾਂ ਤੋਂ ਲਏ ਗਏ ਹਨ, ਜੋ ਇਸ ਆਫ਼ਤ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ। ਪਾਕਿਸਤਾਨ ਵੱਲ ਵੀ ਹੜ੍ਹ ਦੇ ਪ੍ਰਭਾਵ ਨੇ ਸਰਹੱਦ ਪਾਰ ਨੁਕਸਾਨ ਕੀਤਾ ਹੈ, ਜਿੱਥੇ ਭਾਰਤ ਨੂੰ ਪਾਣੀ ਨੂੰ ਹਥਿਆਰ ਵਜੋਂ ਵਰਤਣ ਦੇ ਦੋਸ਼ ਲੱਗ ਰਹੇ ਹਨ।

ਅੱਜ ਰਾਹਤ ਕਾਰਜਾਂ ਦੀ ਹਕੀਕਤ ਅਤੇ ਚੁਣੌਤੀਆਂ ਵਿੱਚ ਵੀ ਰਾਜਨੀਤੀ ਦੀ ਬੂਅ ਆਉਣ ਲੱਗੀ ਹੈ। ਰਾਹਤ ਕਾਰਜਾਂ ਵਿੱਚ ਆਰਮੀ, ਐੱਨਡੀਆਰਐੱਫ, ਬੀਐੱਸਐੱਫ ਅਤੇ ਏਅਰ ਫੋਰਸ ਸ਼ਾਮਲ ਹਨ, ਜਿਨ੍ਹਾਂ ਨੇ ਲਗਭਗ 16 ਹਜ਼ਾਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲਬਾਤ ਕੀਤੀ ਹੈ ਅਤੇ 9 ਸਤੰਬਰ ਨੂੰ ਸੂਬੇ ਦਾ ਦੌਰਾ ਕਰਨ ਵਾਲੇ ਹਨ। ਪੰਜਾਬ ਸਰਕਾਰ ਨੇ 14,000 ਕਰੋੜ ਰੁਪਏ ਦੀ ਅੰਤਰਿਮ ਮਦਦ ਮੰਗੀ ਹੈ, ਪਰ ਕੇਂਦਰ ਨੇ ਅਜੇ ਤੱਕ ਕੋਈ ਵੱਡੀ ਰਾਹਤ ਪੈਕੇਜ ਦਾ ਐਲਾਨ ਨਹੀਂ ਕੀਤਾ। ਰਾਹਤ ਕੈਂਪਾਂ ਵਿੱਚ ਖਾਣਾ, ਪਾਣੀ ਅਤੇ ਮੈਡੀਕਲ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਪਰ ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿੱਚ ਲੋਕਾਂ ਨੇ ਸਰਕਾਰੀ ਮਦਦ ਦੀ ਕਮੀ ਬਾਰੇ ਸ਼ਿਕਾਇਤਾਂ ਕੀਤੀਆਂ ਹਨ। ਇਸ ਤੋਂ ਇਲਾਵਾ, ਐੱਨਜੀਓ ਅਤੇ ਸਥਾਨਕ ਲੋਕਾਂ ਨੇ ਵੀ ਰਾਹਤ ਵਿੱਚ ਯੋਗਦਾਨ ਪਾਇਆ ਹੈ, ਪਰ ਧੋਖਾਧੜੀ ਵਾਲੇ ਐੱਨਜੀਓ ਵੱਲੋਂ ਲੋਕਾਂ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਸਿਰਫ਼ ਮੁੱਖ ਮੰਤਰੀ ਰਾਹਤ ਫੰਡ ਵਿੱਚ ਹੀ ਦਾਨ ਕਰਨ।

ਹੁਣ ਰਾਜਨੀਤਿਕ ਪਾਰਟੀਆਂ ਵਿੱਚ ਬਿਆਨਬਾਜ਼ੀ ਅਤੇ ਦੋਸ਼ਾਰੋਪਣ ਵੀ ਸ਼ੁਰੂ ਹੋ ਗਿਆ ਹੈ। ਇਸ ਆਫ਼ਤ ਨੇ ਰਾਜਨੀਤਿਕ ਪਾਰਟੀਆਂ ਵਿੱਚ ਵੱਡੀ ਖਿੱਚੋਤਾਣ ਪੈਦਾ ਕੀਤੀ ਹੈ। ਆਮ ਆਦਮੀ ਪਾਰਟੀ (ਏਏਪੀ) ਸਰਕਾਰ ਨੇ ਕੇਂਦਰ ਨੂੰ ਜੀਐੱਸਟੀ ਮੁਆਵਜ਼ਾ 60,000 ਕਰੋੜ ਰੁਪਏ ਨਾ ਦੇਣ ਦਾ ਦੋਸ਼ ਲਾਇਆ ਹੈ, ਜੋ ਰਾਹਤ ਕਾਰਜਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਭਾਜਪਾ ਨੇ ਏਏਪੀ ਨੂੰ ਨਾਜਾਇਜ਼ ਖਣਨ ਕਰਕੇ ਨਦੀਆਂ ਦੇ ਰਾਹ ਬਦਲਣ ਦਾ ਜ਼ਿੰਮੇਵਾਰ ਠਹਿਰਾਇਆ ਹੈ। ਕਾਂਗਰਸ ਨੇ ਦੋਹਾਂ ਨੂੰ ਸਮੂਹਿਕ ਅਸਫਲਤਾ ਦਾ ਦੋਸ਼ੀ ਕਿਹਾ ਹੈ ਅਤੇ ਇਸ ਨੂੰ 'ਮਨੁੱਖੀ ਆਫ਼ਤ' ਕਰਾਰ ਦਿੱਤਾ ਹੈ। ਐੱਮਐੱਲਏ ਸੁਖਪਾਲ ਖਹਿਰਾ ਅਤੇ ਭੂਪੇਸ਼ ਬਘੇਲ ਵਰਗੇ ਨੇਤਾਵਾਂ ਨੇ ਸੂਬਾ ਅਤੇ ਕੇਂਦਰ ਨੂੰ ਨਿਸ਼ਾਨਾ ਬਣਾਇਆ ਹੈ। ਇਹ ਬਿਆਨਬਾਜ਼ੀ ਰਾਹਤ ਕਾਰਜਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਕਿਉਂਕਿ ਧਿਆਨ ਨੁਕਸਾਨ ਵੱਲ ਨਹੀਂ ਬਲਕਿ ਰਾਜਨੀਤੀ ਵੱਲ ਜਾ ਰਿਹਾ ਹੈ।

ਹੁਣ ਇੱਕ ਵੱਡਾ ਦੋਸ਼ ਸੋਸ਼ਲ ਮੀਡੀਆ ਅਤੇ ਮੀਡੀਆ ਵਿੱਚ ਨੈਗੇਟਿਵ ਨਰੇਟਿਵ ਅਤੇ ਝੂਠੀਆਂ ਖ਼ਬਰਾਂ ਦਾ ਵੀ ਹੈ। ਅੱਜ ਸੋਸ਼ਲ ਮੀਡੀਆ 'ਤੇ ਰੀਲਾਂ ਅਤੇ ਫੋਟੋਆਂ ਨੇ ਹੜ੍ਹ ਪੀੜਤਾਂ ਦੀ ਹਾਲਤ ਨੂੰ ਵਿਖਾਇਆ ਹੈ, ਪਰ ਇਸ ਨਾਲ ਨੈਗੇਟਿਵ ਨਰੇਟਿਵ ਵੀ ਪੈਦਾ ਹੋ ਰਿਹਾ ਹੈ। ਫੇਕ ਡੀਪਫੇਕ ਵੀਡੀਓ ਅਤੇ ਝੂਠੀਆਂ ਖ਼ਬਰਾਂ ਭਾਰਤ-ਪਾਕਿਸਤਾਨ ਵਿਵਾਦ ਨੂੰ ਵਧਾ ਰਹੀਆਂ ਹਨ। ਪੰਜਾਬ ਵਿੱਚ ਫੇਕ ਰਾਹਤ ਅਪੀਲਾਂ ਚੱਲ ਰਹੀਆਂ ਹਨ, ਜਿਨ੍ਹਾਂ ਨਾਲ ਲੋਕਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ। ਐੱਕਸ (ਟਵਿੱਟਰ) 'ਤੇ ਪੋਸਟਾਂ ਵਿੱਚ ਲੋਕਾਂ ਨੇ ਸਰਕਾਰ ਨੂੰ ਮਨੁੱਖੀ ਆਫ਼ਤ ਦਾ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਫੇਕ ਰੈਸਕਿਊ ਵੀਡੀਓ ਵੀ ਵਾਇਰਲ ਹੋਏ ਹਨ। ਟੀਵੀ ਅਤੇ ਯੂਟਿਊਬ ਚੈਨਲ ਵੀ ਇਸ ਹਾਲਾਤ ਨੂੰ ਵੱਧ ਚੜ੍ਹ ਕੇ ਵਿਖਾ ਰਹੇ ਹਨ, ਜਿਸ ਨਾਲ ਡਰ ਅਤੇ ਗਲਤ ਜਾਣਕਾਰੀ ਫੈਲ ਰਹੀ ਹੈ। ਇਹ ਝੂਠੀਆਂ ਖ਼ਬਰਾਂ ਰਾਹਤ ਕਾਰਜਾਂ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ ਅਤੇ ਲੋਕਾਂ ਵਿੱਚ ਡਰ ਪੈਦਾ ਕਰ ਰਹੀਆਂ ਹਨ।

ਅਸਲ ਵਿੱਚ ਅੱਜ ਏਕਤਾ ਅਤੇ ਹਕੀਕਤੀ ਪਹੁੰਚ ਦੀ ਲੋੜ ਹੈ।

ਇਸ ਸਭ ਨੂੰ ਵੇਖਦੇ ਹੋਏ, ਪੰਜਾਬ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਏਕਤਾ ਨਾਲ ਮੁਕਾਬਲਾ ਕਰਨ ਦੀ ਲੋੜ ਹੈ। ਅੰਕੜੇ ਦੱਸਦੇ ਹਨ ਕਿ ਇਹ ਆਫ਼ਤ ਕੁਦਰਤੀ ਅਤੇ ਮਨੁੱਖੀ ਕਾਰਨਾਂ ਨਾਲ ਹੋਈ ਹੈ, ਪਰ ਰਾਹਤ ਅਤੇ ਪੁਨਰਵਾਸ 'ਤੇ ਧਿਆਨ ਕੇਂਦਰਿਤ ਕਰਨ ਨਾਲ ਹੀ ਅਸੀਂ ਅੱਗੇ ਵੱਧ ਸਕਦੇ ਹਾਂ। ਸੋਸ਼ਲ ਮੀਡੀਆ ਨੂੰ ਜਾਣਕਾਰੀ ਫੈਲਾਉਣ ਲਈ ਵਰਤੋਂ, ਨਾ ਕਿ ਝੂਠ ਫੈਲਾਉਣ ਲਈ। ਸਰਕਾਰਾਂ ਨੂੰ ਵੀ ਤੁਰੰਤ ਮਦਦ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਪੀੜਤ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ।

# ਟਰੰਪ ਦੇ ਗਿਰਗਿਟ ਦੀ ਤਰ੍ਹਾਂ ਬਦਲਦੇ ਰੰਗ



ਕਮਲਜੀਤ ਸਿੰਘ ਬਨਵੈਤ
98147 34035

**ਟਰੰਪ ਨੇ ਵਾਈਟ ਹਾਊਸ 'ਚ ਆਪਣੇ ਦਫਤਰ ਵਿੱਚ ਗੱਲ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਨਰਿੰਦਰ ਮੋਦੀ ਦੇ ਦੋਸਤ ਰਹਿਣਗੇ। ਉਹ ਸ਼ਾਨਦਾਰ ਪ੍ਰਧਾਨ ਮੰਤਰੀ ਹਨ ਪਰ ਉਸ ਨੂੰ ਮੋਦੀ ਵੱਲੋਂ ਕੀਤੇ ਕੰਮ ਪਸੰਦ ਨਹੀਂ ਆ ਰਹੇ ਹਨ। ਭਾਰਤ ਅਤੇ ਅਮਰੀਕਾ ਵਿਚਾਲੇ ਖਾਸ ਸਬੰਧ ਹਨ, ਚਿੰਤਾ ਦੀ ਕੋਈ ਗੱਲ ਨਹੀਂ ਹੈ। ਬਸ ਕਦੀ-ਕਦੀ ਕੁਝ ਅਜਿਹੇ ਪਲ ਆ ਜਾਂਦੇ ਹਨ। ਉਹਨਾਂ ਨੇ ਇੱਕ ਸਵਾਲ ਦੇ ਜਵਾਬ 'ਚ ਇਹ ਕਿਹਾ ਹੈ। ਟਰੰਪ ਮੁੜ ਇਹ ਕਹਿਣ ਤੋਂ ਨਾ ਰੁਕੇ ਕਿ ਉਹ ਇਸ ਗੱਲ ਤੋਂ ਬਹੁਤ ਨਿਰਾਸ਼ ਹਨ ਕਿ ਭਾਰਤ ਰੂਸ ਤੋਂ ਇੰਨਾ ਜ਼ਿਆਦਾ ਤੇਲ ਖਰੀਦ ਰਿਹਾ ਹੈ। ਅਸਲ ਵਿੱਚ ਭਾਰਤ ਵੱਲ ਚੀਨ ਅਤੇ ਰੂਸ ਦੇ ਵੱਧ ਰਹੇ ਝੁਕਾਅ ਨੇ ਡੋਨਾਲਡ ਟਰੰਪ ਦੇ ਪਸੀਨੇ ਛੁਡਾ ਦਿੱਤੇ ਹਨ। ਚੀਨ ਨੇ ਭਾਰਤ ਵਿੱਚ ਅਰਬਾਂ ਖਰਬਾਂ ਦੀਆਂ ਫੈਕਟਰੀਆਂ ਲਾਉਣ ਦੀ ਰਜ਼ਾਮੰਦੀ ਦੇ ਦਿੱਤੀ ਹੈ। ਦੋਸਤ ਸਦੀਆਂ ਤੋਂ ਭਾਰਤ ਨਾਲ ਖੜ੍ਹਦਾ ਆ ਰਿਹਾ ਹੈ। ਟਰੰਪ ਦੀ ਲਾਲਚੀ ਬਿਰਤੀ ਨੇ ਦੋਹਾਂ ਮੁਲਕਾਂ ਵਿੱਚ ਕੁੜੱਤਣ ਪੈਦਾ ਕੀਤੀ ਹੈ। ਉਹ ਭਾਰਤ ਤੋਂ ਮੋਟਾ ਪੈਸਾ ਕਮਾਉਣਾ ਚਾਹੁੰਦੇ ਹਨ ਪਰ ਹੈਂਕੜਬਾਜ਼ਾਂ ਵਾਲਾ ਵਤੀਰਾ ਵੀ ਨਹੀਂ ਛੱਡਣਾ ਚਾਹੁੰਦੇ ਹਨ। ਹੁਣ ਅਮਰੀਕਾ ਵਿੱਚ ਵੀ ਇਹ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਅਗਲੀ ਵਾਰ ਵੋਟਰ ਉਹਨਾਂ ਨੂੰ ਨੇੜੇ ਨਹੀਂ ਫਟਕਣ ਦੇਣਗੇ ਪਰ ਉਹਨਾਂ ਨੂੰ ਡਰ ਹੈ ਕਿ ਇਸ ਤੋਂ ਪਹਿਲਾਂ ਉਹ ਆਪਣੇ ਮੁਲਕ ਦੀ ਆਰਥਿਕਤਾ ਨੂੰ ਮੂਧੇ ਮੂੰਹ ਸੁੱਟ ਕੇ ਜਾਣਗੇ। ਹੋਰ ਤਾਂ ਹੋਰ ਉਹ ਇਹ ਵੀ ਮਹਿਸੂਸਣ ਲੱਗੇ ਹਨ ਕਿ ਭਾਰਤ ਉੱਤੇ ਜ਼ਿਆਦਾ ਟੈਕਸ ਲਾਉਣ ਨਾਲ ਰਿਸ਼ਤਿਆਂ ਵਿੱਚ ਖਟਾਸ ਆਈ ਹੈ, ਜਿਹੜੀ ਕਿ ਚੰਗੀ ਗੱਲ ਨਹੀਂ ਹੈ।**

ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਕਈ ਕਾਰਨਾਂ ਕਰਕੇ ਚਰਚਾ ਵਿੱਚ ਹੈ। ਵੈਸੇ ਇਹ ਕੋਈ ਅਨੂਠੀ ਗੱਲ ਨਹੀਂ ਹੈ। ਸਮੇਂ ਸਮੇਂ 'ਤੇ ਉਸ ਦੀਆਂ ਅਜੀਬੋ ਗਰੀਬ ਹਰਕਤਾਂ ਅਤੇ ਬੇਤੁਕੇ ਬਿਆਨ ਇਹ ਸਾਬਿਤ ਕਰਦੇ ਹਨ ਕਿ ਉਸ ਨੂੰ ਵਿਵਾਦਾਂ ਵਿੱਚ ਰਹਿਣਾ ਰਾਸ ਆਉਂਦਾ ਰਿਹਾ ਹੈ। ਦੇਸ਼ ਵਿਦੇਸ਼ ਨਾਲ ਸਬੰਧਤ ਉਸਦੇ ਫੈਸਲੇ ਤੇ ਨੀਤੀਆਂ ਨੇ ਉਸ ਨੂੰ ਆਪਣੇ ਤੇ ਬੇਗਾਨੇ ਤੋਂ ਦੂਰ ਕੀਤਾ ਹੈ। ਇਕ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਉਸ ਦੀ ਹਰਮਨਪਿਆਰਤਾ 43 ਫ਼ੀਸਦੀ ਘਟੀ ਹੈ।

ਇਸ ਤੋਂ ਪਹਿਲਾਂ ਜਦੋਂ ਪਿਛਲੀ ਵਾਰ ਉਹ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ ਤਦ ਵੀ ਉਹਨਾਂ ਦਾ ਵਾਸਤਾ ਵਿਵਾਦਾਂ ਨਾਲ ਜੁੜਿਆ ਰਿਹਾ ਸੀ। ਜੂਨ 2018 ਵਿੱਚ ਉਹ ਟਵਿਟਰ ਪਰ ਲਿਖਦੇ ਹਨ ਕਿ ਮੇਰੇ ਕੋਲ ਆਪਣੇ ਆਪ ਨੂੰ ਮੁਆਫ ਕਰਨ ਦਾ ਪੂਰਨ ਅਧਿਕਾਰ ਹੈ। ਅਜਿਹਾ ਕਿਉਂ ਕਰੂੰਗਾ ਜਦ ਮੈਂ ਕੁਝ ਗਲਤ ਕੀਤਾ ਹੀ ਨਹੀਂ। ਇਸ ਬਿਆਨ ਨੇ ਰਾਜਨੀਤੀ ਵਿੱਚ ਹੰਗਾਮਾ ਖੜ੍ਹਾ ਕਰ ਦਿੱਤਾ ਸੀ। ਟਰੰਪ ਤੇ ਉਸ ਸਮੇਂ ਰੂਸ ਵੱਲੋਂ ਚੋਣਾਂ ਵਿੱਚ ਹੋਈ ਧਾਂਦਲੀਆਂ ਦੇ ਦੋਸ਼ ਲਾਏ ਗਏ ਸਨ। ਪਰ ਉਹ ਆਪਣੇ ਆਪ ਨੂੰ ਇੱਕ ਤਰ੍ਹਾਂ ਨਾਲ ਕਾਨੂੰਨ ਤੋਂ ਦੱਸਦੇ ਰਹੇ ਸਨ। ਸਾਲ 2017 ਵਿੱਚ ਟਰੰਪ ਨੇ ਅੱਧੀ ਰਾਤ ਨੂੰ ਟਵਿੱਟਰ ਕਰਕੇ ਇੱਕ ਅਜੀਬ ਸ਼ਬਦ ਲਿਖਿਆ ਜਿਸ ਦੇ ਕਈ ਅਰਥ ਨਿਕਲਦੇ ਸਨ। ਪੂਰੇ ਮੁਲਕ ਵਿੱਚ ਕੋਹਰਾਮ ਮੱਚ ਗਿਆ ਤਾਂ ਉਸ ਨੇ ਇਹ ਕਹਿ ਖਹਿੜਾ ਛੁਡਾਇਆ ਕਿ ਇੱਕ ਟਾਈਪਿੰਗ ਗਲਤੀ ਸੀ। ਅਗਲੇ ਦਿਨ ਟਰੰਪ ਨੇ ਉਸ ਨੂੰ ਵੀ ਮਜ਼ਾਕ ਵਿੱਚ ਉੜਾ ਦਿੱਤਾ।

ਦੁਬਾਰਾ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਉਹਨਾਂ ਦਾ ਨਾਤਾ ਲਗਾਤਾਰ ਵਿਵਾਦਾਂ ਨਾਲ ਜੁੜਿਆ ਰਿਹਾ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਈ ਅਣਐਲਾਨੀ ਜੰਗ ਨੂੰ ਲੈ ਕੇ ਉਹ 30 ਵਾਰ ਵਿਚੋਲਗਿਰੀ ਨਾਲ ਖ਼ਤਮ ਕਰਨ ਦਾ ਦਾਅਵਾ ਕਰ ਚੁੱਕੇ ਹਨ। ਜਦੋਂ ਉਹਨਾਂ ਦੀ ਨਹੀਂ ਪੁੱਗੀ ਤਦ ਉਹ ਭਾਰਤ ਵੱਲੋਂ ਰੂਸ ਤੋਂ ਵੱਧ ਤੇਲ ਖਰੀਦਣ ਨੂੰ ਲੈ ਕੇ ਤਰਲੋ ਮੱਛੀ ਹੋ ਉੱਠੇ। ਉਹਨਾਂ ਦੀਆਂ ਗਿੱਦੜ ਭਬਕੀਆਂ ਕਿਸੇ ਕੰਮ ਨਾ ਆਈਆਂ ਤਾਂ ਅੰਤ ਨੂੰ ਆਪਣਾ ਰੂਟ ਬਦਲ ਲਿਆ।

ਉਸ ਤੋਂ ਟੈਰਿਫ 'ਤੇ ਤੇਲ ਖਰੀਦ ਕਰਨ ਅਮਰੀਕਾ ਤੇ ਭਾਰਤ ਵਿਚਾਲੇ ਪੈਦਾ ਹੋਏ ਤਨਾਵ ਦੇ ਬਾਵਜੂਦ ਹੁਣ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਖਾਸ ਸਬੰਧ ਹਨ, ਇਹ ਚਿੰਤਾ ਦੀ ਕੋਈ ਗੱਲ ਨਹੀਂ ਹੈ ਬਸ ਕਦੀ ਕਦੀ ਕੋਈ ਅਜਿਹੇ ਪਲ ਆ ਜਾਂਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਮੈਂ ਮੋਦੀ ਨੂੰ ਦੋਸਤ ਮੰਨਿਆ ਪਰ ਉਸ ਦੇ ਕੰਮ ਪਸੰਦ ਨਹੀਂ। ਇਸ ਤੋਂ ਪਹਿਲੀ ਵਾਰ ਜਦੋਂ ਅਮਰੀਕਾ ਵਿੱਚ ਟਰੰਪ ਚੋਣ ਜਿੱਤੇ ਸਨ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸ ਦੇ ਹੱਕ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਚਾਰ ਕਰਨ ਗਏ ਸਨ ਅਤੇ ਉਹਨਾਂ ਨੇ ਅਬ ਕੀ ਵਾਰ ਟਰੰਪ ਸਰਕਾਰ ਦਾ ਨਾਅਰਾ ਦਿੱਤਾ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਉਹ ਟਰੰਪ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ।

ਟਰੰਪ ਨੇ ਵਾਈਟ ਹਾਊਸ 'ਚ ਆਪਣੇ ਦਫਤਰ ਵਿੱਚ ਗੱਲ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਨਰਿੰਦਰ ਮੋਦੀ ਦੋਸਤ ਰਹਿਣਗੇ। ਉਹ ਸ਼ਾਨਦਾਰ ਪ੍ਰਧਾਨ ਮੰਤਰੀ ਹਨ ਪਰ ਉਸ ਨੂੰ ਮੋਦੀ ਵੱਲੋਂ ਕੀਤੇ ਕੰਮ ਪਸੰਦ ਨਹੀਂ ਆ ਰਹੇ ਹਨ। ਭਾਰਤ ਅਤੇ ਅਮਰੀਕਾ ਵਿਚਾਲੇ ਖਾਸ ਸਬੰਧ ਹਨ, ਚਿੰਤਾ ਦੀ ਕੋਈ ਗੱਲ ਨਹੀਂ ਹੈ। ਬਸ ਕਦੀ ਕਦੀ ਕੁਝ ਅਜਿਹੇ ਪਲ ਆ ਜਾਂਦੇ ਹਨ। ਉਹਨਾਂ ਨੇ ਇੱਕ ਸਵਾਲ ਦੇ ਜਵਾਬ 'ਚ ਇਹ ਕਿਹਾ ਹੈ। ਟਰੰਪ ਮੁੜ ਇਹ ਕਹਿਣ ਤੋਂ ਨਾ ਰੁਕੇ ਕਿ ਉਹ ਇਸ ਗੱਲ ਤੋਂ ਬਹੁਤ ਨਿਰਾਸ਼ ਹਨ ਕਿ ਭਾਰਤ ਰੂਸ ਤੋਂ ਇੰਨਾ ਜ਼ਿਆਦਾ ਤੇਲ ਖਰੀਦ ਰਿਹਾ ਹੈ।

ਅਸਲ ਵਿੱਚ ਭਾਰਤ ਵੱਲ ਚੀਨ ਅਤੇ ਰੂਸ ਦੇ ਵੱਧ ਰਹੇ ਝੁਕਾਅ ਨੇ ਡੋਨਾਲਡ ਟਰੰਪ ਦੇ ਪਸੀਨੇ ਛੁਡਾ ਦਿੱਤੇ ਹਨ। ਚੀਨ ਨੇ ਭਾਰਤ ਵਿੱਚ ਅਰਬਾਂ ਖਰਬਾਂ ਦੀਆਂ ਫੈਕਟਰੀਆਂ ਲਾਉਣ ਦੀ ਰਜ਼ਾਮੰਦੀ ਦੇ ਦਿੱਤੀ ਹੈ। ਦੋਸਤ ਸਦੀਆਂ ਤੋਂ ਭਾਰਤ ਨਾਲ ਖੜ੍ਹਦਾ ਆ ਰਿਹਾ ਹੈ। ਟਰੰਪ ਦੀ ਲਾਲਚੀ ਬਿਰਤੀ ਨੇ ਦੋਹਾਂ ਮੁਲਕਾਂ ਵਿੱਚ ਕੁੜੱਤਣ ਪੈਦਾ ਕੀਤੀ ਹੈ। ਉਹ ਭਾਰਤ ਤੋਂ ਮੋਟਾ ਪੈਸਾ ਕਮਾਉਣਾ ਚਾਹੁੰਦੇ ਹਨ ਪਰ ਹੈਂਕੜਬਾਜ਼ਾਂ ਵਾਲਾ ਵਤੀਰਾ ਵੀ ਨਹੀਂ ਛੱਡਣਾ ਚਾਹੁੰਦੇ ਹਨ। ਹੁਣ ਅਮਰੀਕਾ ਵਿੱਚ ਵੀ ਇਹ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਅਗਲੀ ਵਾਰ ਵੋਟਰ ਉਹਨਾਂ ਨੂੰ ਨੇੜੇ ਨਹੀਂ ਫਟਕਣ ਦੇਣਗੇ ਪਰ ਉਹਨਾਂ ਨੂੰ ਡਰ ਹੈ ਕਿ ਇਸ ਤੋਂ ਪਹਿਲਾਂ ਉਹ ਆਪਣੇ ਮੁਲਕ ਦੀ ਆਰਥਿਕਤਾ ਨੂੰ ਮੂਧੇ ਮੂੰਹ ਸੁੱਟ ਕੇ ਜਾਣਗੇ। ਹੋਰ ਤਾਂ ਹੋਰ ਉਹ ਇਹ ਵੀ ਮਹਿਸੂਸਣ ਲੱਗੇ ਹਨ ਕਿ ਭਾਰਤ ਉੱਤੇ ਜ਼ਿਆਦਾ ਟੈਕਸ ਲਾਉਣ ਨਾਲ ਰਿਸ਼ਤਿਆਂ ਵਿੱਚ ਖਟਾਸ ਆਈ ਹੈ, ਜਿਹੜੀ ਕਿ ਚੰਗੀ ਗੱਲ ਨਹੀਂ ਹੈ। ਉਸਨੇ ਇਹ ਵੀ ਕਿਹਾ ਕਿ ਉਹ ਯੂਰਪ ਯੂਨੀਅਨ ਨਾਲ ਵੀ ਨਾਰਾਜ਼ ਹਨ ਕਿਉਂਕਿ ਸਿਰਫ ਗੂਗਲ ਨਾਲ ਹੀ ਨਹੀਂ ਸਗੋਂ ਸਾਰੀਆਂ ਵੱਡੀਆਂ ਕੰਪਨੀਆਂ ਨਾਲ ਜੋ ਹੋ ਰਿਹਾ ਹੈ ਉਸ ਤੋਂ ਨਰਾਜ਼ਗੀ ਪੈਦਾ ਹੋਣੀ ਕੁਦਰਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੋਨਾਲਡ ਟਰੰਪ ਦੇ ਬਦਲੇ ਤੇਵਰਾਂ ਬਾਰੇ ਕਿਹਾ ਕਿ ਭਾਰਤ ਅਤੇ ਅਮਰੀਕਾ ਸਬੰਧਾਂ ਦੇ ਸਾਕਾਰਮਤਕ ਮੁਲਾਂਕਣ ਲਈ ਅਮਰੀਕੀ ਰਾਸ਼ਟਰਪਤੀ ਦੀ ਸ਼ਲਾਘਾ ਕਰਦੇ ਹਨ। ਟਰੰਪ ਦਾ ਰੰਗ ਬਦਲਣਾ ਦੋਹਾਂ ਦੇਸ਼ਾਂ ਵਿਚਾਲੇ ਤਨਾਅ ਖਤਮ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾਣਾ ਬਣਦਾ ਹੈ। ਮੋਦੀ ਨੇ ਐਕਸ 'ਤੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੀਆਂ ਭਾਵਨਾਵਾਂ ਤੇ ਸਾਡੇ ਸਬੰਧਾਂ ਨੂੰ ਲੈ ਕੇ ਉਹਨਾਂ ਦੀ ਸਾਕਾਰਮਿਕ ਸੋਚ ਦੀ ਸ਼ਲਾਘਾ ਕਰਨੀ ਬਣਦੀ ਹੈ ਅਤੇ ਉਸਦੀ ਪੂਰੀ ਤਰ੍ਹਾਂ ਹਮਾਇਤ ਵੀ ਕੀਤੀ ਜਾਣੀ ਬਣਦੀ ਹੈ। ਦੋਵਾਂ ਆਗੂਆਂ ਨੇ 17 ਜੂਨ ਨੂੰ ਫੋਨ 'ਤੇ ਹੋਈ ਗੱਲਬਾਤ ਤੋਂ ਬਾਅਦ ਪਹਿਲੀ ਵਾਰ ਇੱਕ ਦੂਜੇ ਬਾਰੇ ਬਿਆਨ ਦਿੱਤੇ ਹਨ। ਭਾਰਤੀ ਵਸਤਾਂ 'ਤੇ 50 ਫੀਸਦੀ ਟੈਕਸ ਲਾਉਣ ਦੇ ਟਰੰਪ ਦੇ ਫੈਸਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵੱਧ ਗਿਆ ਸੀ ਇਸ ਦੇ ਵਿੱਚੋਂ 25 ਫੀਸਦੀ ਟੈਕਸ ਰੂਸ ਤੋਂ ਕੱਚਾ ਤੇਲ ਖ਼ਰੀਦਣ ਨੂੰ ਲੈ ਕੇ ਲਾਇਆ ਗਿਆ ਸੀ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਰੰਪ ਨਾਲ ਵਿਗੜੇ ਸਬੰਧਾਂ ਨੂੰ ਲੈ ਕੇ ਬੜੇ ਸਬਰ ਨਾਲ ਚੱਲੇ ਹਨ। ਉਹਨਾਂ ਨੇ ਟਰੰਪ ਨੂੰ ਮੋੜਵਾਂ ਜਵਾਬ ਨਹੀਂ ਦਿੱਤਾ ਸਗੋਂ ਇਕ ਖ਼ਾਸ ਰਣਨੀਤੀ ਤਹਿਤ ਉਸ ਨੂੰ ਇਕੱਲਿਆਂ ਹੀ ਨਹੀਂ ਪਾਇਆ ਵਪਾਰ ਦੀ ਚਾਲ ਵੀ ਮੱਠੀ ਕਰ ਦਿੱਤੀ। ਵਿੱਚ ਵਿਚਾਲੇ ਤਾਂ ਇਹ ਵੀ ਗੱਲ ਉੱਠੀ ਸੀ ਕਿ ਨਰਿੰਦਰ ਮੋਦੀ ਨੇ ਟਰੰਪ ਦੇ ਫ਼ੋਨ ਦਾ ਜਵਾਬ ਨਹੀਂ ਦਿੱਤਾ। ਟਰੰਪ ਵੱਲੋਂ ਮੋਦੀ ਨੂੰ ਚਾਰ ਵਾਰ ਮੋਬਾਈਲ ਫ਼ੋਨ ਤੋਂ ਕਾਲ ਕੀਤੀ ਦੱਸੀ ਜਾਂਦੀ ਹੈ ਉਸਦੇ ਪੱਲੇ ਨਿਰਾਸ਼ਾ ਹੀ ਪਈ ਸੀ। ਆਮ ਕਰਕੇ ਪ੍ਰਧਾਨ ਮੰਤਰੀਆਂ ਦੇ ਫੋਨ ਇੱਕ ਦੂਜੇ ਨੂੰ ਵਿਸ਼ੇਸ਼ ਪ੍ਰੋਟੋਕਾਲ ਰਾਹੀਂ ਆਉਂਦੇ ਹਨ।

ਭਾਰਤ ਸ਼ਾਇਦ ਇਹ ਵੀ ਨਹੀਂ ਭੁੱਲਿਆ ਕਿ ਟਰੰਪ ਨੇ ਤਾਂ ਭਾਰਤ ਉੱਤੇ ਏਨਾਂ ਦਬਾਅ ਬਣਾਉਣ ਦੀ ਚਾਲ ਖੇਡੀ ਸੀ ਕਿ ਦੋਹਾਂ ਦੇਸ਼ਾਂ ਦਰਮਿਆਨ ਲੜਾਈ ਇਸ ਕਰਕੇ ਰੁਕਵਾਈ ਗਈ ਸੀ ਕਿਉਂਕਿ ਪਾਕਿਸਤਾਨ ਬੰਬਾਂ ਵੱਲ ਨੂੰ ਹੱਥ ਵਧਾਉਣ ਲੱਗਾ ਸੀ।

ਭਾਰਤ ਸ਼ਾਇਦ ਇਹ ਵੀ ਨਹੀਂ ਭੁੱਲਿਆ ਕਿ ਟਰੰਪ ਨੇ ਅਮਰੀਕਾ ਤੋਂ ਭਾਰਤੀ ਜਾਂ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ ਡਿਪੋਰਟ ਕਰਨ ਵੇਲੇ ਉਹਨਾਂ ਦੇ ਹੱਥਾਂ ਤੇ ਪੈਰਾਂ ਨੂੰ ਬੇੜੀਆਂ ਪਾ ਕੇ ਜਹਾਜ਼ਾਂ ਵਿੱਚ ਭੁੱਖਣ ਭਾਣੇ ਸੁੱਟਿਆ ਸੀ।

ਭਾਰਤ ਵਿਸ਼ਵ ਦੀ ਸਭ ਤੋਂ ਚੌਥੀ ਵੱਡੀ ਸ਼ਕਤੀ ਹੈ।? ਇਸ ਨੂੰ ਵਿਸ਼ਵ ਗੁਰੂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਤੇ ਉਹ ਮੁਲਕ ਨੂੰ ਚਲਾਉਣਾ ਜਾਣਦੇ ਹਨ। ਕੋਈ ਕਿਸੇ ਦੀ ਟੈਂਅ ਵੀ ਨਹੀਂ ਮੰਨਦੇ ਹਨ। ਹਾਂ ਇੱਕ ਗੱਲ ਇਹ ਵੀ ਕਰਨੀ ਬਣਦੀ ਹੈ ਕਿ ਜ਼ਰੂਰੀ ਨਹੀਂ ਜਿਹੜਾ ਰੰਗ ਹੁਣ ਟਰੰਪ ਨੇ ਬਦਲਿਆ ਹੈ ਉਹ ਉਸੇ ਵਿੱਚ ਰੰਗਿਆ ਰਵੇ। ਉਹਦੇ ਬਦਲਦੇ ਰੰਗਾਂ ਦੀ ਦੁਨੀਆਂ ਨਾਲ ਖੇਡਦੇ ਰਹਿਣਾ ਪਵੇਗਾ।



ਬਘੇਲ ਸਿੰਘ ਧਾਲੀਵਾਲ
99142-58142

# ਬੇਹੱਦ ਮੁਸ਼ਕਲ ਦੌਰ 'ਚੋਂ ਗੁਜ਼ਰ ਰਿਹੈ ਪੰਜਾਬ, ਫਿਰ ਵੀ ਚੜ੍ਹਦੀਕਲਾ ਵਿੱਚ

ਪੰਜਾਬ ਇਸ ਸਮੇ ਬਹੁਤ ਔਖੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਦਰਿਆਵਾਂ, ਡੈਮਾਂ ਦੇ ਪਾਣੀਆਂ ਨੇ ਪੰਜਾਬ ਨੂੰ ਬਰਬਾਦ ਕਰਨ ਦੀ ਪੱਕੀ ਠਾਣ ਲਈ ਜਾਪਦੀ ਹੈ। ਇੰਜ ਜਾਪਦਾ ਹੈ ਜਿਵੇਂ ਸਾਡੇ ਦਰਿਆ ਵੀ ਸਾਡੇ ਨਾ ਹੋ ਕੇ ਸਮੇਂ ਦੇ ਹਾਕਮਾਂ ਦੇ ਸਿਰਜੇ ਪੰਜਾਬ ਵਿਰੋਧੀ ਪ੍ਰਵਚਨਾਂ ਦਾ ਹਿੱਸਾ ਬਣ ਗਏ ਹੋਣ। ਡੈਮਾਂ ਦਾ ਤਾਂ ਕਹਿਣਾ ਹੀ ਕੀ ਹੈ, ਜਿਨ੍ਹਾਂ ਨੂੰ ਮਨੁੱਖ ਨੇ ਖੁਦ ਬਣਾਇਆ ਹੈ ਅਤੇ ਬਣਾਉਣ ਵਾਲੇ ਉਹਨਾਂ ਨੂੰ ਲੋਕ ਭਲਾਈ ਵਾਸਤੇ ਵੀ ਵਰਤ ਸਕਦੇ ਹਨ ਅਤੇ ਲੋਕਾਂ ਦੀ ਬਰਬਾਦੀ ਵਾਸਤੇ ਵੀ, ਜਿਸਤਰ੍ਹਾਂ ਹੁਣ ਦੇਖਿਆ ਜਾ ਰਿਹਾ ਹੈ, ਇਹ ਲੋਕਾਂ ਦੀ ਬਰਬਾਦੀ ਵਾਲਾ ਸੰਕਲਪ ਹੈ, ਜੇਕਰ ਲੋਕ ਭਲਾਈ ਲਈ ਵਰਤਣਾ ਹੁੰਦਾ ਤਾਂ ਜਦੋਂ ਜੂਨ ਮਹੀਨੇ ਵਿੱਚ ਪੰਜਾਬ ਨੇ ਬੀ ਬੀ ਐਮ ਬੀ ਤੋਂ ਪਾਣੀ ਮੰਗਿਆ ਸੀ, ਉਦੋਂ ਘੱਟੋ ਘੱਟ ਵਾਧੂ ਪਾਣੀ ਵਿੱਚੋਂ ਤਾਂ ਦੇਣਾ ਚਾਹੀਦਾ ਸੀ, ਪਰ ਪੰਜਾਬ ਨੂੰ ਮਾਲਕ ਹੋਕੇ ਵੀ ਪਿਆਸੇ ਮਰਨ ਲਈ ਮਜਬੂਰ ਹੋਣਾ ਪੈਂਦਾ ਹੈ। ਰਾਇਪੇਰੀਅਨ ਕਾਨੂੰਨ ਇਸ ਕਰਕੇ ਹੀ ਪੰਜਾਬ ਨੂੰ ਮਾਲਕੀ ਦੇ ਅਧਿਕਾਰ ਦਿੰਦੇ ਹਨ, ਕਿਉਂਕਿ ਹੜ੍ਹਾਂ ਵੇਲੇ ਨੁਕਸਾਨ ਵੀ ਪੰਜਾਬ ਨੂੰ ਹੀ ਝੱਲਣਾ ਪੈਂਦਾ ਹੈ, ਇਹ ਸੱਚ ਵੀ ਹੈ ਕਿ ਹੋਏ ਨੁਕਸਾਨ ਦੀ ਭਰਪਾਈ ਹਮੇਸ਼ਾ ਪੰਜਾਬ ਨੇ ਖੁਦ ਹੀ ਕੀਤੀ ਹੈ ਅਤੇ ਪੰਜਾਬ ਦਾ ਇਹ ਦੇਸ਼ ਵਾਸੀਆਂ ਪ੍ਰਤੀ ਗਿਲਾ ਵੀ ਹੈ ਕਿ ਪੰਜਾਬ ਔਖੇ ਸਮੇਂ ਵਿੱਚ ਹਮੇਸ਼ਾ ਸਭ ਦੇ ਨਾਲ ਖੜਦਾ ਹੈ, ਪਰ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਦੇ ਨਾਲ ਕੋਈ ਨਹੀਂ ਖੜ੍ਹਿਆ। ਉਹਨਾਂ ਲੋਕਾਂ ਨੇ ਵੀ ਹਾਅ ਦਾ ਨਾਅਰਾ ਨਹੀਂ ਮਾਰਿਆ, ਜਿਨ੍ਹਾਂ ਦੇ ਦੁੱਖ ਸੁੱਖ ਵਿੱਚ ਪੰਜਾਬੀ ਖੜ੍ਹਦੇ ਰਹੇ ਹਨ ਅਤੇ ਹਮੇਸ਼ਾ ਖੜ੍ਹਦੇ ਹਨ। ਪੰਜਾਬੀਆਂ ਨੇ ਕੇਰਲਾ, ਉੜੀਸਾ, ਬੰਬੇ ਤੱਕ ਹੜ੍ਹਾਂ ਦੀ ਕਰੋਪੀ ਵਿੱਚ ਮਦਦ ਕੀਤੀ ਹੈ, ਕਦੇ ਕਿਸੇ ਦਾ ਰੰਗ ਨਸਲ ਦੇਖ ਕੇ ਸੇਵਾ ਤੋਂ ਮੁੱਖ ਨਹੀਂ ਮੋੜਿਆ ਪਰ ਜਦੋਂ ਪੰਜਾਬ 'ਤੇ ਕੋਈ ਬਿਪਤਾ ਪੈਂਦੀ ਹੈ ਤਾਂ ਕੋਈ ਜ਼ੁਬਾਨ ਤੱਕ ਨਹੀਂ ਖੋਲਦਾ, ਇੱਥੋਂ ਤੱਕ ਕਿ ਨੈਸ਼ਨਲ ਮੀਡੀਆ ਵੀ ਜੇਕਰ ਗੱਲ ਕਰਦਾ ਹੈ ਤਾਂ ਪੰਜਾਬ ਨੂੰ ਦੋਸ਼ੀ ਬਣਾ ਕੇ ਪੇਸ਼ ਕਰਦਾ ਹੈ। ਕਈ ਤਾਂ ਪੰਜਾਬ ਨੂੰ ਇਹਨਾਂ ਹੜ੍ਹਾਂ ਦਾ ਜ਼ਿੰਮੇਵਾਰ ਵੀ ਘੋਸ਼ਤ ਕਰ ਦਿੰਦੇ ਹਨ, ਜਿਸ ਵਿੱਚ ਕੁੱਝ ਇੱਕ ਪੰਜਾਬ ਦੇ ਵਿਕਾਊ ਕਿਸਮ ਦੇ ਪੱਤਰਕਾਰ ਵੀ ਸ਼ਾਮਲ ਹਨ, ਜਿਹੜੇ ਮੱਲੋਮੱਲੀ ਪੰਜਾਬ ਨੂੰ ਸਾਂਗਣ ਵਾਲੇ ਕੁਹਾੜੇ ਦਾ ਦਸਤਾ ਬਣਨ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ :-

'ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ'

ਬੇਹੱਦ ਮਤਲਬੀ ਅਤੇ ਮੁਤੱਸਵੀ ਸਮਾਜ ਅੰਦਰ ਕੁੱਝ ਅਜਿਹੇ ਲੋਕ ਵੀ ਬਚੇ ਹੋਏ ਹਨ ਜਿਹੜੇ ਪੰਜਾਬ ਦੇ ਦਰਦ ਨੂੰ ਸਮਝਦੇ ਹਨ, ਉਹਨਾਂ ਦੀ ਸੇਵਾ ਦੇ ਰਿਣੀ ਹਨ ਅਤੇ ਆਪਣਾ ਰਿਣ ਉਤਾਰਨ ਹਿੱਤ ਹੜ੍ਹ ਪੀੜਤਾਂ ਦੀ ਸੇਵਾ ਲਈ ਉੱਤਰ ਪ੍ਰਦੇਸ ਅਤੇ ਹਰਿਆਣੇ ਤੋਂ ਟਰਾਲੀਆਂ ਰਸਦਾਂ ਦੀਆਂ ਭਰ ਕੇ ਲੈਕੇ ਵੀ ਆਏ ਹਨ, ਪਰ ਬਹੁ ਗਿਣਤੀ ਵਿੱਚ ਭਾਰਤ ਦੇ ਲੋਕਾਂ ਨੂੰ ਪੰਜਾਬ ਦੇ ਦੁੱਖ ਦਰਦ ਨਾਲ ਕੋਈ ਸਰੋਕਾਰ ਨਹੀਂ। ਸੋ ਕਿਸੇ ਵੀ ਬਿਪਤਾ ਦੀ ਘੜੀ ਵਿੱਚ ਮੰਦਭਾਵਨਾ ਰੱਖਣੀ ਇਨਸਾਨੀਅਤ ਦਾ ਘਾਣ ਕਰਨ ਵਰਗਾ ਗੁਨਾਹ ਹੈ, ਪਰ ਜਿੱਥੇ ਪਾਠ ਹੀ ਨਫਰਤਾਂ ਦੇ ਪੜ੍ਹਾਏ ਜਾ ਰਹੇ ਹੋਣ, ਉਥੇ ਇਨਸਾਨੀਅਤ ਦੀ ਆਸ ਵੀ ਕਿਵੇਂ ਰੱਖੀ ਜਾ ਸਕਦੀ ਹੈ। ਇਹ ਹੜ੍ਹਾਂ ਦੀਆਂ ਕਰੋਪੀਆਂ ਜਿੱਥੇ ਕੁਦਰਤੀ ਹਨ, ਉਥੇ ਕੁਦਰਤ ਦੇ ਕਹਿਰ ਦੇ ਬਹਾਨੇ ਵੱਡਾ ਕਹਿਰ ਖੁਦ ਮਨੁੱਖ ਦੁਆਰਾ ਵਰਤਾਇਆ ਜਾ ਰਿਹਾ ਹੈ। ਡੈਮਾਂ ਤੋਂ ਛੱਡਿਆ ਜਾਣ ਵਾਲਾ ਪਾਣੀ ਜੇਕਰ ਸਹੀ ਸਮੇਂ, ਸਹੀ ਢੰਗ ਨਾਲ ਛੱਡ ਦਿੱਤਾ ਜਾਂਦਾ ਤਾਂ ਸ਼ਾਇਦ ਅੱਜ ਵਾਲੀ ਹਾਲਤ ਪੰਜਾਬ ਦੀ ਨਹੀਂ ਸੀ ਹੋਣੀ। ਇਸ ਕਰਕੇ ਇਸ ਕਰੋਪੀ ਨੂੰ ਕੁਦਰਤੀ ਵੀ ਅਤੇ ਗੈਰ ਕੁਦਰਤੀ ਵੀ ਕਹਿਣਾ ਹੀ ਵਾਜਬ ਰਹੇਗਾ। ਭਾਵੇਂ ਬੀਤੇ ਦਿਨੀਂ ਕੇਂਦਰ ਸਰਕਾਰ ਦੇ ਖੇਤੀ ਮੰਤਰੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਗਏ ਹਨ, ਪਰ ਹੁਣ ਖਬਰਾਂ ਇਹ ਵੀ ਆ ਰਹੀਆਂ ਹਨ ਕਿ ਪ੍ਰਧਾਨ ਮੰਤਰੀ ਨਿਰੇਂਦਰ ਮੋਦੀ ਨੇ ਕਿਹਾ ਹੈ ਕਿ ਉਹ ਖੁਦ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕਰਨਗੇ ਅਤੇ ਜੋ ਵੀ ਨੁਕਸਾਨ ਹੋਇਆ ਹੈ, ਉਸਦੇ ਅਨੁਮਾਨ ਅਨੁਸਾਰ ਸਰਕਾਰ ਵੱਲੋਂ ਰਾਹਤ ਮੁਹੱਈਆ ਕਰਵਾਈ ਜਾਵੇਗੀ। ਸਵਾਲ ਇਹ ਉੱਠਦਾ ਹੈ ਕਿ ਫਿਰ ਪਹਿਲਾਂ ਕੇਂਦਰੀ ਮੰਤਰੀ ਨੂੰ ਕਾਹਦੇ ਲਈ ਭੇਜਿਆ ਗਿਆ, ਪਹਿਲਾਂ ਹੀ ਪ੍ਰਧਾਨ ਮੰਤਰੀ ਕਿਉਂ ਨਾ ਆਏ? ਕੀ ਪੰਜਾਬ ਦੇਸ਼ ਦਾ ਹਿੱਸਾ ਨਹੀਂ ਹੈ? ਕਿੰਨਾ ਚੰਗਾ ਹੁੰਦਾ ਜੇਕਰ ਪਹਿਲਾਂ ਹੀ ਪ੍ਰਧਾਨ ਮੰਤਰੀ ਆਪਣੀ ਕੈਬਨਿਟ ਦੇ ਨਾਲ ਖੁਦ ਦੌਰਾ ਕਰਕੇ ਪੀੜਤਾਂ ਦਾ ਹਾਲ ਚਾਲ ਪੁੱਛਦੇ, ਜਿਸ ਨਾਲ ਪੰਜਾਬ ਦੇ ਤੜਫਦੇ ਹਿਰਦਿਆਂ ਨੂੰ ਕੁੱਝ ਰਾਹਤ ਮਿਲਦੀ ਕਿ ਚਲੋ ਭਾਰਤ ਸਰਕਾਰ ਪੀੜਤ ਪੰਜਾਬ ਲਈ ਫਿਕਰਮੰਦ ਤਾਂ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੀਤੀ ਜਾ ਰਹੀ ਰਾਜਨੀਤੀ ਜ਼ਖਮਾਂ 'ਤੇ ਮਲ੍ਹਮ ਨਹੀਂ ਬਲਕਿ ਜ਼ਖਮਾਂ ਨੂੰ ਕੁਦੇੜਨ ਵਾਲਾ ਵਰਤਾਰਾ ਹੈ। ਪਹਿਲਾਂ ਹੀ ਬੁਰੀ ਤਰ੍ਹਾਂ ਨਪੀੜੇ ਜਾ ਰਹੇ ਪੰਜਾਬ ਨਾਲ ਰਾਜਨੀਤਕ ਖੇਡਾਂ ਖੇਡਣੀਆਂ ਨਾ ਹੀ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਲਈ ਸ਼ੁਭ ਹੋਣਗੀਆਂ ਅਤੇ ਨਾ ਹੀ ਕੇਂਦਰ ਦੀ ਭਾਜਪਾ ਸਰਕਾਰ ਲਈ, ਜਿਹੜੀ ਰੁੜ੍ਹ ਚੱਲੇ ਪੰਜਾਬ ਨੂੰ ਬਚਾਉਣ ਦੇ ਅਹਿਸਾਨ ਬਦਲੇ ਰਾਜਨੀਤੀ ਦੇ ਦਾਅ ਖੇਡਣਾ ਚਾਹੁੰਦੀ ਹੈ, ਜਦੋਂਕਿ ਕੁਦਰਤੀ ਆਫਤਾਂ ਨਾਲ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੀ ਭਰਪਾਈ ਤਾਂ ਕੋਈ ਵੀ ਨਹੀਂ ਕਰ ਸਕਦਾ, ਪਰ ਕਿਤੇ ਨਾ ਕਿਤੇ ਸੂਬਿਆਂ ਪ੍ਰਤੀ ਕੇਂਦਰ ਦੀ ਇਹ ਜ਼ਿੰਮੇਵਾਰੀ ਜ਼ਰੂਰ ਬਣਦੀ ਹੈ ਕਿ ਉਹ ਨਫਰਤ ਦੀ ਰਾਜਨੀਤੀ ਛੱਡ ਕੇ ਪੰਜਾਬ ਨੂੰ ਵੀ ਉਸ ਨਜ਼ਰ ਨਾਲ ਹੀ ਦੇਖੇ, ਜਿਹੜੀ ਨਜ਼ਰ ਨਾਲ ਹਿਮਾਚਲ, ਹਰਿਆਣਾ ਆਦਿ ਵਰਗੇ ਹੋਰ ਸੂਬਿਆਂ ਨੂੰ ਦੇਖਦੀ ਹੈ। ਇਸ ਲਈ ਐਨ ਡੀ ਆਰ ਐਫ ਦੁਆਰਾ ਦਿੱਤੀ ਜਾਂਦੀ ਮਦਦ ਪੰਜਾਬ ਦਾ ਹੱਕ ਹੈ, ਇਹ ਕੋਈ ਖੈਰਾਤ ਨਹੀਂ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਅਜੇ ਤੱਕ ਨਾ ਹੀ ਸੂਬਾ ਸਰਕਾਰ ਨੇ ਐਸ ਡੀ ਆਰ ਐਫ ਦੀ ਕੋਈ ਗੱਲ ਕੀਤੀ ਹੈ ਅਤੇ ਨਾ ਹੀ ਕੇਂਦਰ ਨੇ। ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਮੈਂ ਖੁਦ ਜਾਇਜ਼ਾ ਲੈ ਕੇ ਮਦਦ ਭੇਜੂੰਗਾ ਅਤੇ ਮੁੱਖ ਮੰਤਰੀ ਕਹਿ ਰਿਹਾ ਹੈ ਕਿ ਆਪਾਂ ਵੀ ਪੈਸੇ ਪੈਸੇ ਦੀ ਭਰਪਾਈ ਕਰਾਂਗੇ, ਪਰ ਸਚਾਈ ਇਹ ਹੈ ਕਿ ਨਾ ਤਾਂ ਕੇਂਦਰ ਅਤੇ ਨਾ ਹੀ ਪੰਜਾਬ ਕਦੇ ਅਜਿਹੇ ਨੁਕਸਾਨ ਦੀ ਭਰਪਾਈ ਕਰ ਸਕਿਆ ਹੈ, ਬਲਕਿ ਦੋਵੇਂ ਹੀ ਸਰਕਾਰਾਂ ਕਦੇ ਵੀ ਪੰਜਾਬ ਨੂੰ ਲੈ ਕੇ ਗੰਭੀਰ ਨਹੀਂ ਦੇਖੀਆਂ ਗਈਆਂ। ਸੋ ਇਸ ਬੇਹੱਦ ਮੁਸ਼ਕਲ ਭਰੇ ਦੌਰ ਵਿੱਚ ਵੀ ਪੰਜਾਬ ਚੜ੍ਹਦੀਕਲਾ ਵਿੱਚ ਹੈ। ਪੰਜਾਬੀਆਂ ਦੀ ਚੜ੍ਹਦੀਕਲਾ ਅਤੇ ਸੇਵਾ ਭਾਵਨਾ ਨੇ ਹਮੇਸ਼ਾ "ਪੰਜਾਬ ਵਸਦਾ ਗੁਰਾਂ ਦੇ ਨਾਮ ਤੇ" ਵਰਗੇ ਪ੍ਰੇਰਨਾਦਾਇਕ ਕਥਨ ਨੂੰ ਸੱਚ ਕਰ ਦਿਖਾਇਆ ਹੈ, ਜਿਹੜਾ ਆਮ ਤੌਰ 'ਤੇ ਹੀ ਔਖੇ ਸਮਿਆਂ ਵਿੱਚ ਪੰਜਾਬੀਆਂ ਦੀ ਜ਼ੁਬਾਨ ਤੇ ਆਪ ਮੁਹਾਰੇ ਆ ਜਾਂਦਾ ਹੈ। ਸੋ ਪੰਜਾਬ ਅੰਦਰ ਸ਼ਿੱਦਤ ਨਾਲ ਸੇਵਾਵਾਂ ਦੇ ਰਹੀਆਂ ਸਿੱਖ ਸੰਸਥਾਵਾਂ, ਸਮਾਜ ਸੇਵੀ ਸੰਸਥਾਵਾਂ, ਕਲਾਕਾਰ ਅਤੇ ਪੰਜਾਬ ਦੇ ਰਾਜਨੀਤਕ ਲੋਕ, ਜਿਹੜੇ ਵੀ ਇਸ ਔਖੇ ਸਮੇਂ ਵਿੱਚ ਤਨ ਮਨ ਅਤੇ ਧਨ ਨਾਲ ਸੇਵਾ ਵਿੱਚ ਜੁਟੇ ਹੋਏ ਹਨ, ਉਹਨਾਂ ਸਭਨਾਂ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰਾਂ ਦੀਆਂ ਸਿਆਸੀ ਚਾਲਾਂ ਨੂੰ ਸਮਝਦੇ ਹੋਏ ਉਹਨਾਂ ਤੋਂ ਆਸ ਛੱਡ ਕੇ ਖੁਦ ਪੰਜਾਬ ਨੂੰ ਮੁੜ ਤੋਂ ਖੜ੍ਹਾ ਕਰਨ ਲਈ ਸੁਹਿਰਦਤਾ ਨਾਲ ਕੰਮ ਕਰਨ। ਇਹਦੇ ਲਈ ਆਪਸੀ ਤਾਲਮੇਲ ਅਤੇ ਵਿਉਂਤਬੰਦੀ ਬਹੁਤ ਜ਼ਰੂਰੀ ਹੈ, ਤਾਂ ਕਿ ਦਿਨ ਰਾਤ ਇੱਕ ਕਰਕੇ ਕੀਤੀ ਜਾ ਰਹੀ ਸੇਵਾ ਦਾ ਪੀੜਤ ਲੋਕਾਂ ਨੂੰ ਪੂਰਾ ਲਾਭ ਮਿਲ ਸਕੇ।

# ਮਾਝਾ-ਦੁਆਬਾ
ਆਸ ਪਾਸ

## ਸ਼ਹੀਦੀ ਨਗਰ ਕੀਰਤਨ ਗੁ. ਸ੍ਰੀ ਨਾਨਕਮਤਾ ਸਾਹਿਬ ਉੱਤਰਾਖੰਡ ਤੋਂ ਬਰੇਲੀ ਲਈ ਰਵਾਨਾ

### ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ

ਅੰਮ੍ਰਿਤਸਰ, 7 ਸਤੰਬਰ (ਗੁਰਦਆਲ ਸਿੰਘ): ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਉੱਤਰਾਖੰਡ ਤੋਂ ਆਪਣੇ ਅਗਲੇ ਪੜਾਅ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਬਰੇਲੀ ਲਈ ਰਵਾਨਾ ਹੋਇਆ।



ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਗੁਰਬਾਣੀ ਗੁਰ-ਇਤਿਹਾਸ ਬਾਰੇ ਵਿਚਾਰਾਂ ਦੀ ਸਾਂਝ ਪਾਈ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਨਾਨਕਮਤਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਤੇ ਹਾਜਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਅੱਜ ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਉੱਤਰਾਖੰਡ ਤੋਂ ਆਰੰਭ ਹੋ ਕੇ ਸਿਤਾਰਗੰਜ, ਬੜ੍ਹਾਪੁਰ, ਅਮਰੀਆ, ਨਵਾਬਗੰਜ, ਹਾਫਿਸਗੰਜ, ਬਰੇਲੀ ਕੈਂਪ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਬਰੇਲੀ ਵਿਖੇ ਪੁੱਜਾ। ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਇਸ ਨਗਰ ਕੀਰਤਨ ਪ੍ਰਤੀ ਸਥਾਨਕ ਸੰਗਤਾਂ ਵਿਚ ਵੱਡਾ ਉਤਸ਼ਾਹ ਹੈ। ਰਸਤੇ ਵਿਚ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਕਰਕੇ ਭਰਵਾਂ ਸਵਾਗਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕਰਕੇ ਸਤਿਕਾਰ ਦਿੱਤਾ।

ਦੱਸਣਯੋਗ ਹੈ ਕਿ ਇਹ ਸ਼ਹੀਦੀ ਨਗਰ ਕੀਰਤਨ ਅੱਜ ਰਾਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਬਰੇਲੀ ਵਿਖੇ ਰੁਕੇਗਾ, ਜਿਥੋਂ 8 ਸਤੰਬਰ ਨੂੰ ਅਗਲੇ ਪੜਾਅ ਕਾਸ਼ੀਪੁਰ ਉਤਰਾਖੰਡ ਲਈ ਰਵਾਨਾ ਹੋਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਅਮਰਜੀਤ ਸਿੰਘ ਭਲਾਈਪੁਰ, ਅਮਰਜੀਤ ਸਿੰਘ ਬੰਡਾਲਾ, ਮੀਤ ਸਕੱਤਰ ਗੁਰਨਾਮ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਨਾਨਕਮਤਾ ਸਾਹਿਬ ਦੇ ਪ੍ਰਧਾਨ ਜੋਗਿੰਦਰ ਸਿੰਘ, ਅਮਰਜੀਤ ਸਿੰਘ, ਬਾਬਾ ਪਾਲ ਸਿੰਘ ਕਾਰ ਸੇਵਾ ਆਗਰਾ, ਜਥੇਦਾਰ ਬਾਬਾ ਕੁਲਦੀਪ ਸਿੰਘ, ਬਾਬਾ ਮੋਹਨ ਸਿੰਘ ਕਾਰ ਸੇਵਾ ਵਾਲੇ, ਇੰਚਾਰਜ ਜਗਜੀਤ ਸਿੰਘ, ਸਿਮਰਨਜੀਤ ਸਿੰਘ ਕੰਗ, ਚੀਫ ਗੁਰਦੁਆਰਾ ਇੰਸਪੈਕਟਰ ਜਗਦੀਸ਼ ਸਿੰਘ ਬੁੱਟਰ, ਇੰਚਾਰਜ ਸਿੱਖ ਮਿਸ਼ਨ ਉੱਤਰਾਖੰਡ ਭਾਈ ਸੁਖਵਿੰਦਰ ਸਿੰਘ, ਮੀਤ ਮੈਨੇਜਰ ਰਵਿੰਦਰਜੀਤ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਸਮੇਤ ਸੰਗਤਾਂ ਹਾਜ਼ਰ ਸਨ।

## ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਬੰਨ ਬੰਨਣ ਲਈ ਲਗਾਏ ਮੋਰਚੇ 'ਚ ਵਿਧਾਇਕ ਧਾਲੀਵਾਲ ਨੇ ਲਿਆ ਹਿੱਸਾ

ਅਜਨਾਲਾ, 7 ਸਤੰਬਰ (ਸੁਖਦੇਵ ਸਿੰਘ ਖਾਲਸਾ): ਰਾਵੀ ਦਰਿਆ, ਜਿਸ ਨੇ ਅਜਨਾਲਾ ਅਤੇ ਰਮਦਾਸ ਇਲਾਕੇ ਵਿੱਚ ਵੱਡੀ ਤਬਾਹੀ ਲਿਆਂਦੀ ਸੀ, ਦੇ ਟੁੱਟੇ ਹੋਏ ਬੰਨ ਬੰਨਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਨਾਲ ਕਾਰ ਸੇਵਾ ਵਾਲੇ ਮਹਾਂਪੁਰਖ ਵੀ ਵੱਡੀ ਸਰਗਰਮੀ ਨਾਲ ਇਸ ਮੁਹਿੰਮ ਵਿੱਚ ਸਾਥ ਦੇ ਰਹੇ ਹਨ। ਇਸ ਤੋਂ ਪਹਿਲਾਂ ਦੋ ਬੰਨ੍ਹ ਭਰਨ ਦਾ ਕੰਮ ਚੱਲ ਰਿਹਾ ਹੈ ਤੇ ਤੀਸਰਾ ਬੰਨ ਜੋ ਕਿ ਮਾਛੀਵਾਲ ਦਾ ਹੈ, ਨੂੰ ਭਰਨ ਲਈ ਕਾਰ ਸੇਵਾ ਵਾਲੇ ਮਹਾਂਪੁਰਖ ਬਾਬਾ ਜਗਤਾਰ ਸਿੰਘ ਜੀ ਤਰਨ ਤਰਨ ਵਾਲਿਆਂ ਨੇ ਅਰਦਾਸ ਕਰਕੇ ਕਾਰ ਸੇਵਾ ਸ਼ੁਰੂ ਕਰ ਦਿੱਤੀ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵਿਸ਼ੇਸ਼ ਤੌਰ ਉੱਤੇ ਹਾਜ਼ਰ ਹੋਏ। ਵਿਧਾਇਕ ਧਾਲੀਵਾਲ ਨੇ ਮਹਾਂਪੁਰਖਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਵੱਡੇ ਸੰਕਟ ਵਿੱਚ ਅਜਨਾਲਾ ਪਹੁੰਚ ਕੇ ਬਾਬਾ ਜਗਤਾਰ ਸਿੰਘ ਹੁਰਾਂ ਨੇ ਜੋ ਸਾਡਾ ਸਾਥ ਦਿੱਤਾ ਹੈ, ਇਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਉਹਨਾਂ ਦੱਸਿਆ ਕਿ ਇਹ 500 ਮੀਟਰ ਦੇ ਕਰੀਬ ਪਾੜ ਧੁੱਸੀ ਵਿੱਚ ਪਿਆ ਸੀ, ਜਿਸ ਕਾਰਨ ਪਾਣੀ ਅਜਨਾਲਾ ਤੱਕ ਜਾ ਲੱਗਾ ਸੀ। ਉਹਨਾਂ ਦੱਸਿਆ ਕਿ ਮਹਾਂਪੁਰਖ ਅੱਜ ਆਪਣੀ ਵੱਡੀ ਗਿਣਤੀ ਵਿੱਚ ਸੰਗਤ, ਮਸ਼ੀਨਰੀ ਦੇ ਨਾਲ ਇੱਥੇ ਪਹੁੰਚੇ ਹਨ ਤੇ ਉਹਨਾਂ ਨੇ ਅਰਦਾਸ ਕਰਕੇ ਇਹ ਮੋਰਚਾ ਫਤਿਹ ਕਰਨ ਲਈ ਕੰਮ ਸ਼ੁਰੂ ਕੀਤਾ ਹੈ। ਧਾਲੀਵਾਲ ਨੇ ਦੱਸਿਆ ਕਿ ਆਸ ਹੈ ਕਿ ਇਹ ਕੰਮ ਅੱਠ ਦਿਨਾਂ ਦੇ ਵਿੱਚ ਵਿੱਚ ਪੂਰਾ ਕਰ ਲਿਆ ਜਾਵੇਗਾ।



## ਮੁੱਖ ਮੰਤਰੀ ਪੰਜਾਬ ਹੜ੍ਹ ਪੀੜ੍ਹਤ ਇਲਾਕਿਆਂ ਨੂੰ ਰਾਹਤ ਦੇਣ ਲਈ "ਜਿਸ ਦਾ ਖੇਤ ਉਸਦੀ ਰੇਤ" ਨੀਤੀ ਲੈ ਕੇ ਆਉਣ : ਧਾਲੀਵਾਲ

ਅਜਨਾਲਾ, 7 ਸਤੰਬਰ (ਸੁਖਦੇਵ ਸਿੰਘ ਖਾਲਸਾ): ਸਾਬਕਾ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਅਜਨਾਲਾ ਕੁਲਦੀਪ ਸਿੰਘ ਧਾਲੀਵਾਲ, ਜੋ ਕਿ ਹੜ ਵਾਲੇ ਦਿਨ ਤੋਂ ਲੈ ਕੇ ਹੁਣ ਤੱਕ ਲੋਕ ਸੇਵਾ ਵਿੱਚ ਲੱਗੇ ਹੋਏ ਹਨ, ਨੇ ਅੱਜ ਰਾਵੀ ਦਰਿਆ ਦੇ ਨਾਲ ਲੱਗਦੇ ਪਿੰਡ ਮਾਛੀਵਾਲ ਵਿਖੇ ਖੇਤਾਂ ਦਾ ਜਾਇਜ਼ਾ ਲੈਣ ਉਪਰੰਤ ਦੱਸਿਆ ਕਿ ਇਸ ਇਲਾਕੇ ਵਿੱਚ ਰਾਵੀ ਦਰਿਆ ਨੇ ਖੇਤਾਂ ਵਿੱਚ ਚਾਰ-ਚਾਰ ਫੁੱਟ ਰੇਤ ਸੁੱਟ ਦਿੱਤੀ ਹੈ। ਉਹਨਾਂ ਦੱਸਿਆ ਕਿ ਇਹ ਹਾਲ ਰਾਵੀ ਦਰਿਆ ਦੇ ਦੋਵੇਂ ਪਾਸੇ ਹੋਇਆ ਹੈ। ਇਨਾ ਖੇਤਾਂ ਵਿੱਚ ਝੋਨਾ ਲੱਗਾ ਸੀ ਅਤੇ ਉਹ ਪੱਕਣ ਕਿਨਾਰੇ ਸੀ ਕਿ ਹੜ ਆ ਗਏ। ਰਾਵੀ ਦਰਿਆ ਵਿੱਚੋਂ ਰੇਤ ਨਿਕਲ ਕੇ ਇਹਨਾਂ ਖੇਤਾਂ ਦੇ ਵਿੱਚ ਪਹੁੰਚ ਗਈ, ਜੋ ਕਿ ਅੰਦਾਜਨ ਚਾਰ-ਚਾਰ ਫੁੱਟ ਹੈ । ਉਹਨਾਂ ਕਿਹਾ ਕਿ ਇਹਨਾਂ ਖੇਤਾਂ ਵਿੱਚ ਕਦੋਂ ਪਾਣੀ ਸੁੱਕਣਾ ਹੈ ਅਤੇ ਫਿਰ ਰੇਤਾ ਚੁੱਕ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਣੀ ਹੈ, ਜੋ ਕਿ ਬਹੁਤ ਮੁਸ਼ਕਿਲ ਹੈ। ਅਕਤੂਬਰ ਮਹੀਨੇ ਤੱਕ ਕਣਕ ਦੀ ਬਜਾਈ ਹੋ ਜਾਂਦੀ ਹੈ ਤੇ ਇਹਨਾਂ ਦੋ ਮਹੀਨਿਆਂ ਵਿੱਚ ਇਹ ਰੇਤ ਚੁੱਕਣੀ ਅਸੰਭਵ ਹੈ। ਦੂਸਰਾ ਇਸਨੂੰ ਚੁੱਕਣ ਉੱਤੇ ਵੀ ਮਸ਼ੀਨਾਂ ਤੇ ਡੀਜ਼ਲ ਦਾ ਵੱਡਾ ਖਰਚਾ ਕਿਸਾਨਾਂ ਦੇ ਸਿਰ ਤੇ ਖਲੋਤਾ ਹੈ, ਜਿਸ ਨੂੰ ਸੋਚ ਕੇ ਕਿਸਾਨ ਪਰੇਸ਼ਾਨ ਹੋ ਰਿਹਾ ਹੈ। ਉਨਾਂ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦੇ ਕਿਹਾ ਕਿ ਉਹ ਆਪਣੀ ਮਾਈਨਿੰਗ ਨੀਤੀ ਵਿੱਚ ਸੋਧ ਕਰਕੇ ਇਹ ਯਕੀਨੀ ਬਣਾਉਣ ਕਿ ਜਿਸ ਦਾ ਖੇਤ ਹੈ ਉਸ ਦੀ ਰੇਤ ਹੋਵੇ।



ਉਹਨਾਂ ਕਿਹਾ ਕਿ ਇਸ ਨੀਤੀ ਨਾਲ ਕਿਸਾਨ ਇਹ ਰੇਤ ਜਾਂ ਤਾਂ ਆਪ ਵੇਚ ਲਵੇਗਾ ਜਾਂ ਕਿਸੇ ਨੂੰ ਵੇਚ ਕੇ ਇਸ ਦੇ ਪੈਸੇ ਵੱਟ ਲਵੇਗਾ, ਜਿਸ ਨਾਲ ਉਸਦੇ ਪਰਿਵਾਰ ਦਾ ਗੁਜ਼ਾਰਾ ਚੱਲਦਾ ਰਹੇਗਾ। ਇਸ ਲਈ ਮੈਂ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੇ ਮਾਈਨਿੰਗ ਨੀਤੀ ਵਿੱਚ ਇਹ ਹੱਕ ਸਬੰਧਤ ਕਿਸਾਨ ਨੂੰ ਦੇਣ।

## ਕੈਨੇਡਾ ਸਰਕਾਰ ਦੀ ਵਿੱਤੀ ਰਿਪੋਰਟ ਨੇ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਦੀ ਪੁਸ਼ਟੀ ਕੀਤੀ : ਪ੍ਰੋ. ਖਿਆਲਾ

ਅੰਮ੍ਰਿਤਸਰ, 7 ਸਤੰਬਰ (ਗੁਰਦਿਆਲ ਸਿੰਘ): ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੈਨੇਡਾ ਦੇ ਵਿੱਤ ਵਿਭਾਗ ਵੱਲੋਂ ਜਾਰੀ ਕੀਤੀ ਤਾਜ਼ਾ ਰਿਪੋਰਟ 'ਤੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਇਹ ਰਿਪੋਰਟ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਨੂੰ ਪੂਰੀ ਤਰ੍ਹਾਂ ਸਹੀ ਸਾਬਤ ਕਰਦੀ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਮਾਮਲਾ ਸਿਰਫ਼ ਭਾਰਤ ਦੀ ਚਿੰਤਾ ਨਹੀਂ ਰਿਹਾ, ਸਗੋਂ ਪੂਰੇ ਵਿਸ਼ਵ ਲਈ ਇੱਕ ਖੁੱਲ੍ਹੀ ਚੇਤਾਵਨੀ ਹੈ ਕਿ ਲੋਕਤੰਤਰ ਦੇ ਨਾਂ 'ਤੇ ਹਿੰਸਕ ਤੇ ਵੱਖਵਾਦੀ ਤੱਤਾਂ ਨੂੰ ਆਪਣੀ ਧਰਤੀ 'ਤੇ ਫੈਲਣ ਦੇਣਾ ਕਿੰਨਾ ਖ਼ਤਰਨਾਕ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਕੈਨੇਡਾ ਦੀ 2025 ਦੀ 'ਮਨੀ ਲਾਂਡਰਿੰਗ ਅਤੇ ਅਤਿਵਾਦੀ ਫੰਡਿੰਗ ਰਿਪੋਰਟ' ਵਿੱਚ ਕੁਝ ਲੋਕਾਂ ਦੀਆਂ ਸਾਜ਼ਿਸ਼ਾਂ ਕਾਰਨ ਸਿੱਖ ਨਾਵਾਂ ਵਾਲੇ ਵੱਖਵਾਦੀ ਜਥੇਬੰਦੀਆਂਦਾ ਕੈਨੇਡੀਅਨ ਕ੍ਰਿਮੀਨਲ ਕੋਡ ਦੇ ਤਹਿਤਹਮਾਸ ਅਤੇ ਹਿਜ਼ਬੁੱਲਾ ਵਰਗੇ ਬਦਨਾਮ ਅਤਿਵਾਦੀ ਗਰੁੱਪਾਂ ਦੀ ਸ਼੍ਰੇਣੀ ਵਿਚ ਅਤਿਵਾਦੀ ਸੰਗਠਨਾਂ ਵਜੋਂ ਨਾਮਜ਼ਦ ਹੋਣਾਅਮਨਪਸੰਦਪ੍ਰਵਾਸੀ ਸਿਖ ਭਾਈਚਾਰੇ ਲਈ ਨਮੋਸ਼ੀ ਦਾ ਸਬੱਬ ਬਣਨਾ ਅਫ਼ਸੋਸ ਨਾ ਕਰੇ।



ਪ੍ਰੋ. ਖਿਆਲਾ ਨੇ ਦੱਸਿਆ ਕਿ ਕੈਨੇਡਾ ਦੀ ਆਪਣੀ ਖ਼ੁਫ਼ੀਆ ਏਜੰਸੀ CSIS ਪਹਿਲਾਂ ਹੀ ਮੰਨ ਚੁੱਕੀ ਹੈ ਕਿ ਖਾਲਿਸਤਾਨੀ ਗਰੁੱਪ ਕੈਨੇਡਾ ਦੀ ਧਰਤੀ ਤੋਂ ਭਾਰਤ ਵਿਰੁੱਧ ਫੰਡਿੰਗ ਅਤੇ ਸਾਜ਼ਿਸ਼ਾਂ ਨੂੰ ਪੋਸ਼ ਰਹੇ ਹਨ। ਹੁਣ ਵਿੱਤੀ ਰਿਪੋਰਟ ਨੇ ਵੀ ਇਹ ਖ਼ੁਲਾਸਾ ਕਰਕੇ ਇਕ ਵਾਰ ਫਿਰ ਭਾਰਤ ਦੀਆਂ ਸਾਰੀਆਂ ਚਿਤਾਵਨੀਆਂ ਸਹੀ ਸਾਬਤ ਕਰ ਦਿੱਤੀਆਂ ਹਨ।ਰਿਪੋਰਟ ਦਾ ਇਹ ਖ਼ੁਲਾਸਾ ਕਿ ਹਿੰਸਾਵਾਦੀ ਗਰੁੱਪਾਂ ਦੁਆਰਾ ਗੈਰ-ਲਾਭਕਾਰੀ ਅਤੇ ਚੈਰੀਟੇਬਲ ਸੰਸਥਾਵਾਂ ਦੀ ਆੜ ਲੈ ਕੇ 'ਰਾਜਨੀਤਿਕ ਪ੍ਰੇਰਿਤ ਹਿੰਸਕ ਵੱਖਵਾਦ' ਲਈ ਪੈਸਾ ਇਕੱਠਾ ਕਰਨਾ, ਪਰਵਾਸੀ ਭਾਈਚਾਰਿਆਂ ਤੋਂ ਦਾਨ ਲੈਣਾ ਤੇ ਕੈਨੇਡੀਅਨ ਵਿੱਤੀ ਪ੍ਰਣਾਲੀ ਦੀਆਂ ਕਮਜ਼ੋਰੀਆਂ ਦਾ ਨਾਜਾਇਜ਼ ਫ਼ਾਇਦਾ ਚੁੱਕਣਾਇਹ ਸਾਬਤ ਕਰਦਾ ਹੈ ਕਿ ਕੈਨੇਡਾ ਨਾ ਸਿਰਫ਼ ਆਪਣੀਆਂ ਜ਼ਿੰਮੇਵਾਰੀਆਂ ਵਿੱਚ ਨਾਕਾਮ ਹੋਇਆ ਹੈ, ਸਗੋਂ ਉਹਨਾਂ ਤਾਕਤਾਂ ਦਾ ਅੱਡਾ ਬਣ ਗਿਆ ਹੈ ਜੋ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਇਹ ਸਥਿਤੀ ਕੈਨੇਡਾ ਦੀ ਆਪਣੀ ਅੰਦਰੂਨੀ ਸੁਰੱਖਿਆ ਲਈ ਵੀ ਵੱਡਾ ਖ਼ਤਰਾ ਹੈ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਦੇ ਅਧਿਕਾਰੀਆਂ ਨੇ 25,100 ਰੁਪਏ ਹੜ੍ਹ ਪੀੜਤਾਂ ਲਈ ਸੇਵਾ ਦੇ ਤੌਰ 'ਤੇ ਦਿੱਤੇ

ਅੰਮ੍ਰਿਤਸਰ, 7 ਸਤੰਬਰ (ਬਬਲੂ ਮਹਾਜਨ): ਪਿਛਲੇ ਦਿਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਿਆਨ ਜਾਰੀ ਕੀਤਾ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਸਮੂਹ ਮੁਲਾਜ਼ਮਾ ਵੱਲੋਂ ਇੱਕ ਦਿਨ ਦੀ ਤਨਖਾਹ ਹੜ ਪੀੜਤਾਂ ਨੂੰ ਸੇਵਾ ਦੇ ਤੌਰ ਤੇ ਦਿੱਤੀ ਜਾਵੇਗੀ। ਜਿਸਦੇ ਤਹਿਤ ਇੱਕ ਕਰੋੜ ਰੁਪਏ ਦੀ ਰਾਸ਼ੀ ਦਾ ਚੈੱਕ ਉਹਨਾਂ ਵੱਲੋਂ ਹੜ ਪੀੜਤਾਂ ਨੂੰ ਦੇ ਦਿੱਤਾ ਗਿਆ ਹੈ ਤੇ ਇੱਕ ਕਰੋੜ ਰੁਪਏ ਦੀ ਰਾਸ਼ੀ ਦਾ ਹੋਰ ਚੈੱਕ ਦੋ ਚਾਰ ਦਿਨਾਂ ਵਿੱਚ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਲੜੀ ਦੇ ਚਲਦਿਆਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰੇ ਸੂਚਨਾ ਕੇਂਦਰ ਦੇ ਸਮੂਹ ਮੁਲਾਜ਼ਮਾਂ ਵੱਲੋਂ ਹੜ ਪੀੜਤਾਂ ਲਈ 25,100 ਰੁਪਏ ਦੀ ਸੇਵਾ ਰਾਸ਼ੀ ਇਕੱਤਰ ਕੀਤੀ ਗਈ ਹੈ, ਜੋ ਕਿ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਮੈਨੇਜਰ ਨਰਿੰਦਰ ਸਿੰਘ ਨੂੰ ਸੌਂਪ ਦਿੱਤੀ ਗਈ ਹੈ। ਸੂਚਨਾ ਕੇਂਦਰ ਦੇ ਮੁਲਾਜ਼ਮਾਂ ਵੱਲੋਂ ਇੱਕ ਦਿਨ ਦੀ ਤਨਖਾਹ ਦੇਣ ਤੋਂ ਇਲਾਵਾ ਇਹ ਅਹਿਮ ਉਪਰਾਲਾ ਕੀਤਾ ਗਿਆ ਹੈ।



ਚੈੱਕ ਰਾਸ਼ੀ ਭੇਟ ਕਰਨ ਮੌਕੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਰਣਧੀਰ ਸਿੰਘ ਸਰਬਜੀਤ ਸਿੰਘ ਜਤਿੰਦਰ ਨਾਲ ਸਨ।

## ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਨੇ ਹੜ੍ਹ ਪੀੜਤਾਂ ਲਈ ਲਗਾਏ ਡਾਕਟਰੀ ਕੈਂਪ



ਅੰਮ੍ਰਿਤਸਰ, 7 ਸਤੰਬਰ (ਬਬਲੂ ਮਹਾਜਨ): ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ, ਅੰਮ੍ਰਿਤਸਰ ਵਲੋਂ ਖੁੱਲ੍ਹਦਿਲੀ ਦਾ ਸਬੂਤ ਦਿੰਦਿਆਂ ਹੜ੍ਹ ਪੀੜਤਾਂ ਦੇ ਮੁਫ਼ਤ ਇਲਾਜ ਲਈ ਦਰਵਾਜੇ ਖੋਲ ਦਿੱਤੇ ਹਨ। ਡਾ. ਏ. ਪੀ. ਸਿੰਘ, ਡੀਨ, ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਸਪਤਾਲ ਵਿਖੇ ਦਾਖਲ ਹੋਣ ਵਾਲੇ ਹੜ੍ਹ ਪੀੜਤ ਦਾ ਇਲਾਜ ਬਿਲਕੁੱਲ ਮੁਫ਼ਤ ਕੀਤਾ ਜਾਵੇਗਾ।

ਇਸ ਤੋਂ ਇਲਾਵਾ 4 ਐਂਬੂਲੈਂਸਾਂ ਡਾਕਟਰੀ ਟੀਮਾਂ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਉਪਲਬਧ ਕੀਤੀਆਂ ਗਈਆਂ। ਉਹਨਾਂ ਕਿਹਾ ਹੜ੍ਹ ਪੀੜਤ ਇਲਾਕਿਆਂ ਵਿੱਚ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ ਵੱਲੋਂ ਲਗਾਤਾਰ ਮੈਡੀਕਲ ਕੈਂਪ ਲਗਾ ਕੇ ਲੋਕਾਂ ਦੇ ਇਲਾਜ ਕੀਤੇ ਜਾ ਰਹੇ ਹਨਇਸ ਮੌਕੇ ਡਾ ਮਨਜੀਤ ਸਿੰਘ ਉੱਪਲ ਵੀ. ਸੀ. ਤੇ ਡਿਪਟੀ ਰਜਿਸਟਾਰ ਅਮਨਦੀਪ ਸਿੰਘ ਮੌਜੂਦ ਸਨ।

## ਕਰਮਜੀਤ ਸਿੰਘ ਰਿੰਟੂ ਨੇ ਮੀਂਹ ਕਾਰਨ ਰੁਕੇ ਵਿਕਾਸ ਕਾਰਜ ਸ਼ੁਰੂ ਕਰਵਾਏ

ਅੰਮ੍ਰਿਤਸਰ, 7 ਸਤੰਬਰ (ਬਬਲੂ ਮਹਾਜਨ): ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਤੇ ਵਿਧਾਨ ਸਭਾ ਉੱਤਰੀ ਖੇਤਰ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰੀ ਮੀਂਹ ਕਾਰਨ ਵਿਕਾਸ ਕਾਰਜ ਰੁਕ ਗਏ ਸਨ, ਜੋ ਹੁਣ ਸ਼ੁਰੂ ਕਰ ਦਿੱਤੇ ਗਏ ਹਨ। ਰਿੰਟੂ ਨੇ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੂੰ ਮੀਂਹ ਕਾਰਨ ਜੋ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਦਾ ਹੱਲ ਕੀਤਾ ਜਾਵੇਗਾ। ਰਿੰਟੂ ਨੇ ਵਾਰਡ ਨੰ. 9 ਖੇਤਰ ਵਿੱਚ ਸ਼ਾਸਤਰੀ ਨਗਰ ਗੋਪਾਲ ਮੰਦਰ ਨੇੜੇ ਗਲੀਆਂ ਬਣਾਉਣ ਦੇ ਵਿਕਾਸ ਕਾਰਜ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕ ਲੰਬੇ ਸਮੇਂ ਤੋਂ ਟੁੱਟੀਆਂ ਗਲੀਆਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਸਨ। ਹੁਣ ਉਨ੍ਹਾਂ ਦੀ ਇਹ ਸਮੱਸਿਆ ਹੱਲ ਹੋ ਜਾਵੇਗੀ। ਜਲਦੀ ਹੀ ਗਲੀਆਂ ਦੀ ਉਸਾਰੀ ਪੂਰੀ ਹੋਣ ਨਾਲ ਸਥਾਨਕ ਲੋਕਾਂ ਨੂੰ ਰਾਹਤ ਮਿਲੇਗੀ। ਰਿੰਟੂ ਨੇ ਇਸ ਇਲਾਕੇ ਦੇ ਲੋਕਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਸਾਹਿਲ ਸਾਗਰ, ਬੌਬੀ ਸਰੀਨ, ਗੁਰਿੰਦਰ ਗੋਰਾ, ਜਸਵਿੰਦਰ ਸਿੰਘ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

ਕਰਮਜੀਤ ਸਿੰਘ ਰਿੰਟੂ ਨੇ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੱਜ ਗ੍ਰਾਮ ਪੰਚਾਇਤ ਚਾਂਦ ਐਵੇਨਿਊ ਸੈਕਟਰ 2 ਦੀ ਮੁੱਖ ਸੜਕ ਦੇ ਨਿਰਮਾਣ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਸੜਕ ਦਾ ਨਿਰਮਾਣ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੀਂਹ ਕਾਰਨ ਸੜਕਾਂ ਦਾ ਨਿਰਮਾਣ ਕੰਮ ਰੁਕ ਗਿਆ ਸੀ। ਇਸ ਮੌਕੇ ਰਿੰਟੂ ਨੇ ਪੰਚਾਇਤ ਨਾਲ ਵੀ ਮੁਲਾਕਾਤ ਕੀਤੀ ਅਤੇ ਮੀਂਹ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਜਾਣਿਆ। ਉਨ੍ਹਾਂ ਪੰਚਾਇਤ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਵੀਨਾ ਮਹਿਰਾ, ਪ੍ਰਧਾਨ ਅਜੇ ਨੰਦਾ, ਪੰਚ ਰਾਕੇਸ਼ ਖੰਨਾ, ਚੰਦਨ ਪਾਲ ਸਿੰਘ, ਰਾਕੇਸ਼ ਪਾਠਕ, ਸੰਦੀਪ ਲਾਹੌਰੀਆ, ਸਾਰਥੀ ਮਹਿਰਾ, ਮਹੇਸ਼ ਮੁਖੀਜਾ, ਡਾਕਟਰ ਪੁੰਜ, ਪ੍ਰਣਵ ਧਵਨ ਅਤੇ ਇਲਾਕੇ ਦੇ ਲੋਕ ਮੌਜੂਦ ਸਨ। ਕਰਨਜੀਤ ਸਿੰਘ ਰਿੰਟੂ ਨੇ ਉੱਤਰੀ ਵਿਧਾਨ ਸਭਾ ਹਲਕੇ ਦੇ ਗ੍ਰਾਮ ਪੰਚਾਇਤ ਨੌਸ਼ਹਿਰਾ ਖੁਰਦ ਐਨਕਲੇਵ ਵਿੱਚ ਪੰਚਾਇਤ ਮੈਂਬਰਾਂ ਅਤੇ ਸਥਾਨਕ ਲੋਕਾਂ ਨਾਲ ਮੁਲਾਕਾਤ ਕਰਕੇ ਪੂਰੇ ਖੇਤਰ ਦਾ ਨਿਰੀਖਣ ਵੀ ਕੀਤਾ। ਰਿੰਟੂ ਨੇ ਇਸ ਇਲਾਕੇ ਵਿੱਚ ਘਰ-ਘਰ ਜਾ ਕੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਮਝਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਕਾਰਨ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬੀ ਲੋਕਾਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਸੇਠ ਐਨਕਲੇਵ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਆਦਿਤਿਆ, ਉਪ ਪ੍ਰਧਾਨ ਜਸਮੀਤ ਸਿੰਘ, ਜਨਰਲ ਸਕੱਤਰ ਅਮਿਤ ਗੋਸਵਾਮੀ, ਸਕੱਤਰ ਸਾਕਸ਼ੀ ਖੰਨਾ, ਚੰਦਰ ਪ੍ਰਕਾਸ਼ ਤੇ ਸਮੁੱਚੇ ਇਲਾਕੇ ਦੇ ਵਸਨੀਕ ਮੌਜੂਦ ਸਨ।

## ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਮੈਡੀਕਲ ਕੈਂਪ ਸ਼ੁਰੂ

ਨਵੀਂ ਦਿੱਲੀ/ਅੰਮ੍ਰਿਤਸਰ/ਅਜਨਾਲਾ, 7 ਸਤੰਬਰ (ਅੰਮ੍ਰਿਤਪਾਲ ਸਿੰਘ/ਬਬਲੂ ਮਹਾਜਨ/ਗੁਰਦਿਆਲ ਸਿੰਘ/ਸੁਖਦੇਵ ਸਿੰਘ ਖ਼ਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਵਿਚ ਰਾਹਤ ਕਾਰਜ ਪਿਛਲੇ ਕਈ ਦਿਨਾਂ ਤੋਂ ਨਿਰੰਤਰ ਚਲਾਏ ਜਾ ਰਹੇ ਹਨ। ਕਮੇਟੀ ਵੱਲੋਂ ਅਜਨਾਲਾ ਦੇ ਹਡਰਕਲਾਂ ਤੇ ਗੁਜਰਪੁਰ ਪਿੰਡਾਂ ਵਿਚ ਐਸ ਕੇ ਹਸਪਤਾਲ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਵੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿਚ ਡਾਕਟਰਾਂ ਦੀ ਟੀਮ ਮਰੀਜ਼ਾਂ ਦੀ ਜਾਂਚ ਕਰ ਕੇ ਉਹਨਾਂ ਦਾ ਇਲਾਜ ਕਰ ਰਹੀ ਹੈ ਤੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਮੈਂਬਰ ਭੁਪਿੰਦਰ ਸਿੰਘ ਗਿੰਨੀ, ਰਾਜਿੰਦਰ ਸਿੰਘ ਖਿਆਲਾ ਦੀ ਮੌਜੂਦਗੀ ਵਿਚ ਮੈਡੀਕਲ ਕੈਂਪ ਦੀ ਸ਼ੁਰੂਆਤ ਕੀਤੀ ਗਈ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਨ ਮਗਰੋਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮੇਟੀ ਵੱਲੋਂ ਪਿਛਲੇ ਕਈ ਦਿਨਾਂ ਤੋਂ ਰਾਹਤ ਕਾਰਜ ਨਿਰੰਤਰ ਚਲਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਡੇਰਾ ਬਾਬਾ ਨਾਨਕ ਦੇ ਡੇਰਾ ਪਠਾਣਾ ਅਤੇ ਅਜਨਾਲਾ ਵਿਚ ਲੰਗਰ ਸੇਵਾ ਲਗਾਤਾਰ ਚਲ ਰਹੀ ਹੈ ਅਤੇ ਦਿੱਲੀ ਕਮੇਟੀ ਮੈਂਬਰਾਂ ਨੂੰ ਲੈ ਕੇ 400 ਤੋਂ ਜ਼ਿਆਦਾ ਵਾਲੰਟੀਅਰਜ਼ ਰਾਹਤ ਕਾਰਜਾਂ ਵਿਚ ਲੱਗੇ ਹੋਏ ਹਨ। ਉਹਨਾਂ ਕਿਹਾ ਕਿ ਇਸਦੇ ਨਾਲ ਹੀ ਲੋਕਾਂ ਨੂੰ ਸੁੱਕਾ ਰਾਸ਼ਨ, ਦਵਾਈਆਂ, ਮੱਛਰਦਾਨੀਆਂ, ਤਰਪਾਲਾਂ, ਨੌਜਵਾਨਾਂ ਨੂੰ ਟਰੈਕ ਸੂਟ ਵੀ ਉਪਲਬਧ ਕਰਵਾਏ ਜਾ ਰਹੇ ਹਨ ਜਿਹਨਾਂ ਦੀ ਵੰਡ ਪ੍ਰਧਾਨ ਤੇ ਜਨਰਲ ਸਕੱਤਰ ਨੇ ਖੁਦ ਲੋਕਾਂ ਵਿਚ ਜਾ ਕੇ ਕੀਤੀ ਹੈ। ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹੜ੍ਹ ਮਾਰੇ ਇਲਾਕਿਆਂ ਵਿਚ ਲੋਕਾਂ ਨੂੰ ਪੂਰਾ ਭਰੋਸਾ ਦੁਆਇਆ ਗਿਆ ਹੈ ਕਿ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਅਤੇ ਜਦੋਂ ਤੱਕ ਪੂਰੀ ਤਰ੍ਹਾਂ ਪਾਣੀ ਦੀ ਨਿਕਾਸੀ ਨਹੀਂ ਹੋ ਜਾਂਦੀ ਤੇ ਉਹਨਾਂ ਦਾ ਜੀਵਨ ਆਮ ਵਰਗਾ ਨਹੀਂ ਹੋ ਜਾਂਦਾ, ਕਮੇਟੀ ਇਸ ਸੇਵਾ ਨੂੰ ਜਾਰੀ ਰੱਖੇਗੀ। ਉਹਨਾਂ ਦੱਸਿਆ ਕਿ ਦਿੱਲੀ ਦੀ ਸੰਗਤ ਵੀ ਦਿਲੀ ਖੋਲ੍ਹਕੇ ਕਮੇਟੀ ਨੂੰ ਰਾਹਤ ਕਾਰਜਾਂ ਵਿਚ ਸਹਿਯੋਗ ਕਰ ਰਹੀ ਹੈ। ਕਮੇਟੀ ਦੇ ਸਾਰੇ ਮੈਂਬਰਾਂ ਵੱਲੋਂ ਆਪੋ ਆਪਣੇ ਇਲਾਕਿਆਂ ਤੋਂ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ਤਾਂ ਜੋ ਰਾਹਤ ਕਾਰਜਾਂ ਵਿਚ ਕੋਈ ਘਾਟ ਨਾ ਰਹੇ।

ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਅਸੀਂ ਮਹਿਸੂਸ ਕਰ ਰਹੇ ਹਾਂ ਕਿ ਪਾਣੀ ਨਿਕਲਣ ਤੋਂ ਬਾਅਦ ਬਿਮਾਰੀਆਂ ਫੈਲਣ ਦੇ ਡਰ ਦੇ ਚਲਦੇ ਹੀ ਅੱਜ ਤੋਂ ਮੈਡੀਕਲ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿਚ ਹਾਲੇ ਦੋ ਪਿੰਡ ਸ਼ਾਮਲ ਕੀਤੇ ਗਏ ਹਨ ਤੇ ਆਉਂਦੇ ਸਮੇਂ ਵਿਚ ਹੋਰ ਥਾਵਾਂ 'ਤੇ ਵੀ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਡਾਕਟਰਾਂ ਦੀਆਂ ਟੀਮਾਂ ਤਾਇਨਾਤ ਕਰਨ ਦੇ ਨਾਲ-ਨਾਲ ਐਂਬੂਲੈਂਸ ਸੇਵਾ ਵੀ ਚਲਾਈ ਜਾਵੇਗੀ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਹਰ ਸੰਭਵ ਮਦਦ ਲਈ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਹੋਈ ਹੈ ਤੇ ਅੱਗੇ ਵੀ ਡਟੀ ਰਹੇਗੀ।

## ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਟਰੈਕਟਰ ਚਾਲਕ ਦੀ ਮੌਤ



ਅਜਨਾਲਾ, 7 ਸਤੰਬਰ (ਸੁਖਦੇਵ ਸਿੰਘ ਖਾਲਸਾ): ਬੀਤੀ ਸ਼ਾਮ ਪਿੰਡ ਸੋਹੀਆਂ ਨੇੜੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਤੇਜ਼ ਰਫਤਾਰ ਕਾਰ ਦੀ ਟੱਕਰ ਨਾਲ ਟਰੈਕਟਰ ਚਾਲਕ ਮੰਗਲ ਸਿੰਘ ਦੀ ਮੌਤ ਹੋ ਹੋਣ ਦਾ ਸਮਾਚਾਰ ਹੈ। ਮ੍ਰਿਤਕ ਮੰਗਲ ਸਿੰਘ ਦੇ ਪੁੱਤਰ ਅਨਮੋਲ ਸਿੰਘ ਵਾਸੀ ਗਲੀ ਨੰਬਰ 1, ਵਿਧਾਵਾ ਸਿੰਘ ਕਲੋਨੀ, ਕੋਟ ਮਿੱਤ ਸਿੰਘ, ਅੰਮ੍ਰਿਤਸਰ ਨੇ ਸਬੰਧਤ ਪੁਲਿਸ ਥਾਣਾ ਮਜੀਠਾ ਵਿਖੇ ਬਿਆਨ ਦਰਜ ਕਰਾਉਦਿਆ ਦੱਸਿਆ ਕਿ ਪਿਤਾ ਮੰਗਲ ਸਿੰਘ ਆਪਣੇ ਟੈਕਟਰ ਟਰਾਲੀ ਤੇ ਹੜ੍ਹ ਪੀੜਤਾਂ ਦੀ ਮਦਦ ਲਈ ਰਮਦਾਸ ਗਏ ਸਨ ਅਤੇ ਵਾਪਸੀ ਸਮੇਂ ਉਹ ਅਤੇ ਉਸਦਾ ਚਾਚਾ ਅਮਰਜੀਤ ਸਿੰਘ ਆਪਣੇ ਮੋਟਰਸਾਈਕਲ 'ਤੇ ਆਪਣੇ ਪਿਤਾ ਦੇ ਪਿੱਛੇ-ਪਿੱਛੇ ਆ ਰਹੇ ਸਨ। ਉਸਦਾ ਪਿਤਾ ਮੰਗਲ ਸਿੰਘ ਆਪਣੇ ਟਰੈਕਟਰ ਸਵਰਾਜ, ਨੰਬਰੀ ਪੀ ਬੀ 46 ਐਮ 6380 'ਤੇ ਸਵਾਰ ਉਨ੍ਹਾਂ ਦੇ ਅੱਗ ਜਾ ਰਹੇ ਸਨ, ਕਿ ਜਦੋਂ ਪਿੱਛੇ ਤੋਂ ਇੱਕ ਤੇਜ਼ ਰਫਤਾਰ ਕਾਰ ਟਾਟਾ ਕੰਪਨੀ ਦੀ ਅਲਟਰੋਜ਼, ਐਕਸ ਐਮ ਨੇ ਬਿਨਾਂ ਹਾਰਨ ਦਿੱਤੇ ਟਰੈਕਟਰ ਨੂੰ ਤੇਜ ਰਫਤਾਰ ਵਿੱਚ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਉਸਦਾ ਪਿੱਤਾ ਮੰਗਲ ਸਿੰਘ ਟਰੈਕਟਰ ਤੋਂ ਡਿੱਗ ਪਏ ਤੇ ਟਰੈਕਟਰ ਦੇ ਹੇਠਾਂ ਆਉਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਨਮੋਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵਲੋਂ ਤੁਰੰਤ ਆਪਣੇ ਪਿਤਾ ਨੂੰ ਲਾਇਫ ਕੇਅਰ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਐਲਾਨ ਦਿੱਤਾ। ਜਾਣਕਾਰੀ ਮੁਤਾਬਕ, ਕਾਰ ਸਹਿਬਾਜ ਸਿੰਘ, ਪੁੱਤਰ ਬਲਜੀਤ ਸਿੰਘ, ਵਾਸੀ ਪਿੰਡ ਕੰਦੋਵਾਲੀ, ਥਾਣਾ ਝੰਡੇਰ, ਚਲਾ ਰਿਹਾ ਸੀ। ਪਰਿਵਾਰ ਨੇ ਤੇਜ਼ ਰਫਤਾਰ ਤੇ ਲਾਪਰਵਾਹੀ ਨਾਲ ਕਾਰ ਚਲਾਉਣ ਦਾ ਦੋਸ਼ ਲਗਾਇਆ ਹੈ ਅਤੇ ਪੁਲਿਸ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਵਲੋਂ ਅਨਮੋਲ ਸਿੰਘ ਦੇ ਬਿਆਨਾ ਦੇ ਅਧਾਰ ਤੇ ਮਜੀਠਾ ਥਾਣਾ ਵਿਖੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਉੱਘੇ ਸਿੱਖ ਚਿੰਤਕ ਦਿਲਜੀਤ ਸਿੰਘ ਬੇਦੀ ਨਮਿਤ ਅੰਤਿਮ ਅਰਦਾਸ ਅੱਜ

ਅੰਮ੍ਰਿਤਸਰ, 7 ਸਤੰਬਰ (ਗੁਰਦਿਆਲ ਸਿੰਘ): ਨਿਹੰਗ ਸਿੰਘਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਨੇੜੇ ਘਿਉ ਮੰਡੀ ਚੌਂਕ ਵਿਖੇ ਬੁੱਢਾ ਦਲ ਤੇ ਸ਼੍ਰੋ:ਗੁ:ਪ੍ਰ ਦੇ ਸਾਬਕਾ ਸਕੱਤਰ ਦਿਲਜੀਤ ਸਿੰਘ ਬੇਦੀ ਦਾ ਅੰਤਿਮ ਸਮਾਗਮ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਹੋਵੇਗਾ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਦਾ ਮਨੋਹਰ ਕੀਰਤਨ, ਅੰਤਿਮ ਅਰਦਾਸ ਸਮਾਗਮ 12:00 ਤੋਂ 2:00 ਵਜੇ ਤੀਕ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸਭ ਸੰਗਤਾਂ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨ।



## ਬੀਬੀ ਕੌਲਾਂ ਜੀ ਭਲਾਈ ਕੇਂਦਰ ਨੇ ਛੇਵੀਂ ਵਾਰੀ ਰਾਹਤ ਸਮੱਗਰੀ ਭੇਜੀ

### ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਦੀ ਮੈਡੀਕਲ ਟੀਮ ਵੱਲੋਂ ਵਿਸ਼ੇਸ਼ ਤੌਰ ਤੇ ਤਿਆਰ ਕੀਤੀਆਂ

ਅੰਮ੍ਰਿਤਸਰ, 7 ਸਤੰਬਰ (ਬਬਲੂ ਮਹਾਜਨ): ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਵਿੱਚ ਜਿੱਥੇ ਲੋਕ ਨਦੀਆਂ ਦੇ ਪਾਣੀਆਂ ਅਤੇ ਭਾਰੀ ਮੀਂਹ ਕਾਰਨ ਹੋਈ ਤਬਾਹੀ ਨਾਲ ਜੂਝ ਰਹੇ ਹਨ, ਉੱਥੇ ਹੀ ਰਾਤ ਨੂੰ ਬਿਜਲੀ ਨਾ ਹੋਣ ਕਰਕੇ ਹੋਰ ਵਧੇਰੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਹਾਲਾਤਾਂ ਵਿਚ ਬੀਬੀ ਕੌਲਾਂ ਭਲਾਈ ਕੇਂਦਰ ਟਰੱਸਟ ਵੱਲੋਂ ਭਾਈ ਗੁਰਇਕਬਾਲ ਸਿੰਘ ਜੀ ਦੀ ਅਗਵਾਈ ਹੇਠ ਛੇਵੀਂ ਵਾਰੀ ਵੱਡੀ ਰਾਹਤ ਖੇਪ ਹੜ੍ਹ ਪੀੜਤ ਇਲਾਕਿਆਂ ਵੱਲ ਭੇਜੀ ਗਈ ਹੈ। ਇਸ ਵਾਰੀ ਜੋ ਰਾਹਤ ਸਮੱਗਰੀ ਭੇਜੀ ਗਈ ਹੈ,ਉਸ ਵਿੱਚ ਸੋਲਰ ਲਾਈਟਾਂ, ਡਾਈਪਰ, ਮੱਛਰਦਾਨੀਆਂ, ਰਾਸ਼ਨ, ਦੁੱਧ ਦੇ ਪੈਕੇਟ, ਅਚਾਰ, ਮਾਚਸ, ਅਗਰਬੱਤੀਆਂ, ਮੈਡੀਕਲ ਕਿੱਟ, ਮੱਛਰ ਵਾਲੀਆਂ ਦਵਾਈਆਂ, ਪਾਣੀ ਦੇ ਡਿਸਪੋਜਲ ਪੈਕ,ਅਤੇ ਪਸ਼ੂਆਂ ਲਈ ਚੋਕਰ ਵਰਗੀਆਂ ਅਨੇਕਾਂ ਜ਼ਰੂਰੀ ਵਸਤੂਆਂ ਸ਼ਾਮਿਲ ਹਨ। ਇਹ ਸਾਰੀ ਖੇਪ ਲਗਭਗ 300 ਬੋਰੀਆਂ ਅਤੇ ਦੋ ਟਰਾਲੀਆਂ ਦੇ ਰਾਹੀਂ ਰਵਾਨਾ ਕੀਤੀ ਗਈ ਹੈ।ਇਹ ਟੀਮਾਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਚ ਭੇਜੀਆਂ ਗਈਆਂ ਹਨ। ਇਨ੍ਹਾਂ ਟੀਮਾਂ ਨੇ ਹੜ੍ਹ ਪੀੜਤ ਇਲਾਕਿਆਂ 'ਚ ਪਹੁੰਚ ਕੇ ਲੋਕਾਂ ਦੀ ਸਿੱਧੀ ਸੇਵਾ ਕਰਨੀ ਹੈ।ਰਾਹਤ ਸਮੱਗਰੀ ਦੇ ਨਾਲ ਨਾਲ ਮੈਡੀਕਲ ਟੀਮਾਂ ਵੀ ਰਵਾਨਾ ਕੀਤੀਆਂ ਗਈਆਂ ਹਨ, ਜੋ ਪਾਣੀ ਤੋਂ ਪੈਦਾਂ ਹੋ ਰਹੀਆਂ ਬੀਮਾਰੀਆਂ ਜਿਵੇਂ ਕਿ ਚਮੜੀ ਦੇ ਰੋਗ, ਬੁਖਾਰ ਤੇ ਡੈਂਗੂ ਆਦਿ ਤੋਂ ਲੋਕਾਂ ਦੀ ਸਿਹਤ ਦੀ ਦੇਖਭਾਲ ਕਰਨਗੀਆਂ। "ਸਾਡਾ ਕੰਮ ਸਰਕਾਰੀ ਕੰਮਾਂ ਦੀ ਥਾਂ ਨਹੀਂ ਲੈ ਸਕਦਾ, ਪਰ ਅਸੀਂ ਉਨ੍ਹਾਂ ਦੀ ਮਦਦ ਲਈ ਜੋ ਕੁਝ ਵੀ ਕਰ ਸਕਦੇ ਹਾਂ, ਕਰ ਰਹੇ ਹਾਂ।ਉਨ੍ਹਾਂ ਨੇ ਇਹ ਵੀ ਸਾਫ ਕੀਤਾ ਕਿ ਇਹ ਸੇਵਾ ਕਿਸੇ ਪ੍ਰਚਾਰ ਜਾਂ ਨਾਂ ਲਈ ਨਹੀਂ, ਸਗੋਂ ਖਾਲਸੇ ਦੇ ਨਿਯਮ ਅਨੁਸਾਰ ਭਲਾਈ ਲਈ ਕੀਤੀ ਜਾ ਰਹੀ ਹੈ। "ਜਿਸ ਤਰ੍ਹਾਂ ਤੁਸੀਂ ਇੱਥੇ ਚਰਨ ਪਾਏ, ਉਮੀਦ ਕਰਦੇ ਹਾਂ ਕਿ ਇਹ ਰਾਹਤ ਸਮੱਗਰੀ ਵੀ ਉਥੇ ਚਰਨ ਪਾਏ," ਉਨ੍ਹਾਂ ਨੇ ਭਾਵੁਕ ਹੋ ਕੇ ਕਿਹਾ ਇਹ ਸਾਰੀ ਸਮੱਗਰੀ ਅੱਜ ਹਰੀਕੇ, ਤਰਨ ਤਾਰਨ, ਫਿਰੋਜ਼ਪੁਰ, ਅਤੇ ਨਿਕਟਵਰਤੀ ਪਿੰਡਾਂ ਵੱਲ ਭੇਜੀ ਗਈ ਹੈ, ਜਿੱਥੇ ਹਜੇ ਵੀ ਹੜ੍ਹ ਦੇ ਪ੍ਰਭਾਵ ਦੇ ਚਿੰਨ੍ਹ ਮੌਜੂਦ ਹਨ।ਇਸ ਮੌਕੇ ਮਨਦੀਪ ਸਿੰਘ ਭੋਲੂ, ਸੁਖਵਿੰਦਰ ਸਿੰਘ ਮੈਨੇਜਰ, ਸਿਲਕੀ ਵੀਰ ਜੀ, ਪੰਮਾ ਭੈਣ ਜੀ, ਰਾਜਵੀਰ ਸਿੰਘ ਸੋਨੂ, ਬੰਟੀ ਵੀਰ ਜੀ, ਗੋਬਿੰਦਪਾਲ ਸਿੰਘ, ਸੱਤਾ ਵੀਰ ਜੀ, ਪ੍ਰੀਤਮ ਸਿੰਘ, ਗੋਲਡੀ ਵੀਰ ਜੀ, ਪ੍ਰੀਤ ਵੀਰ ਜੀ, ਭਾਈ ਜਸਵਿੰਦਰ ਸਿੰਘ, ਸਰਵਨ ਸਿੰਘ, ਜਤਿੰਦਰ ਸਿੰਘ, ਚਮਕੌਰ ਸਿੰਘ, ਗੁਰਪ੍ਰੀਤ ਸਿੰਘ ਚਾਹਤ, ਗੋਰਾ ਵੀਰ ਜੀ, ਬਲਜੀਤ ਸਿੰਘ, ਮਨਿੰਦਰ ਸਿੰਘ ਚੱਠਾ, ਭੋਲਾ ਵੀਰ ਜੀ, ਪਰਮਜੀਤ ਸਿੰਘ ਢੱਲ ਤੇ ਦਿੱਲੀ ਦੀ ਸੰਗਤ ਆਦਿ ਹਾਜ਼ਰ ਸਨ।



## ਚੀਫ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਵਾਈ

ਅੰਮ੍ਰਿਤਸਰ, 7 ਸਤੰਬਰ (ਬਬਲੂ ਮਹਾਜਨ): ਪੰਜਾਬ ਵਿੱਚ ਹੜ੍ਹਾਂ ਕਾਰਣ ਹੋਏ ਜਾਨੀ ਤੇ ਮਾਲੀ ਨੁਕਸਾਨ ਨਾਲ ਬਹੁਤ ਸਾਰੇ ਪਰਿਵਾਰ ਪ੍ਰਭਾਵਿਤ ਹੋਏ, ਅੱਜ ਚੀਫ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਬੰਟੀ ਤੇ ਹੋਰ ਮੈਂਬਰ ਸਹਿਬਾਨ ਵੱਲੋਂ ਗੁਰੂ ਸਾਹਿਬ ਦਾ ਓਟ ਆਸਰਾ ਲੈਂਦਿਆਂ ਪਰਸੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਬਾਬਾ ਗੁਰਬਖਸ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਤੇ ਅੱਜ ਭੋਗ ਪਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਅਰਦਾਸੀਏ ਭਾਈ ਪ੍ਰੇਮ ਸਿੰਘ ਜੀ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਸਾਰਿਆਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ ਜੀ ਤੇ ਚੜ੍ਹਦੀ ਕਲਾ ਬਖਸ਼ਣੀ ਜੀ ਉਪਰੰਤ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਨੇ ਹੁਕਮਨਾਮਾ ਸਰਵਣ ਕਰਵਾਇਆ ਤੇ ਇਸ ਕਾਰਜ ਵਿੱਚ ਵੱਧ ਤੋਂ ਵੱਧ ਮਾਲੀ ਹਿੱਸਾ ਪਾਉਣ ਲਈ ਵੀ ਕਿਹਾ ਇਸ ਸਬੰਧੀ ਬਾਹਰ ਆਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਚੀਫ ਖਾਲਸਾ ਦੀਵਾਨ ਦੇ ਸੀਨੀਅਰ ਮੈਂਬਰ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਅੱਜ ਹਰ ਇੱਕ ਪੰਜਾਬੀ ਨੂੰ ਇਸ ਔਖੀ ਘੜੀ ਦੇ ਵਿੱਚ ਜਿਨ੍ਹਾਂ ਲੋਕਾਂ ਦਾ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੋਇਆ ਹੈ।



ਉਹਨਾਂ ਪਰਿਵਾਰਾਂ ਦੀ ਬਾਂਹ ਫੜਨੀ ਚਾਹੀਦੀ ਹੈ ਕਿਉਂਕਿ ਦੇਸ਼ ਦੀ ਤੇ ਸੂਬੇ ਦੀ ਸਰਕਾਰ ਇਸ ਕਾਰਜ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ ਪਰ ਬਹੁਤ ਸਾਰੀਆਂ ਸਿੱਖ ਸੰਸਥਾਵਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਕਿਸਾਨ ਜੱਥੇਬੰਦੀਆਂ ਨੇ ਵੀ ਭਰਪੂਰ ਸਮਰਥਨ ਕੀਤਾ ਹੈ ਵਾਹਿਗੁਰੂ ਸਾਰਿਆਂ ਨੂੰ ਚੜ੍ਹਦੀ ਕਲਾ ਬਖਸ਼ੇ, ਇਸ ਮੌਕੇ ਮੀਤ ਪ੍ਰਧਾਨ ਚੀਫ ਖਾਲਸਾ ਦੀਵਾਨ ਜਗਜੀਤ ਸਿੰਘ ਬੰਟੀ, ਸੁਖਜਿੰਦਰ ਸਿੰਘ ਪ੍ਰਿੰਸ ਐਡੀ ਸਕੱਤਰ, ਅਮਰਦੀਪ ਸਿੰਘ ਰਾਜੇਵਾਲ, ਕੁਲਜੀਤ ਸਿੰਘ, ਭੁਪਿੰਦਰ ਸਿੰਘ ਸੱਚਰ, ਜਗਜੀਤ ਸਿੰਘ ਕੋਟਲਾ, ਨਿਰਮਲ ਸਿੰਘ ਜੰਡ, ਡਾ ਦੀਪਮੋਹਨ ਸਿੰਘ, ਐਡ. ਇੰਦਰਜੀਤ ਸਿੰਘ ਅੜ੍ਹੀ, ਨਾਨਕ ਸਿੰਘ ਨਵਾਂ ਪਿੰਡ, ਅਜਮੇਰ ਸਿੰਘ ਹੇਰ, ਰਜਿੰਦਰਪਾਲ ਸਿੰਘ ਮਰਵਾਹਾ (ਸਾਰੇ ਮੈਂਬਰ ਚੀਫ ਖਾਲਸਾ ਦੀਵਾਨ) ਵੀ

## ਡੇਰਾ ਮਿੱਠਾ ਟਿਵਾਣਾ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਜਾ ਕੇ ਘਰੇਲੂ ਵਰਤੋਂ ਦਾ ਸਮਾਨ ਦਿੱਤਾ

ਅੰਮ੍ਰਿਤਸਰ, 7 ਸਤੰਬਰ (ਬਬਲੂ ਮਹਾਜਨ): ਪੰਜਾਬ ਵਿਚ ਆਏ ਹੜ੍ਹਾਂ ਦੇ ਕਾਰਨ ਦੁਖੀ ਮਨੁੱਖਤਾ ਦੀ ਮਦਦ ਲਈ ਸੇਵਾ ਪੰਥੀ ਸੰਪਰਦਾ ਡੇਰਾ ਮਿੱਠਾ ਟਿਵਾਣਾ ਵਲੋ ਉਪਰਾਲਾ ਕੀਤਾ ਗਿਆ, ਜਿਸ ਦੇ ਤਹਿਤ ਅੱਜ ਦੀ ਅਗਵਾਈ ਹੇਠ ਡੇਰਾ ਮਿੱਠਾ ਟਿਵਾਣਾਂ ਦੇ ਸੇਵਕ ਰਾਵੀ ਦਰਿਆ ਦੇ ਕੱਢੇ ਤੇ ਵਸੇ ਪਿੰਡ ਦਰਿਆ ਮੂਸਾ ਵਿਖੇ ਰਾਸ਼ਨ ਤੇ ਹੋਰ ਜਰੂਰਤ ਦਾ ਸਮਾਨ ਲੈ ਕੇ ਪਹੁੰਚੇ। ਹੜ੍ਹ ਦੇ ਪਾਣੀ ਨੂੰ ਚੀਰਦੇ ਨਾਮ ਸਿਮਰਨ ਕਰਦੇ ਡੇਰਾ ਮਿੱਠਾ ਟਿਵਾਣਾਂ ਦੇ ਸੇਵਕ ਪਿੰਡ ਦੇ ਹੜ੍ਹ ਤੋ ਪ੍ਰਭਾਵਿਤ ਪਰਵਾਰਾਂ ਦੇ ਘਰਾਂ ਵਿਚ ਜਾ ਕੇ ਘਰੇਲੂ ਵਰਤੋ ਦਾ ਸਮਾਨ ਦੇ ਕੇ ਆਏ। ਇਸ ਮੌਕੇ ਤੇ ਡੇਰਾ ਮਿੱਠਾ ਟਿਵਾਣਾਂ ਦੇ ਮੁਖੀ ਸੰਤ ਸੁਰਿੰਦਰ ਸਿੰਘ ਮਿੱਠਾ ਟਿਵਾਣਾ ਨੇ ਕਿਹਾ ਕਿ ਅੱਜ ਪੰਜਾਬ ਪਾਣੀ ਦੇ ਕਹਿਰ ਨਾਲ ਜੂਝ ਰਿਹਾ ਹੈ। ਬਿਪਤਾ ਦੀ ਘੜੀ ਵਿਚ ਹਰ ਕਿਸੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਰਹਿਣ ਵਾਲਾ ਪੰਜਾਬ ਅੱਜ ਇਕਲਾ ਹੀ ਪਾਣੀ ਦੀ ਮਾਰ ਟਲ ਰਿਹਾ ਹੈ। ਜਿਹੜੇ ਸੂਬੇ ਕਲ ਤਕ ਪੰਜਾਬ ਦੇ ਪਾਣੀ ਤੇ ਆਪਣਾ ਹਕ ਜਿਤਾਉਦੇ ਸਨ ਅੱਜ ਮੂੰਹ ਬੰਦ ਕਰਕੇ ਪੰਜਾਬ ਨੂੰ ਖਤਰੇ ਵਿਚ ਦੇਖ ਕੇ ਵੀ ਚੁੱਪ ਹਨ।ਅਜਿਹੀ ਘੜੀ ਵਿਚ ਪੰਜਾਬ ਆਪਣੀ ਮਦਦ ਆਪ ਕਰਨ ਲਈ ਯਤਨਸ਼ੀਲ ਹੋਇਆ ਬੈਠਾ ਹੈ। ਇਸ ਮੌਕੇ ਤੇ ਬਾਬਾ ਗੁਰਪ੍ਰੀਤ ਸਿੰਘ, ਪ੍ਰਿੰਸੀਪਲ ਇੰਦਰਪਾਲ ਸਿੰਘ, ਪ੍ਰਭਜੋਤ ਸਿੰਘ ਸਾਬੀ ਚੜ੍ਹਦੀ ਕਲਾ ਨਿਵਾਸ ਵਾਲੇ, ਗਗਨਦੀਪ ਸਿੰਘ, ਭਾਈ ਕੁਲਤਾਰ ਸਿੰਘ, ਜਸਵਿੰਦਰ ਸਿੰਘ ਨਿਉ ਅੰਮ੍ਰਿਤਸਰ, ਭਾਈ ਕ੍ਰਿਪਾਲ ਸਿੰਘ ਖਾਸਾ, ਅਵਨੀਤ ਸਿੰਘ ਪੱਪੂ ਗਾਰਮੈਂਟਸ, ਰਮਨਦੀਪ ਸਿੰਘ ਆਦਿ ਹਾਜਰ ਸਨ।



## ਮੁੰਡੀਆਂ ਅਤੇ ਡੀ.ਸੀ ਨੇ ਧੁੱਸੀ ਬੰਨ੍ਹ ਦੇ ਮਜ਼ਬੂਤੀਕਰਨ ਦਾ ਨਿਰੀਖਣ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਨਾਲ ਸ਼ਨੀਵਾਰ ਸ਼ਾਮ ਨੂੰ ਸਸਰਾਲੀ ਕਲੋਨੀ ਵਿੱਚ ਧੁੱਸੀ ਬੰਨ੍ਹ ਅਤੇ ਰਿੰਗ ਬੰਨ੍ਹ ਵਿਖੇ ਚੱਲ ਰਹੇ ਮਜ਼ਬੂਤੀਕਰਨ ਦੇ ਕੰਮ ਦਾ ਡੂੰਘਾਈ ਨਾਲ ਨਿਰੀਖਣ ਕੀਤਾ। ਦੋਵਾਂ ਨੇ ਪੁਸ਼ਟੀ ਕੀਤੀ ਕਿ ਮੌਜੂਦਾ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਦੌਰੇ ਦੌਰਾਨ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮੰਤਰੀ ਮੁੰਡੀਆਂ ਨੂੰ ਚੱਲ ਰਹੇ ਵਿਆਪਕ ਯਤਨਾਂ ਬਾਰੇ ਜਾਣਕਾਰੀ ਦਿੱਤੀ। ਮੰਤਰੀ ਨੇ ਸਥਾਨਕ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ, ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਕਮਜ਼ੋਰ ਖੇਤਰਾਂ ਦੀ ਨਿਰੰਤਰ ਨਿਗਰਾਨੀ ਦੇ ਨਾਲ ਬੰਨ੍ਹਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਫੌਜ ਅਤੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨ.ਡੀ.ਆਰ.ਐਫ) ਵੱਲੋਂ ਮਹੱਤਵਪੂਰਨ ਤਕਨੀਕੀ ਸਹਾਇਤਾ ਤੇ ਚਾਨਣਾ ਪਾਇਆ।ਮੰਤਰੀ ਮੁੰਡੀਆਂ ਨੇ ਸਪੱਸ਼ਟ ਕੀਤਾ ਕਿ ਕੱਲ੍ਹ ਰਾਤ ਬਹੁਤ ਜ਼ਿਆਦਾ ਪਾਣੀ ਦੇ ਦਬਾਅ ਕਾਰਨ ਕੁਝ ਥਾਵਾਂ 'ਤੇ ਮਿੱਟੀ ਦੀ ਕਟਾਈ ਹੋਈ, ਜਿਸ ਨਾਲ ਪਾਣੀ ਨੇੜਲੇ ਖੇਤਾਂ ਵਿੱਚ ਵਹਿ ਗਿਆ। ਹਾਲਾਂਕਿ, ਪਿੰਡ ਵਾਸੀਆਂ ਦੇ ਸਮਰਥਨ ਨਾਲ ਤੇਜ਼ ਕਾਰਵਾਈ ਨੇ ਇਹ ਯਕੀਨੀ ਬਣਾਇਆ ਕਿ ਸਥਿਤੀ ਜਲਦੀ ਸਥਿਰ ਹੋ ਗਈ ਹੈ ਅਤੇ ਉਦੋਂ ਤੋਂ ਹਾਲਾਤ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸੀਨੀਅਰ ਜ਼ਿਲ੍ਹਾ ਅਧਿਕਾਰੀ ਨਾਜ਼ੁਕ ਖੇਤਰਾਂ ਦੀ ਨਿਗਰਾਨੀ ਲਈ 24 ਘੰਟੇ ਮੌਕੇ 'ਤੇ ਤਾਇਨਾਤ ਹਨ। ਮੰਤਰੀ ਮੁੰਡੀਆਂ ਅਤੇ ਡਿਪਟੀ ਕਮਿਸ਼ਨਰ ਜੈਨ ਨੇ ਪਿੰਡ ਵਾਸੀਆਂ, ਭਾਰਤੀ ਫੌਜ, ਐਨ.ਡੀ.ਆਰ.ਐਫ ਅਤੇ ਵੱਖ-ਵੱਖ ਸਮਾਜਿਕ ਸੰਗਠਨਾਂ ਦੇ ਅਨਮੋਲ ਯੋਗਦਾਨ ਲਈ ਦਿਲੋਂ ਪ੍ਰਸ਼ੰਸਾ ਵੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਪ੍ਰਸ਼ਾਸਨ ਸਾਰਿਆਂ ਦਾ ਰਿਣੀ ਰਹੇਗਾ। ਇਸ ਮੌਕੇ ਏ.ਡੀ.ਸੀ ਅਮਰਜੀਤ ਬੈਂਸ, ਐਸ.ਡੀ.ਐਮ ਜਸਲੀਨ ਕੌਰ ਭੁੱਲਰ, ਆਰ.ਟੀ.ਏ ਸਕੱਤਰ ਕੁਲਦੀਪ ਬਾਵਾ ਅਤੇ ਹੋਰ ਵੀ ਮੌਜੂਦ ਸਨ।

## ਵਿਰਾਟ ਸਰਬ ਧਰਮ ਸੰਗਮ 'ਚ ਸੰਧਵਾਂ ਨੇ ਦਿੱਤਾ ਏਕਤਾ ਦਾ ਸੰਦੇਸ਼



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ): ਆਤਮਾ ਰਾਮ ਜੀ ਮਹਾਰਾਜ ਦੇ 142ਵੇ ਅਤੇ ਰਾਸ਼ਟਰੀਆ ਸੰਤ ਵਿਰਸਟ ਉਪਾਦਿਆ ਵਾਜਨਾ ਚਾਰੀਆਂ ਸ੍ਰੀ ਮਨੋਹਰ ਮੁਨੀ ਜੀ ਮਹਾਰਾਜ ਦੇ 98ਵੇ ਜਨਮ ਦਿਵਸ ਦੇ ਸ਼ੁੱਭ ਅਵਸਰ 'ਤੇ ਸਮਾਜ ਦੇ ਸਾਰੇ ਵਰਗਾਂ ਦੇ ਆਪਸੀ ਭਾਈਚਾਰੇ ਦੇ ਵਾਧੇ ਲਈ ਭਾਰਤ ਸੰਤ ਗੌਰਵ ਸ੍ਰੀ ਪਿਊਸ਼ ਮੁਨੀ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਵਿਰਾਟ ਸਰਬ ਧਰਮ ਸੰਗਮ ਸਮਾਗਮ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਸਾਰੇ ਧਰਮਾਂ ਦੇ ਭਾਈਚਾਰੇ ਦੇ ਸੰਤਾਂ ਦੀ ਹਾਜ਼ਰੀ ਵਿੱਚ ਇਸ ਸ਼ੁਭ ਸਮਾਗਮ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਿਆ।ਸਪੀਕਰ ਸੰਧਵਾਂ ਨੇ ਸਾਰੇ ਧਰਮਾਂ ਦੀਆਂ ਸਿੱਖਿਆਵਾਂ ਵਿੱਚ ਆਪਣਾ ਡੂੰਘਾ ਵਿਸ਼ਵਾਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣ ਵਿੱਚ ਅਹਿਮ ਰੋਲ ਅਦਾ ਕਰ ਰਹੇ ਹਨ। ਸਪੀਕਰ ਨੇ ਅੱਗੇ ਕਿਹਾ ਕਿ ਸਾਰੇ ਧਰਮ ਅਧਿਆਤਮਿਕ ਗਿਆਨ ਨਾਲ ਭਰਪੂਰ ਹਨ ਅਤੇ ਸਾਰੇ ਭਾਈਚਾਰੇ ਵਲੋਂ ਦੇਸ਼ ਦੀ ਤਰੱਕੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਸਾਡੇ ਸੰਤਾਂ ਅਤੇ ਗੁਰੂਆਂ ਨੇ ਅਧਿਆਤਮਿਕਤਾ, ਭਾਈਚਾਰਕ ਸਾਂਝ ਅਤੇ ਭਾਈਚਾਰਕ ਸਾਂਝ ਦੀਆਂ ਸਿੱਖਿਆਵਾਂ ਨੂੰ ਕਾਇਮ ਰੱਖਦਿਆਂ ਇਸ ਸਭ ਤੋਂ ਪੁਰਾਣੀ ਸਭਿਅਤਾ ਦੀ ਕਿਸਮਤ ਨੂੰ ਘੜਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਸਮਾਗਮ ਮੌਕੇ ਹਾਜ਼ਰੀਨ ਨੂੰ ਸਾਦੀ ਜੀਵਨ ਸ਼ੈਲੀ ਅਪਣਾਉਣ ਦੀ ਅਪੀਲ ਕਰਦਿਆਂ ਆਸ ਪ੍ਰਗਟਾਈ ਕਿ ਇਸ ਨਾਲ ਉਨ੍ਹਾਂ ਦੇ ਜੀਵਨ ਵਿੱਚ ਵੱਡੀ ਖੁਸ਼ਹਾਲੀ ਆਵੇਗੀ। ਸਪੀਕਰ ਨੇ ਕਿਹਾ ਕਿ ਸਵਾਮੀ ਜੀ ਵੱਲੋਂ ਸੰਗਮ ਸੰਮੇਲਨ ਕਰਵਾਉਣਾ ਅਸਲ ਧਰਮ ਦਾ ਕੰਮ ਹੈ। ਜਿੱਥੇ ਧਰਮ ਹੈ ਉੱਥੇ ਸੁਖ-ਸ਼ਾਂਤੀ ਅਤੇ ਸਮਿਰਧੀ ਹੈ। ਸਾਡੀ ਸੰਸਕ੍ਰਿਤੀ ਇੰਨੀ ਮਹਾਨ ਹੈ ਕਿ ਜੋੜਨ ਦਾ ਕੰਮ ਕਰਦੀ ਰਹੀ ਹੈ। ਇਸ ਨੇ ਕਦੇ ਵੀ ਸਾਨੂੰ ਨਹੀਂ ਤੋੜਿਆ। ਗੁਰਬਾਣੀ ਦਾ ਫੁਰਮਾਨ ਹੈ ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਸੋ ਅਸੀਂ ਬਹੁਤ ਵੱਡੀ ਵਿਚਾਰਧਾਰਾ ਦੇ ਉਪਾਸ਼ਕ ਹਾਂ। ਅੱਜ ਸ਼ੋਸ਼ਲ ਮੀਡੀਆ ਦਾ ਸਮਾਂ ਹੈ ਇਸ ਤੇ ਧਾਰਮਿਕ ਕੱਟੜਤਾ ਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ। ਹਿੰਦੂ ਤੇ ਮੁਸਲਮਾਨਾਂ ਨੂੰ ਕੱਟੜ ਵਿਰੋਧੀ ਦਿਖਾਇਆ ਜਾਂਦਾ ਹੈ ਪਰ ਜਦੋਂ ਆਮ ਲੋਕਾਂ ਨਾਲ ਇਸ ਉੱਤੇ ਵਿਚਾਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਉਨ੍ਹਾਂ ਦਾ ਮੱਤ ਨਹੀਂ ਹੈ ਇਹ ਤਾਂ ਸਿਰਫ ਰਾਜਨੀਤਿਕ ਲੋਕਾਂ ਦਾ ਹੀ ਪ੍ਰਾਪੇਗੰਡਾ ਹੈ। ਪੰਜਾਬ ਵਿੱਚ ਬਹੁਤ ਕਿਰਪਾ ਰਹੀ ਹੈ ਕਿ ਇਹੋ ਜਿਹੇ ਲੋਕ ਇਥੇ ਕਾਮਯਾਬ ਨਹੀਂ ਹੋਏ ਭਾਵੇਂ ਕਿ ਬਾਕੀ ਪੂਰੇ ਦੇਸ਼ ਵਿੱਚ ਕਾਮਯਾਬ ਹੋ ਗਏ ਹਨ। ਉਨ੍ਹਾਂ ਨੇ ਅੱਗ ਲਾ ਦਿੱਤੀ ਹੈ। ਸਪੀਕਰ ਨੇ ਸਵਾਮੀ ਜੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਸ ਅੱਗ ਨੂੰ ਬੁਝਾਉਣ ਦਾ ਕੰਮ ਤੁਸੀਂ ਲੋਕਾਂ ਨੇ ਹੀ ਕਰਨਾ ਹੈ। ਧਾਰਮਿਕ ਆਗੂ ਹੀ ਇਹ ਕੰਮ ਕਰ ਸਕਦੇ ਹਨ। ਇਸ ਸਮਾਗਮ ਵਿੱਚ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ, ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਵਧੀਕ ਸਕੱਤਰ ਪ੍ਰਸੋਨਲ ਸ੍ਰੀ ਗੌਤਮ ਜੈਨ ਅਤੇ ਹੋਰ ਧਾਰਮਿਕ ਆਗੂਆਂ ਨੇ ਸ਼ਮੂਲੀਅਤ ਕੀਤੀ।

## ਆਪ ਅਤੇ ਪ੍ਰਸ਼ਾਸਨ ਦੀ ਸਾਂਝੀ ਮਿਹਨਤ ਨਾਲ ਸਸਰਾਲੀ ਵਿੱਚ ਰਾਹਤ ਕਾਰਜ ਜਾਰੀ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ): ਸਤਲੁਜ ਦਰਿਆ ਵਿੱਚ ਸਸਰਾਲੀ ਪਿੰਡ ਨੇੜੇ ਬੰਨ੍ਹ ਦੇ ਟੁੱਟਣ ਕਾਰਨ ਹੜ੍ਹ ਦਾ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਇਸ ਸੰਕਟ ਨਾਲ ਨਜਿੱਠਣ ਲਈ ਲੁਧਿਆਣਾ ਦੇ ਸਥਾਨਕ ਵਸਨੀਕ, ਪ੍ਰਸ਼ਾਸਨ, ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਲੀਡਰਸ਼ਿਪ ਅਤੇ ਭਾਰਤੀ ਸੈਨਾ ਦੇ ਜਵਾਨ ਸਾਂਝੇ ਤੌਰ 'ਤੇ ਇੱਕ ਨਵਾਂ ਬੰਨ੍ਹ ਬਣਾਉਣ ਵਿੱਚ ਜੁਟੇ ਹੋਏ ਹਨ।ਬ੍ਰਾਹਮਣ ਭਲਾਈ ਬੋਰਡ ਪੰਜਾਬ ਦੇ ਡਾਇਰੈਕਟਰ ਕਰਨ ਸ਼ਰਮਾ ਨੇ ਸਸਰਾਲੀ ਪਿੰਡ ਵਿਖੇ ਮੋਰਚਾ ਸੰਭਾਲਦਿਆਂ ਕਿਹਾ, ਪੰਜਾਬ ਦੇ ਕਈ ਹਿੱਸੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ, ਪਰ ਆਪ ਸਰਕਾਰ ਅਤੇ ਆਪ ਦੀ ਟੀਮ ਹਰ ਪੰਜਾਬੀ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ। ਉਹਨਾਂ ਦੇ ਨਾਲ ਪੰਜਾਬ ਦਰਮਿਆਨੇ ਉਦਯੋਗ ਵਿਕਾਸ ਬੋਰਡ ਦੇ ਸੀਨੀਅਰ ਵਾਈਸ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਚੇਅਰਮੈਨ ਪ੍ਰਦੀਪ ਸਿੰਘ ਖਾਲਸਾ ਅਤੇ ਆਪ ਵਲੰਟੀਅਰ ਲਗਾਤਾਰ ਸਸਰਾਲੀ ਪਿੰਡ ਵਿੱਚ ਸੇਵਾ ਕਾਰਜਾਂ ਵਿੱਚ ਜੁਟੇ ਹੋਏ ਹਨ।ਸਸਰਾਲੀ ਪਿੰਡ ਦੇ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਰਾਸ਼ਨ, ਪੀਣ ਵਾਲਾ ਪਾਣੀ ਅਤੇ ਹੋਰ ਜ਼ਰੂਰੀ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਕਰਨ ਸ਼ਰਮਾ ਨੇ ਦੱਸਿਆ ਕਿ ਪਹਿਲਾਂ ਟੁੱਟੇ ਬੰਨ੍ਹ ਦੀ ਥਾਂ 'ਤੇ ਹੁਣ ਨਵਾਂ ਬਨ੍ਹ ਬਣਾ ਲਿਆ ਗਿਆ ਹੈ, ਜਿਸ ਨਾਲ ਲੁਧਿਆਣਾ ਸ਼ਹਿਰ ਵਿੱਚ ਹੜ੍ਹ ਆਉਣ ਦਾ ਖਤਰਾ ਕਾਫੀ ਹੱਦ ਤੱਕ ਘੱਟਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਲੁਧਿਆਣਾ ਵਾਸੀਆਂ ਨੂੰ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਵੀ ਲੁਧਿਆਣਾ ਪਹੁੰਚ ਕੇ ਡੀ.ਸੀ. ਹਿਮਾਂਸ਼ੂ ਜੈਨ, ਪੀ.ਡੀ. ਐਨ.ਐਚ.ਏ. ਅਧਿਕਾਰੀ ਮੀਨਾ ਅਤੇ ਏ.ਡੀ.ਸੀ ਅਮਰਜੀਤ ਬੈਂਸ ਨਾਲ ਮੀਟਿੰਗ ਕੀਤੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ, ਆਪ ਦੇ ਸਾਰੇ ਮੰਤਰੀ, ਵਿਧਾਇਕ, ਚੇਅਰਮੈਨ ਅਤੇ ਵਲੰਟੀਅਰ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹਰ ਸੰਭਵ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹਨ। ਇਸ ਦੌਰਾਨ, ਆਪ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਰਾਜ ਸਭਾ ਸਾਂਸਦ ਸ਼੍ਰੀ ਸੰਜੇ ਸਿੰਘ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦਾ ਦੌਰਾ ਕਰਕੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਪ੍ਰਭਾਵ ਨਾਲ ਹਾਲ ਕਰ ਰਹੇ ਹਨ।

## ਦਸ਼ਮੇਸ਼ ਸੇਵਾ ਦਲ ਅਤੇ ਦੁਕਾਨਦਾਰ ਯੂਨੀਅਨ ਵੱਲੋਂ ਦੂਜੀ ਵਾਰ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ

ਮੁੱਲਾਂਪੁਰਦਾਖਾ, 7 ਸਤੰਬਰ (ਦਵਿੰਦਰ ਸਿੰਘ ਲੰਮੇਂ) ਹੜ੍ਹ ਪੀੜ੍ਹਤ ਲੋਕਾਂ ਦੀ ਮਦਦ ਲਈ ਸਮਾਜ ਸੇਵੀ ਸੰਸਥਾਵਾਂ ਅਤੇ ਸਥਾਨਕ ਸੰਗਠਨ ਲਗਾਤਾ ਰਰਾਹਤ ਸਮੱਗਰੀ ਉਪਲਬਧ ਕਰਵਾ ਰਹੇ ਹਨ। ਇਸੇ ਕੜੀ ਹੇਠਦਸ਼ਮੇਸ਼ ਸੇਵਾ ਦਲ ਅਤੇ ਦੁਕਾਨਦਾਰ ਯੂਨੀਅਨ ਵੱਲੋਂ ਐਤਵਾਰ ਨੂੰ ਹੜ੍ਹ ਪੀੜਤਾਂ ਲਈ ਦੂਜੀ ਵਾਰ ਰਾਹਤ ਸਮੱਗਰੀ ਰਵਾਨਾ ਕੀਤੀ ਗਈ। ਇਸ ਮੌਕੇ ਸਾਬਕਾ ਪ੍ਰਧਾਨ ਤੇਲੂ ਰਾਮ ਬਾਂਸਲ, ਮੁਕੇਸ਼ ਕੁਮਾਰ, ਪ੍ਰਧਾਨ ਕ੍ਰਿਸ਼ਨ ਕੁਮਾਰ ਬੰਟੀ ਅਤੇ ਚਰਨਜੀਤ ਅਰੋੜਾ (ਚੰਨੀ) ਹਾਜ਼ਰ ਸਨ। ਸਾਰੇ ਆਗੂਆਂ ਨੇ ਰਾਹਤ ਸਮੱਗਰੀ ਨੂੰ ਟੈਂਪੂ ਵਿੱਚ ਲੋਡ ਕਰਵਾਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵੱਲ ਰਵਾਨਾ ਕੀਤਾ।ਸੇਵਾਦਾਰਾਂ ਅਨੁਸਾਰ ਭੇਜੀ ਗਈ ਸਮੱਗਰੀ ਵਿੱਚ ਆਟਾ, ਚੌਲ, ਦਾਲ, ਚੀਨੀ, ਤੇਲ, ਨਮਕ, ਬਿਸਕੁੱਟ ਅਤੇ ਹੋਰ ਜ਼ਰੂਰੀ ਰਾਸ਼ਨ ਤੋਂ ਇਲਾਵਾ ਪੀਣ ਵਾਲਾ ਪਾਣੀ ਅਤੇ ਕੁੱਝ ਦਵਾਈਆਂ ਵੀ ਭੇਜੀਆਂ ਗਈਆਂ ਹਨ। ਇਹ ਰਾਹਤ ਸਮੱਗਰੀ ਉਹਨਾਂ ਪਿੰਡਾਂ ਅਤੇ ਇਲਾਕਿਆਂ ਤੱਕ ਪਹੁੰਚਾਈ ਜਾਵੇਗੀ ਜਿੱਥੇ ਹੜ੍ਹ ਨੇ ਸੱਭ ਤੋਂ ਵੱਧ ਤਬਾਹੀ ਮਚਾਈ ਹੈ ਅਤੇ ਲੋਕ ਅਜੇ ਵੀ ਮੁਸ਼ਕਿਲ ਹਾਲਾਤਾਂ ਨਾਲ ਜੂੰਝ ਰਹੇ ਹਨ। ਇਸ ਮੌਕੇ ਚਰਨਜੀਤ ਸਿੰਘ ਖਾਲਸਾ ,ਇੰਦਰਜੀਤ ਸਿੰਘ, ਤੇਜਿੰਦਰ ਸਿੰਘ ਨਾਗੀ, ਗੁਰਪ੍ਰੀਤ ਸਿੰਘ ਖਾਲਸਾ, ਅਮਰਜੀਤ ਸਿੰਘ ਅਤੇ ਗੁਰਦੀਪ ਸਿੰਘ ਨੇ ਕਿਹਾ ਕਿ ਕੁਦਰਤੀ ਆਫ਼ਤ ਦੇ ਸਮੇਂ ਸਮਾਜ ਦੇ ਹਰ ਵਰਗ ਦਾ ਫਰਜ ਬਣਦਾ ਹੈ ਕਿ ਉਹ ਪੀੜਤ ਪਰਿਵਾਰਾਂ ਦੀ ਮਦਦ ਲਈ ਅੱਗੇ ਆਵੇ। ਉਨ੍ਹਾਂ ਕਿਹਾ ਕਿ ਮੁੱਲਾਂਪੁਰ ਅਤੇ ਆਲੇ-ਦੁਆਲੇ ਦੇ ਲੋਕਾਂ ਨੇ ਹਮੇਸ਼ਾਂ ਹਰ ਸੰਕਟ ਦੀ ਘੜੀ ਵਿੱਚ ਇਕ-ਦੂਜੇ ਦਾ ਸਾਥ ਦਿੱਤਾ ਹੈ। ਇਸ ਵਾਰਵੀਵਪਾਰੀਵਰਗ ਅਤੇ ਸੇਵਾਸੰਸਥਾਵਾਂ ਮਿਲਕੇ ਲੋੜਵੰਦਾਂ ਤੱਕ ਮੱਦਦ ਪਹੁੰਚਾ ਰਹੀਆਂ ਹਨ।

## ਗਿਆਸਪੁਰਾ ਨੇ ਲੋੜਵੰਦ ਪਰਿਵਾਰਾਂ ਨੂੰ ਵੰਡੀਆਂ ਤ੍ਰਿਪਾਲਾਂ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ) :ਪੰਜਾਬ ਅੰਦਰ ਹੜ੍ਹਾਂ ਦੀ ਨਾਜ਼ੁਕ ਸਥਿਤੀ ਨਾਲ ਨਜਿੱਠਣ ਲਈ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ ਔਖੀ ਘੜੀ ਵਿੱਚ ਪੰਜਾਬ ਅਤੇ ਪੰਜਾਬੀਆਂ ਨਾਲ ਖੜ੍ਹੀ ਹੈ ਅਤੇ ਲੋਕਾਂ ਨੂੰ ਅਜਿਹੇ ਮੁਸ਼ਕਿਲ ਸਮੇਂ ਵਿੱਚ ਹਰੇਕ ਜਰੂਰੀ ਵਸਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਾਇਲ ਤੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਆਪਣੇ ਦਫ਼ਤਰ ਵਿਖੇ ਲੋੜਵੰਦ ਪਰਿਵਾਰਾਂ ਨੂੰ ਤ੍ਰਿਪਾਲਾਂ ਵੰਡਦਿਆਂ ਕੀਤਾ। ਉਨ੍ਹਾਂ ਦਾਨੀ ਸੱਜਣਾਂ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ ਤਾਂ ਜੋ ਭਾਰੀ ਮੀਂਹ ਦੀ ਮਾਰ ਝੱਲ ਰਹੇ ਪਰਿਵਾਰਾਂ ਦੀ ਮਦਦ ਹੋ ਸਕੇ। ਉਨ੍ਹਾਂ ਕਿਹਾ ਕਿ ਲਗਾਤਾਰ ਬਾਰਿਸ਼ ਪੈਣ ਨਾਲ ਲੋਕਾਂ ਦੇ ਕੋਠੇ ਚੋਣ ਲੱਗ ਪਏ ਹਨ ਅਤੇ ਉਨ੍ਹਾਂ ਦਾ ਰਾਸ਼ਨ-ਪਾਣੀ ਅਤੇ ਘਰ ਦੀਆਂ ਜ਼ਰੂਰੀ ਵਸਤਾਂ ਭਿੱਜ ਰਹੀਆਂ ਸਨ, ਜਿਸ ਕਰਕੇ ਉਨ੍ਹਾਂ ਨੂੰ ਤ੍ਰਿਪਾਲਾਂ ਮੁਹੱਈਆ ਕਰਵਾਈਆਂ ਗਈਆਂ।

## ਸਿਹਤ ਜਾਂਚ ਕੈਂਪ ਲਗਾਇਆ



ਲੁਧਿਆਣਾ, 7 ਸਤੰਬਰ ( ਰਵਿੰਦਰ ਸਿੰਘ ਨਿੱਝਰ):ਜੇਸੀਆਈ ਐਲਮੁਨਾਈ ਕਲੱਬ ਅਤੇ ਜੇਸੀਆਈ ਲੁਧਿਆਣਾ ਕਵੀਨਜ਼ ਨੇ ਮਿਸਾਲ ਆਰਗੇਨਾਈਜ਼ੇਸ਼ਨ ਦੇ ਸਹਿਯੋਗ ਨਾਲ ਖੂਨ ਦਾਨ, ਅੱਖਾਂ ਦੀ ਜਾਂਚ ਅਤੇ ਦੰਦਾਂ ਦੀ ਜਾਂਚ ਕੈਂਪ ਦਾ ਸਫਲ ਆਯੋਜਨ ਗੁਰਦੁਆਰਾ ਸਾਹਿਬ, ਇੰਦਰਾਨਗਰ, ਲੁਧਿਆਣਾ ਵਿੱਚ ਕੀਤਾ। ਕੈਂਪ 'ਚ 160 ਮਰੀਜ਼ਾਂ ਨੇ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਲਿਆ। ਇਸ ਤੋਂ ਇਲਾਵਾ, 50 ਯੂਨਿਟ ਖੂਨ ਇਕੱਠਾ ਕੀਤਾ ਗਿਆ।ਡੈਂਟਲ ਟੀਮ ਦੀ ਅਗਵਾਈ ਜੇਸੀ ਡਾ. ਸੋਨਾਲੀ ਆਨੰਦ ਨੇ ਕੀਤੀ।ਅੱਖਾਂ ਦੀ ਜਾਂਚ ਸੁਰਜੀਤ ਸਿੰਘ ਦੀ ਰਹਿਨੁਮਾਈ ਹੇਠ ਹੋਈ। ਹਰਜੀਤ ਸਿੰਘ ਨਿੱਝਰ, ਮਹਕਪ੍ਰੀਤ ਸਿੰਘ, ਜੇਸੀ . ਡਾ ਸੋਨਾਲੀ, ਜੇਸੀ ਡਾ. ਪੁਨੀਤ ਗੁਪਤਾ ਅਤੇ ਜੇਸੀ ਡਾ. ਰਾਜੀਵ ਅੱਗਰਵਾਲ ਕੈਂਪ ਦੇ ਪ੍ਰਬੰਧਕ ਸਨ। ਗੁਰਦੁਆਰਾ ਸਿੰਘ ਸਭਾ ਇੰਦਰਾਨਗਰ ਕਮੇਟੀ ਵੱਲੋਂ ਹਰੀ ਸਿੰਘ ਪ੍ਰਧਾਨ ਸਮੇਤ ਸਾਰੀ ਟੀਮ ਨੇ ਹਾਜ਼ਰੀ ਭਰੀ। ਇਸ ਮੌਕੇ ਐਮ.ਐਲ.ਏ. ਕੁਲਵੰਤ ਸਿੰਘ ਸਿੱਧੂ, ਨਿਰਮਲ ਸਿੰਘ ਕੈੜਾ, ਸਿਮਰਜੀਤ ਸਿੰਘ ਬੈਂਸ, ਹੈਪੀ ਲੱਲੀ, ਟੋਨੀ ਅਤੇ ਸ਼ਰਨਪਾਲ ਸਿੰਘ ਮੱਕੜ ਵਿਸ਼ੇਸ਼ ਮਹਿਮਾਨਾਂ ਵਜੋਂ ਪਹੁੰਚੇ। ਇਸ ਮੌਕੇ ਤੇ ਜੇਸੀ ਡਾ. ਈਸ਼ਾ ਅੱਗਰਵਾਲ, ਮਹਕਪ੍ਰੀਤ ਸਿੰਘ, ਹਰਦੀਪ ਸਿੰਘ ਨਿੱਝਰ, ਗੁਰਵੀਰ ਸਿੰਘ, ਸਾਹਿਲ ਵਰਮਾ, ਹਰਜੀਤ ਸਿੰਘ, ਮਨਜੀਤ ਸਿੰਘ ਮੀਤਾ, ਕਰਮਜੀਤ ਸਿੰਘ ਕੱਮਾ, ਰਮੇਸ਼ ਘਈ, ਹਰਪ੍ਰੀਤ ਸਿੰਘ, ਜਗਿੰਦਰ ਸਿੰਘ, ਹਿਮਾਂਸ਼ੂ ਮਹਰਾ, ਹਰਦੀਪ ਸਿੰਘ ਬਾਬਾ ਰਹੋਂ ਰੋਡ, ਸੁਖਵਿੰਦਰ ਸਿੰਘ ਸਿੱਧੂ, ਦਵਿੰਦਰ ਸਿੰਘ, ਡਾ. ਸੋਨਾਲੀ, ਜੇਸੀ ਪ੍ਰਤੀਬਾਂ ਬਾਂਗੀਆ, ਜੇਸੀ ਅਮਿਤ ਗੋਯਲ, ਜੇਸੀ ਜਸਬੀਰ ਬਾਵਾ, ਜੇਸੀ ਨੇਹਾ ਗੁਪਤਾ, ਜੇਸੀ ਪੂਜਾ ਬੰਸਲ, ਰਿਤੂ ਜੀ, ਜੇਸੀ ਵਨੀਤ ਬੰਸਲ, ਜੇਸੀ ਰਾਜੇਸ਼ ਗੁਪਤਾ, ਜੇਸੀ ਵਿਸ਼ਾਲ ਬੰਸਲ ਅਤੇ ਜੇਸੀ ਰਾਹੁਲ ਬਾਗੀਆਂ ਸ਼ਾਮਲ ਸਨ।

## ਪਸ਼ੂ ਪਾਲਕਾਂ ਦੀ ਸਹਾਇਤਾ ਲਈ ਵੈਟਰਨਰੀ ਟੀਮਾਂ ਘਰ-ਘਰ ਜਾ ਕੇ ਕੰਮ ਕਰਨ ਲੱਗੀਆਂ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ) ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਨਿਰਦੇਸ਼ਾਂ ਹੇਠ, ਵੈਟਰਨਰੀ ਟੀਮਾਂ ਨੇ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ ਵਿੱਚ ਪਸ਼ੂਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਇੱਕ ਵਿਆਪਕ ਘਰ-ਘਰ ਜਾ ਕੇ ਮੁਹਿੰਮ ਸ਼ੁਰੂ ਕੀਤੀ ਹੈ। ਟੀਮਾਂ ਘਰ-ਘਰ ਜਾ ਕੇ ਨਿਰੀਖਣ ਕਰ ਰਹੀਆਂ ਹਨ, ਜ਼ਰੂਰੀ ਡਾਕਟਰੀ ਦੇਖਭਾਲ ਪ੍ਰਦਾਨ ਕਰ ਰਹੀਆਂ ਹਨ, ਅਤੇ ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਦਵਾਈਆਂ ਅਤੇ ਟੀਕੇ ਸਪਲਾਈ ਕਰ ਰਹੀਆਂ ਹਨ। ਡਿਪਟੀ ਕਮਿਸ਼ਨਰ ਜੈਨ ਨੇ ਕਿਸਾਨਾਂ ਅਤੇ ਪਸ਼ੂ ਮਾਲਕਾਂ ਦੀ ਸਹਾਇਤਾ ਲਈ ਪੰਜਾਬ ਸਰਕਾਰ ਦੀ ਅਟੁੱਟ ਵਚਨਬੱਧਤਾ ਤੇ ਜ਼ੋਰ ਦਿੱਤ ਾ। ਪੰਜਾਬ ਸਰਕਾਰ ਲੋਕਾਂ, ਖਾਸ ਕਰਕੇ ਸਾਡੇ ਕਿਸਾਨਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਪ੍ਰਸ਼ਾਸਨ ਇਹ ਯਕੀਨੀ ਬਣਾ ਰਿਹਾ ਹੈ ਕਿ ਜ਼ਰੂਰੀ ਦਵਾਈਆਂ ਨਾਲ ਲੈਸ ਵੈਟਰਨਰੀ ਟੀਮਾਂ ਤਾਇਨਾਤ ਕਰਕੇ ਪਸ਼ੂ ਪਾਲਕਾਂ ਨੂੰ ਕੋਈ ਚੁਣੌਤੀਆਂ ਦਾ ਸਾਹਮਣਾ ਨਾ ਕਰਨਾ ਪਵੇ, ਉਨ੍ਹਾਂ ਕਿਹਾ। ਉਨ੍ਹਾਂ ਅੱਗੇ ਭਰੋਸਾ ਦਿੱਤਾ ਕਿ ਸਸਰਾਲੀ ਕਲੋਨੀ ਵਿੱਚ ਸਥਿਤੀ ਕਾਬੂ ਵਿੱਚ ਹੈ, ਪਸ਼ੂਆਂ ਦੀ ਸੁਰੱਖਿਆ ਲਈ ਸਰਗਰਮ ਉਪਾਅ ਕੀਤੇ ਗਏ ਹਨ।

## ਸੰਧਵਾਂ ਨੇ ਸੰਤ ਬਾਬਾ ਬਲਜਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਕੀਤਾ ਦੁੱਖ ਸਾਂਝਾ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ): ਸਿੱਖ ਪੰਥ ਦੇ ਮਹਾਨ ਵਿਦਵਾਨ ਸੰਪ੍ਰਦਾਇ ਰਾੜਾ ਸਾਹਿਬ ਦੇ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਪ੍ਰਗਟ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਐਤਵਾਰ ਨੂੰ ਵਿਸ਼ਵ ਪ੍ਰਸਿੱਧ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਪ੍ਰਦਾਇ ਰਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਅਮਰ ਸਿੰਘ ਜੀ ਭੋਰਾ ਸਾਹਿਬ ਅਤੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੇ ਮੁੱਖ ਗ੍ਰੰਥੀ ਬਾਬਾ ਬਲਦੇਵ ਸਿੰਘ, ਟਰੱਸਟੀ ਮੈਂਬਰ ਭਾਈ ਰਣਧੀਰ ਸਿੰਘ ਢੀਂਡਸਾ, ਭਾਈ ਗੁਰਨਾਮ ਸਿੰਘ, ਭਾਈ ਮਲਕੀਤ ਸਿੰਘ ਪਨੇਸਰ, ਜਗਜੀਤ ਸਿੰਘ ਗਿੱਲ, ਮਨਿੰਦਰਜੀਤ ਸਿੰਘ ਬਾਵਾ, ਪ੍ਰਿੰਸੀਪਲ ਗੁਰਨਾਮ ਸਿੰਘ ਚੰਡੀਗੜ੍ਹ , ਭਾਈ ਬਾਵਾ ਸਿੰਘ ਤੋਂ ਇਲਾਵਾ ਸੰਤ ਬਾਬਾ ਬਲਜਿੰਦਰ ਸਿੰਘ ਜੀ ਭਰਾ ਭਾਈ ਗੁਰਦੀਪ ਸਿੰਘ (ਅਮਰੀਕਾ) ਅਤੇ ਭਾਈ ਗੋਬਿੰਦਰ ਸਿੰਘ ਅਤੇ ਹੋਰ ਸੰਗਤਾਂ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਸਿੱਖ ਜਗਤ, ਸੰਪ੍ਰਦਾਇ ਰਾੜਾ ਸਾਹਿਬ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਸੰਤ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਥੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ ਉੱਥੇ ਸੰਤ ਬਾਬਾ ਬਲਜਿੰਦਰ ਸਿੰਘ ਜੀ ਨੇ ਕਈ ਸਾਲਾਂ ਦੀ ਮਿਹਨਤ ਦਾ ਸਦਕਾ ਗੁਰਬਾਣੀ, ਗੁਰਮਤਿ ਅਤੇ ਸਿੱਖ-ਇਤਿਹਾਸ ਨਾਲ ਸੰਬੰਧਿਤ ਸਮੱਗਰੀ ਇੰਟਰਨੈੱਟ ਤੇ ਸੰਗਤਾਂ ਲਈ ਉਪਲੱਬਧ ਕਰਵਾਉਣ ਵਿੱਚ ਭਰਪੂਰ ਯੋਗਦਾਨ ਪਾਇਆ ਜਿਸ ਨੂੰ ਰਹਿਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਸਪੀਕਰ ਸੰਧਵਾਂ ਨੇ ਕਿਹਾ ਕਿ ਬਾਬਾ ਬਲਜਿੰਦਰ ਸਿੰਘ ਜੀ ਵੱਲੋਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਉਚੇਚੇ ਤੌਰ 'ਤੇ ਕੰਮ ਕੀਤੇ ਹਨ। ਉਨ੍ਹਾਂ ਈਸ਼ਰ ਮਾਈਕਰੋ ਮੀਡੀਆ ਬਣਾਇਆ ਹੈ। ਇਸ ਐਪ ਰਾਹੀਂ ਤੁਸੀਂ ਗੁਰੂ ਦਾ ਗਿਆਨ ਲੈ ਸਕਦੇ ਹੋ। ਸੋ ਬਹੁਤ ਹੀ ਸੇਵਾਵਾਂ ਬਾਬਾ ਜੀ ਨੇ ਨਿਭਾਈਆਂ ਹਨ। ਬਾਬਾ ਬਲਜਿੰਦਰ ਸਿੰਘ ਜੀ ਦਾ ਸਮੇਂ ਤੋਂ ਪਹਿਲਾਂ ਚਲੇ ਜਾਣਾ ਬਹੁਤ ਦੁਖਦਾਈ ਅਤੇ ਸਦੀਵੀ ਵਿਛੋੜਾ ਨਾ ਭੁੱਲਣਯੋਗ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਵੀ ਫੁਰਮਾਨ ਹੈ ਬਿਰਥੀ ਕਦੇ ਨ ਹੋਵਇ ਜਨ ਕੀ ਅਰਦਾਸਿ। ਅਸੀਂ ਸਾਰੇ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਬਾਬਾ ਬਲਜਿੰਦਰ ਸਿੰਘ ਜੀ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

## ਧਾਰਮਿਕ ਨੂਰੀ ਦੀਵਾਨ 12,13 ਅਤੇ 14 ਨੂੰ

ਲੁਧਿਆਣਾ 7 ਸਤੰਬਰ : (ਰਵਿੰਦਰ ਸਿੰਘ ਨਿੱਝਰ ) ਦਰਬਾਰ ਸੰਪ੍ਰਦਾਇ ਸੰਤ ਆਸ਼ਰਮ ਲੋਪੋਂ ਸਾਹਿਬ , ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮ੍ਰਪਿਤ ਲੁਧਿਆਣਾ ਦੀਆਂ ਸੰਗਤਾਂ ਵੱਲੋਂ 27ਵਾਂ ਦਰਬਾਰ ਤਿੰਨ ਦਿਨਾਂ ਧਾਰਮਿਕ ਨੂਰੀ ਦੀਵਾਨ 12,13,14 ਸਤੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸਥਾਨ ਦਾਣਾ ਮੰਡੀ, ਨਜਦੀਕ ਅਰੋੜਾ ਪੈਲੇਸ ਵਿਖੇ ਸਜਾਏ ਜਾ ਰਹੇ ਹਨ। ਇਨ੍ਹਾਂ ਧਾਰਮਿਕ ਨੂਰੀ ਦੀਵਾਨਾ ਵਿੱਚ ਸ੍ਰੀ ਮਾਨ ਸੰਤ ਸੁਆਮੀ ਜਗਜੀਤ ਸਿੰਘ ਜੀ ਲੋਪੋ ਵਾਲੇ ਸਾਮ 8.30 ਵਜੇ ਤੋਂ ਲੈਕੇ 10.30 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਮਰ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕਾਂ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਿਵਾਨਾ ਦੀਆਂ ਤਿਆਰੀਆਂ ਵੱਡੇ ਪੱਧਰ ਤੇ ਚੱਲ ਰਹੀਆਂ ਹਨ। ਹਰ ਰੋਜ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਇਸ ਮੌਕੇ ਜੀਤ ਸਿੰਘ ਪ੍ਰਧਾਨ, ਚਮਕੌਰ ਸਿੰਘ, ਇੰਦਰਜੀਤ ਸਿੰਘ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਪ੍ਰੇਮ ਸਿੰਘ, ਹਰਧਿਆਨ ਸਿੰਘ, ਰਜੇਸ਼ ਕੁਮਾਰ, ਪ੍ਰਦੀਪ ਕੁਮਾਰ, ਹਰਪਾਲ ਸਿੰਘ, ਚਰਨ ਸਿੰਘ, ਦਰਸਨ ਸਿੰਘ, ਸਿਕੰਦਰ ਸਿੰਘ, ਸੁਖਜਿੰਦਰ ਸਿੰਘ, ਮਨਜਿੰਦਰ ਸਿੰਘ, ਤੇਜਾ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ, ਪਰਵਿੰਦਰ ਸਿੰਘ ਵੀ ਹਾਜਰ ਸਨ।

## ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਦੀ ਚੜ੍ਹਦੀਕਲਾ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ



ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪੰਜਾਬ ਅੰਦਰ 13 ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ । ਪਿੰਡਾਂ ਵਿੱਚ ਮਾਲ ਡੰਗਰ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ । ਪਿੰਡ ਚਕਰ ਫੈਡਰੇਸ਼ਨ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਸਦਕਾ ਪੰਜਾਬ ਦੀ ਚੜ੍ਹਦੀ ਕਲਾ ਲਈ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਵਿਖੇ ਸ਼ੁੱਕਰਵਾਰ ਅਖੰਡ-ਪਾਠ ਸਾਹਿਬ ਪ੍ਰਕਾਸ਼ ਕੀਤਾ ਗਿਆ । ਕੱਲ੍ਹ ਦਿਨ ਐਤਵਾਰ ਭੋਗ ਪਾਏ ਗਏ ਅਤੇ ਪੂਰਾ ਨਗਰ ਅਰਦਾਸ ਵਿੱਚ ਸ਼ਾਮਲ ਹੋਇਆ । ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਸਾਰੇ ਨਗਰ ਵਿੱਚੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪਿੰਡਾਂ ਲਈ ਅਚਾਰ, ਦਾਣਾ, ਪਾਣੀ ਇਕੱਠਾ ਕੀਤਾ ਜਾ ਰਿਹਾ ਹੈ । ਨਗਰ ਵੱਲੋਂ ਬਹੁਤ ਮੱਦਦ ਮਿਲ ਰਹੀ ਆ । ਇਸ ਦੀ ਜਾਣਕਾਰੀ ਸਮੁੱਚੀ ਯੰਗ ਸਿੱਖ ਫੈਡਰੇਸ਼ਨ ਰਜਿ: ਧਰਮ ਪ੍ਰਚਾਰ ਜੱਥਾ ਚਕਰ ਵੱਲੋਂ ਸਾਂਝੇ ਤੌਰ ਤੇ ਦਿੱਤੀ ਗਈ।

## ਰਾਹਤ ਸਮੱਗਰੀ ਨਾਲ ਲੈ ਕੇ ਜੱਥਾ ਰਵਾਨਾ ਕੀਤਾ



ਲੁਧਿਆਣਾ, 7 ਸਤੰਬਰ ( ਰਵਿੰਦਰ ਸਿੰਘ ਨਿੱਝਰ ) ਪੰਜਾਬ ਵਿੱਚ ਬੀਤੇ ਕਈ ਦਿਨਾਂ ਤੋਂ ਬਣੇ ਹੜ੍ਹ ਦੇ ਹਾਲਾਤਾਂ ਨੂੰ ਦੇਖਦਿਆਂ ਅੱਜ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਅਤੇ ਹਮਦਰਦਾਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਨਾਲ ਲੈ ਕੇ ਜੱਥਾ ਰਵਾਨਾ ਕੀਤਾ ਗਿਆ । ਇਸ ਦੌਰਾਨ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ । ਇਸ ਜੱਥੇ ਨੂੰ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟ੍ਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਸ਼ੁਭਕਾਮਨਾਵਾਂ ਨਾਲ ਝੰਡੀ ਦੇ ਕੇ ਰਵਾਨਾ ਕੀਤਾ । ਜੱਥੇ ਦੇ ਰਵਾਨਾ ਹੋਣ ਤੋਂ ਪਹਿਲਾਂ ਇਕੱਠ ਨੂੰ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਨੇ ਸੰਬੋਧਨ ਕਰਦਿਆਂ ਕਿਹਾ ਮੌਜੂਦਾ ਹੜ੍ਹ ਕਿਸੇ ਕੁਦਰਤੀ ਆਫ਼ਤ ਦਾ ਨਤੀਜਾ ਨਹੀਂ ਸਗੋਂ ਸਰਕਾਰ ਦੀ ਅਣਗਹਿਲੀ ਅਤੇ ਪ੍ਰਬੰਧਾਂ ਦੀ ਘਾਟ ਕਾਰਨ ਹੋਇਆ ਹੈ। ਪਰ ਅਜਿਹੀ ਸੰਕਟ ਦੀ ਸਥਿਤੀ ਵਿੱਚ ਪੰਜਾਬ ਦੇ ਲੋਕ ਹੀ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹਨ । ਲੋਕ ਸਰਕਾਰ ਦੀ ਉਡੀਕ ਕੀਤੇ ਬਿਨਾਂ ਰਾਹਤ ਕਾਰਜਾਂ ਵਿੱਚ ਮਦਦ ਲਈ ਅੱਗੇ ਆਏ । ਨੌਜਵਾਨ ਸਭਾ ਨੇ ਲਗਾਤਾਰ ਹੜ੍ਹ ਪੀੜਤਾਂ ਦੀ ਦੇਖਭਾਲ ਵਿੱਚ ਲੱਗੀਆਂ ਜੱਥੇਬੰਦੀਆਂ ਦੇ ਨਾਲ ਤਾਲਮੇਲ ਕੀਤਾ ਅਤੇ ਉਨ੍ਹਾਂ ਲਈ ਲੋੜੀਂਦੇ ਸਮਾਨ ਦੀ ਸੂਚੀ ਤਿਆਰ ਕਰਕੇ ਸਹਾਇਤਾ ਭੇਜੀ ਜਾ ਰਹੀ ਹੈ ਜਿਸ ਵਿੱਚ ਖਾਸ ਕਰਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਦੇ ਲਈ ਨਵੇਂ ਕੱਪੜੇ, ਜਰੂਰੀ ਦਵਾਈਆਂ, ਸੈਨੇਟਰੀ ਪੈਡ, ਚਾਦਰਾਂ, ਟਾਰਚਾਂ, ਆਦਿ ਸ਼ਾਮਲ ਕੀਤੇ ਗਏ ਹਨ । ਇਸ ਤੋਂ ਇਲਾਵਾ ਹੋਰ ਜੱਥੇਬੰਦੀਆਂ ਵੱਲੋਂ ਸਮੱਗਰੀ ਅਤੇ ਮਾਇਕ ਸਹਾਇਤਾ ਕੀਤੀ ਗਈ ਹੈ। ਕਾਮਰੇਡ ਸੁਰਿੰਦਰ ਦੁੱਗਰੀ, ਰਾਜਵਿੰਦਰ ਕੌਰ, ਸਾਥਣਾਂ, 4☛ ਰਾਮਾ, ਰਾਮਾ ਹਸਪਤਾਲ, ਅਮਨ ਅਹੂਜਾ, ਅਮਨ ਮੈਡੀਕੋਜ਼,ਜਸਪ੍ਰੀਤ ਸਿੰਘ (ਯੂਕੈਨ ਇਮੀਗ੍ਰੇਸ਼ਨ), ਕਾਮਰੇਡ ਮਧੂ, ਨਿਰਮਲ ਡੀ ਐਮ ਸੀ, ਪਵਨ (ਐਚ. ਡੀ. ਐਫ. ਸੀ.) ਬਬਲੂ, ਤਰਲੋਚਨ ਸਿੰਘ ਅਤੇ ਰੰਗ ਮੰਚ ਰੰਗ ਨਗਰੀ ਦੀ ਸਮੁੱਚੀ ਟੀਮ ਨੇ ਇਸ ਕਾਰਜ ਲਈ ਵਿਸ਼ੇਸ਼ ਸਹਾਇਤਾ ਕੀਤੀ । ਹੜ੍ਹ ਪੀੜਤਾਂ ਦੇ ਮੁੜ ਵਸੇਬੇ ਤੱਕ ਸਹਾਇਤਾ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।

## ਗੁਰਦੁਆਰਾ ਚੰਦੂਆਣਾ ਸਾਹਿਬ ਵਿਖੇ ਸਿਮਰਨ ਅਭਿਆਸ ਅਕੱਥ ਕਥਾ ਸਮਾਗਮ 10 ਨੂੰ

ਲੁਧਿਆਣਾ 7 ਸਤੰਬਰ (ਕਰਨੈਲ ਸਿੰਘ ਐੱਮ.ਏ.) ਨੇਤਰਹੀਣ ਅਨਾਥ ਆਸ਼ਰਮ, ਗੁਰਦੁਆਰਾ ਚੰਦੂਆਣਾ ਸਾਹਿਬ ਪਾਤਸ਼ਾਹੀ ਛੇਵੀਂ, ਪਿੰਡ ਨਰਾਇਣਗੜ੍ਹ ਸੋਹੀਆਂ, ਜ਼ਿਲ੍ਹਾ ਬਰਨਾਲਾ ਵਿਖੇ 10 ਸਤੰਬਰ ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਤੋਂ 12 ਵਜੇ ਤੱਕ ਸਿਮਰਨ ਅਭਿਆਸ ਅਕੱਥ ਕਥਾ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਭਾਈ ਧਰਮਜੀਤ ਸਿੰਘ ਜੀ ਗੁਰੂਸਰ ਕਾਉਂਕੇ ਵਾਲੇ ਸਿਮਰਨ ਅਭਿਆਸ ਅਕੱਥ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਗੁਰੂ ਕਾ ਲੰਗਰ ਅਤੁੱਟ ਵਰਤੇਗਾ । ਬਾਬਾ ਸੂਬਾ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਚੰਦੂਆਣਾ ਸਾਹਿਬ ਵੱਲੋਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ ।

## ਖੰਗੂੜਾ ਨੇ ਕੀਤੀ ਸੰਗਤ ਲਈ ਅਰਦਾਸ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ) ਬਾੜੇਵਾਲ ਪਿੰਡ ਵਿੱਚ ਸ਼ਨੀਵਾਰ ਰਾਤ ਨੂੰ ਆਯੋਜਿਤ ਪਵਿੱਤਰ ਮਾਤਾ ਰਾਣੀ ਦੇ ਜਾਗਰਨ ਵਿੱਚ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਸ਼ਹਿਰੀ ਅਤੇ ਚੇਅਰਮੈਨ ਪਲਾਨਿੰਗ ਬੋਰਡ ਲੁਧਿਆਣਾ, ਜਤਿੰਦਰ ਸਿੰਘ ਖੰਗੂੜਾ ਨੇ ਸ਼ਿਰਕਤ ਕਰਕੇ ਸੰਗਤ ਨਾਲ ਅਰਦਾਸ ਕੀਤੀ। ਮਾਤਾ ਰਾਣੀ ਦੇ ਚਰਨਾਂ ਵਿੱਚ ਨਤਮਸਤਕ ਹੁੰਦਿਆਂ ਉਨ੍ਹਾਂ ਨੇ ਸਮੂਹ ਸੰਗਤ ਦੀ ਚੜ੍ਹਦੀ ਕਲਾ, ਖੁਸ਼ਹਾਲੀ ਅਤੇ ਸਮਾਜ ਵਿੱਚ ਏਕਤਾ ਤੇ ਸਦਭਾਵਨਾ ਲਈ ਪ੍ਰਾਰਥਨਾ ਕੀਤੀ।ਇਸ ਮੌਕੇ ਜਤਿੰਦਰ ਸਿੰਘ ਖੰਗੂੜਾ ਨੇ ਕਿਹਾ, ਧਾਰਮਿਕ ਅਤੇ ਸਮਾਜਿਕ ਸਮਾਗਮ ਸਾਡੀ ਸਭਿਆਚਾਰਕ ਵਿਰਾਸਤ ਦਾ ਅਨਮੋਲ ਹਿੱਸਾ ਹਨ। ਇਹ ਸਮਾਗਮ ਸਮਾਜ ਨੂੰ ਏਕਤਾ, ਭਾਈਚਾਰੇ ਅਤੇ ਪਰਸਪਰ ਸਤਿਕਾਰ ਦੀ ਭਾਵਨਾ ਨਾਲ ਜੋੜਦੇ ਹਨ। ਭਾਵੁਕ ਅੰਦਾਜ਼ ਵਿੱਚ ਉਨ੍ਹਾਂ ਨੇ ਅੱਗੇ ਕਿਹਾ, ਵਾਰਡ ਨੰਬਰ 59 ਮੇਰੇ ਲਈ ਸਿਰਫ਼ ਇੱਕ ਵਾਰਡ ਨਹੀਂ, ਸਗੋਂ ਮੇਰਾ ਪਰਿਵਾਰ ਹੈ। ਇਸ ਵਾਰਡ ਦੇ ਹਰ ਵਸਨੀਕ ਦਾ ਪਿਆਰ ਅਤੇ ਸਮਰਥਨ ਮੇਰੀ ਸਭ ਤੋਂ ਵੱਡੀ ਤਾਕਤ ਹੈ। ਜਿਵੇਂ ਇੱਕ ਪਰਿਵਾਰ ਸੁੱਖ-ਦੁੱਖ ਵਿੱਚ ਇਕੱਠਾ ਖੜ੍ਹਦਾ ਹੈ, ਉਸੇ ਤਰ੍ਹਾਂ ਮੈਂ ਹਮੇਸ਼ਾ ਆਪਣੇ ਵਾਰਡ ਵਾਸੀਆਂ ਦੇ ਨਾਲ ਹਰ ਸਥਿਤੀ ਵਿੱਚ ਡਟ ਕੇ ਖੜ੍ਹਾਂਗਾ। ਖੰਗੂੜਾ ਨੇ ਜਾਗਰਨ ਦੇ ਪ੍ਰਬੰਧਕਾਂ ਦਾ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਸੁਚੱਜੇ ਪ੍ਰਬੰਧਾਂ ਨਾਲ ਸੰਗਤ ਨੂੰ ਮਾਤਾ ਰਾਣੀ ਦੇ ਦਰਬਾਰ ਵਿੱਚ ਜੋੜਨ ਦਾ ਮੌਕਾ ਪ੍ਰਦਾਨ ਕੀਤਾ। ਉਨ੍ਹਾਂ ਨੇ ਵਾਰਡ ਦੇ ਵਿਕਾਸ ਅਤੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਵਚਨਬੱਧਤਾ ਦੁਹਰਾਈ, ਕਹਿੰਦਿਆਂ ਕਿ, ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਨਾ ਮੇਰਾ ਸਭ ਤੋਂ ਵੱਡਾ ਧਰਮ ਹੈ। ਮੈਂ ਵਾਰਡ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉੱਚੇ ਪੱਧਰ ਤੱਕ ਉਠਾਉਣ ਲਈ ਹਮੇਸ਼ਾ ਤਤਪਰ ਰਹਾਂਗਾ। ਜਾਗਰਨ ਦੌਰਾਨ ਸੰਗਤ ਦੀ ਵੱਡੀ ਗਿਣਤੀ ਨੇ ਹਾਜ਼ਰੀ ਭਰੀ ਅਤੇ ਮਾਤਾ ਰਾਣੀ ਦੀ ਭਕਤੀ ਵਿੱਚ ਲੀਨ ਹੋ ਕੇ ਅਰਦਾਸ ਕੀਤੀ। ਇਸ ਸਮਾਗਮ ਨੇ ਸਮਾਜ ਵਿੱਚ ਏਕਤਾ ਅਤੇ ਧਾਰਮਿਕ ਸਦਭਾਵਨਾ ਦਾ ਸੁਨੇਹਾ ਵੀ ਪ੍ਰਸਾਰਿਤ ਕੀਤਾ।

## ਡਾ. ਕੋਟਨੀਸ ਅਤੇ ਡਾ. ਬਾਸੂ ਨੂੰ ਚੀਨੀ ਲੋਕ ਭਗਵਾਨ ਵਾਂਗ ਪੂਜਦੇ ਹਨ : ਵਰੁਣ ਚੋਪੜਾ



ਲੁਧਿਆਣਾ 7 ਸਤੰਬਰ ( ਰਵਿੰਦਰ ਸਿੰਘ ਨਿੱਝਰ)ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਚੀਨ ਦਾ ਦੌਰਾ ਕੀਤਾ ਹੈ ਜਿਸ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਹੋਰ ਵੀ ਨੇੜੇ ਲਿਆਂਦਾ ਗਿਆ ਹੈ। , ਡਾ. ਕੋਟਨੀਸ ਐਕਯੂਪੰਕਚਰ ਹਸਪਤਾਲ, ਲੁਧਿਆਣਾ ਦੇ ਮੈਂਬਰ ਵਰੁਣ ਚੋਪੜਾ ਡਾ. ਦਵਾਰਕਾਨਾਥ ਕੋਟਨੀਸ ਦੇ ਪਰਿਵਾਰ ਦੇ ਮੈਂਬਰਾਂ ਨੇ ਹਾਲ ਹੀ ਸ਼੍ਰੀ ਮੰਗੇਸ਼ ਦੀ ਅਗਵਾਈ ਵਾਲੇ 9 ਮੈਂਬਰੀ ਭਾਰਤੀ ਵਫ਼ਦ ਨੂੰ ਮਿਲਣ ਲਈ ਗਏ ਸਨ। ਚਾਈਨੀਜ਼ ਪੀਪਲਜ਼ ਐਸੋਸੀਏਸ਼ਨ ਫਾਰ ਫ੍ਰੈਂਡਸ਼ਿਪ ਵਿਦ ਫਾਰੇਨ ਕੰਟਰੀਜ਼ (3♦1663) ਦੁਆਰਾ ਆਯੋਜਿਤ ਇੱਕ ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮ ਦੇ ਹਿੱਸੇ ਵਜੋਂ ਸ਼ੀਆਨ, ਯਾਨਆਨ, ਸ਼ਿਜਿਆਜ਼ੁਆਂਗ ਅਤੇ ਬੀਜਿੰਗ ਦਾ ਦੌਰਾ ਕੀਤਾ।ਭਾਰਤ ਦੀ ਨੁਮਾਇੰਦਗੀ ਕਰਦੇ ਹੋਏ, ਕੋਟਨੀਸ ਹਸਪਤਾਲ, ਲੁਧਿਆਣਾ ਦੇ ਮੈਂਬਰ ਡਾ. ਵਰੁਣ ਚੋਪੜਾ ਅਤੇ ਮੁਸਕਾਨ ਬਯਾਨਾ ਨੇ ਇਸ ਫੇਰੀ ਨੂੰ ਜੀਵਨ ਭਰ ਦਾ ਇੱਕ ਅਨੁਭਵ ਦੱਸਿਆ। ਕੋਟਨਿਸ ਮੈਮੋਰੀਅਲ ਹਾਲ ਵਿਖੇ ਚੋਪੜਾ ਨੇ ਆਪਣੇ ਪੜਦਾਦਾ ਜੀ ਦੀ ਇੱਕ ਫੋਟੋ ਦੇਖੀ - ਜਿਸਨੂੰ ਉਨ੍ਹਾਂ ਨੇ ਇੱਕ ਬਹੁਤ ਹੀ ਭਾਵਨਾਤਮਕ ਪਲ ਦੱਸਿਆ। ਇਸ ਮੌਕੇ ਤੇ ਸ਼ਾਂਕਸੀ ਪ੍ਰਾਂਤ ਵਿੱਚ, ਸਮੂਹ ਦਾ ਸ਼੍ਰੀਮਤੀ ਯਾਓ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ, ਸ਼ੀਆਨ ਅਤੇ ਯਾਨਆਨ ਵਿੱਚ ਵਾਂਗ ਰੂਜੀਆ (ਰੂਸਾ), ਵੂ ਜ਼ਿਓਂਗ, ਲੀ ਅਤੇ ਲੀ ਯਾਨਪੇਂਗ (ਬ੍ਰਾਈਸ) ਅਤੇ ਬੀਜਿੰਗ ਵਿੱਚ ਜ਼ੂ ਯਾਨ (ਡੈਨੀ) ਵਰਗੇ ਮੇਜ਼ਬਾਨਾਂ ਨੇ ਵਫ਼ਦ ਦਾ ਨਿੱਘਾ ਸਵਾਗਤ ਕੀਤਾ।ਬੁੱਧ ਧਰਮ, ਸੱਭਿਆਚਾਰ ਅਤੇ ਸਿਹਤ ਸਹਿਯੋਗ ਬਾਰੇ ਗਹਿਰੀ ਚਰਚਾ ਨੇ ਸਾਂਝੀ ਸਮਝ ਦੇ ਮੁੱਲਾਂ ਨੂੰ ਹੋਰ ਡੂੰਘਾ ਕੀਤਾ।ਵਰੁਣ ਅਤੇ ਮੁਸਕਾਨ ਨੇ ਕਿਹਾ ਕਿ ਇਸ ਯਾਤਰਾ ਪ੍ਰੋਗਰਾਮ ਵਿੱਚ ਗ੍ਰੇਟ ਵਾਲ, ਟੈਰਾਕੋਟਾ ਵਾਰੀਅਰਜ਼, ਫੀਨਿਕਸ ਮਾਊਂਟੇਨ, ਯਾਨਆਨ ਰੈਵੋਲਿਊਸ਼ਨ ਮੈਮੋਰੀਅਲ ਹਾਲ ਅਤੇ ਹੁਆਕਿੰਗ ਪੈਲੇਸ ਦੇ ਦੌਰੇ ਸ਼ਾਮਲ ਸਨ। ਵਰੁਣ ਅਤੇ ਮੁਸਕਾਨ ਦੇ ਅਨੁਸਾਰ, ਇਸ ਫੇਰੀ ਨੇ ਡਾ. ਕੋਟਨੀਸ ਅਤੇ ਡਾ. ਬਾਸੂ ਦੇ ਇਤਿਹਾਸਕ ਯੋਗਦਾਨ ਨੂੰ ਵੀ ਉਜਾਗਰ ਕੀਤਾ,ਜਿਨ੍ਹਾਂ ਨੇ ਚੀਨ ਵਿੱਚ ਨਿਰਸਵਾਰਥ ਸੇਵਾ ਕੀਤੀ। ਇਸ ਦੇ ਨਾਲ, ਡਾ. ਇੰਦਰਜੀਤ ਸਿੰਘ, ਜੋ ਕਿ ਡਾ. ਬਾਸੂ ਦੇ ਚੇਲੇ ਹਨ, ਨੇ ਵੀ ਇਸ ਵਿਰਾਸਤ ਨੂੰ ਅੱਗੇ ਵਧਾਇਆ। ਚੋਪੜਾ ਨੇ ਸਵਰਗੀ ਸ਼੍ਰੀ ਗਿਆਨ ਸਿੰਘ ਦੀ ਪ੍ਰਮੁੱਖ ਭੂਮਿਕਾ ਨੂੰ ਵੀ ਯਾਦ ਕੀਤਾ।— ਜੋ 1976 ਵਿੱਚ ਚੀਨ ਗਏ ਭਾਰਤ ਦੇ ਪਹਿਲੇ ਵਫ਼ਦ ਦੇ ਨਾਲ ਜਾਣ ਵਾਲਾ ਪਹਿਲਾ ਦਸਤਾਰਧਾਰੀ ਸਿੱਖ ਸੀ। ਵਫਦ ਨੇ ਇੱਕ ਭਾਰੀ ਟਰੱਕ ਨਿਰਮਾਣ ਯੂਨਿਟ ਦਾ ਦੌਰਾ ਵੀ ਸ਼ਾਮਲ ਸੀ, ਉੱਥੇ ਚੋਪੜਾ ਨੇ ਦੇਖਿਆ ਕਿ ਕਿਵੇਂ ਦੇਸ਼ ਮੁਸ਼ਕਲਾਂ ਤੋਂ ਉੱਭਰ ਕੇ ਏਸ਼ੀਆ ਦੀਆਂ ਮੋਹਰੀ ਅਰਥਵਿਵਸਥਾਵਾਂ ਵਿੱਚੋਂ ਇੱਕ ਬਣ ਗਿਆ ਹੈ।ਭਾਰਤ ਵਿੱਚ ਚੀਨੀ ਦੂਤਾਵਾਸ ਅਤੇ 3♦1663 ਦਾ ਧੰਨਵਾਦ ਕੀਤਾ। ਫੇਰੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਭਾਰਤ-ਚੀਨ ਦੋਸਤੀ ਦਇਆ, ਕੁਰਬਾਨੀ ਅਤੇ ਆਪਸੀ ਸਤਿਕਾਰ ਤੇ ਅਧਾਰਤ ਹੈ।

## ਪੰਜਾਬੀਆਂ ਦਾ ਆਪ ਸਰਕਾਰ ਤੋਂ ਉੱਠਿਆ ਭਰੋਸਾ : ਚੁੱਘ



ਲੁਧਿਆਣਾ, 7 ਸਤੰਬਰ (ਵਿਸ਼ਾਲ ਸ਼ਰਮਾ) ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਹਲਕਾ ਸਾਹਨੇਵਾਲ ਦੇ ਸਸਰਾਲੀ ਬੰਨ੍ਹ ਦਾ ਦੌਰਾ ਕਰਕੇ ਹਾਲਾਤਾਂ ਦਾ ਜਾਇਜ਼ਾ ਲਿਆ। ਬੰਨ੍ਹ ਦੀ ਰੱਖਿਆ ਲਈ ਪਿੰਡ ਵਾਸੀਆਂ ਦੇ ਹੌਂਸਲੇ ਨੂੰ ਦੇਖਦੇ ਹੋਏ ਉਨ੍ਹਾਂ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਸਿਰਫ਼ ਆਪਣੇ ਪਿੰਡ ਹੀ ਨਹੀਂ ਸਗੋਂ ਪੂਰੇ ਲੁਧਿਆਣਾ ਸ਼ਹਿਰ ਨੂੰ ਬਚਾਇਆ ਹੈ। ਤਰੁਣ ਚੁੱਘ ਨੇ ਕਿਹਾ ਕਿ ਅੱਜ ਪੰਜਾਬ ਜਿਹੜੀ ਆਫ਼ਤ ਦਾ ਸਾਹਮਣਾ ਕਰ ਰਿਹਾ ਹੈ, ਉਹ ਕੁਦਰਤੀ ਨਹੀਂ ਸਗੋਂ ਪੰਜਾਬ ਸਰਕਾਰ ਦੀਆਂ ਗਲਤੀਆਂ ਦਾ ਨਤੀਜਾ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਅਪ੍ਰੈਲ ਮਹੀਨੇ ਵਿੱਚ ਪਿੰਡ ਵਾਸੀਆਂ ਨੇ ਨਜਾਇਜ਼ ਮਾਇਨਿੰਗ ਦੀਆਂ ਕਈ ਲਿਖਤੀ ਸ਼ਿਕਾਇਤਾਂ ਕੀਤੀਆ ਸੀ, ਪਰ ਅਫ਼ਸਰਸ਼ਾਹੀ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਜੇ ਉਸ ਸਮੇਂ ਕਾਰਵਾਈ ਕੀਤੀ ਜਾਂਦੀ ਤਾਂ ਅੱਜ ਇਹ ਹਾਲਾਤ ਨਾ ਬਣਦੇ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿੱਚ ਨਜਾਇਜ਼ ਮਾਇਨਿੰਗ ਕਰਨ ਤੇ ਕਰਵਾਉਣ ਵਾਲਿਆਂ ਖ਼ਿਲਾਫ਼ ਸੀ.ਬੀ.ਆਈ. ਜਾਂਚ ਹੋਵੇ। ਚੁੱਘ ਨੇ ਕਿਹਾ ਕਿ ਪਿੰਡ ਵਾਸੀਆਂ ਅਤੇ ਕਿਸਾਨਾਂ ਦਾ ਪੰਜਾਬ ਸਰਕਾਰ ਉੱਤੇ ਪੂਰਾ ਭਰੋਸਾ ਟੁੱਟ ਚੁੱਕਾ ਹੈ ਅਤੇ ਉਹ ਚਾਹੁੰਦੇ ਹਨ ਕਿ ਮਦਦ ਦੀ ਰਕਮ ਸਿੱਧੀ ਪ੍ਰਭਾਵਿਤ ਲੋਕਾਂ ਤੱਕ ਪਹੁੰਚੇ। ਇਸ ਮੌਕੇ ਤੇ ਭਾਜਪਾ ਪੰਜਾਬ ਦੇ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਤਰੁਣ ਚੁੱਘ ਨੂੰ ਜਾਣਕਾਰੀ ਦਿੱਤੀ ਕਿ ਸਤਲੁਜ ਦਰਿਆ ਦੇ ਵਾਹਅ ਕਾਰਨ ਹਲਕਾ ਸਾਹਨੇਵਾਲ ਦੇ ਪਿੰਡਾਂ ਵਿੱਚ ਬਹੁਤ ਵੱਡਾ ਨੁਕਸਾਨ ਹੋਇਆ ਹੈ। ਫਸਲਾਂ ਦੇ ਨਾਲ-ਨਾਲ 450 ਏਕੜ ਜ਼ਮੀਨ ਹੀ ਦਰਿਆ ਵਿੱਚ ਰੁੜ ਗਈ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਜਿੱਥੇ ਫਸਲਾਂ ਦਾ ਮੁਆਵਜ਼ਾ ਦਿੱਤਾ ਜਾਣਾ ਹੈ, ਉੱਥੇ ਜ਼ਮੀਨ ਰੁੜੇ ਕਿਸਾਨਾਂ ਨੂੰ ਵੀ ਢੁੱਕਵਾਂ ਮੁਆਵਜ਼ਾ ਮਿਲਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੀ ਮੌਜੂਦਾ ਸਰਕਾਰ ਤੋਂ ਪਿੰਡ ਵਾਸੀਆਂ ਨੂੰ ਕੋਈ ਖਾਸ ਉਮੀਦ ਨਹੀਂ ਹੈ, ਉਹ ਕੇਂਦਰ ਵੱਲ ਇੱਕ ਆਸ ਦੀ ਕਿਰਨ ਵਾਂਗ ਦੇਖ ਰਹੇ ਹਨ। ਚੁੱਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਦੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਂਦਰੀ ਕਿਸਾਨ ਮੰਤਰੀ ਅਤੇ ਵਿਸ਼ੇਸ਼ ਟੀਮਾਂ ਭੇਜੀਆਂ ਗਈਆਂ ਹਨ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਸਮੇਂ ਤੇ ਮੁਆਵਜ਼ਾ ਮਿਲ ਸਕੇ। ਇਸ ਦੌਰੇ ਦੌਰਾਨ ਉਨ੍ਹਾਂ ਦੇ ਨਾਲ ਜ਼ਿਲ੍ਹਾ ਭਾਜਪਾ ਦਿਹਾਤੀ ਪ੍ਰਧਾਨ ਗਗਨਦੀਪ ਸਿੰਘ ਸੰਨੀ ਕੈਂਥ, ਜ਼ਿਲ੍ਹਾ ਭਾਜਪਾ ਸ਼ਹਿਰੀ ਪ੍ਰਧਾਨ ,ਸੀਨੀਅਰ ਭਾਜਪਾ ਆਗੂ ਪ੍ਰਵੀਨ ਬਾਂਸਲ, ਨਰਿੰਦਰ ਸਿੰਘ ਮੱਲੀ, ਡਾ ਸਤੀਸ਼ ਜ਼ਿਲ੍ਹਾ ਮੀਡੀਆ ਸਕੱਤਰ, ਹਰੀਸ਼ ਟੰਡਨ, ਬਲਕਾਰ ਸਿੰਘ ਮੰਗਲੀ, ਜਗਪਾਲ ਸਿੰਘ ਨੰਬਰਦਾਰ, ਮੇਵਾ ਸਿੰਘ ਢੋਲਣਵਾਲ, ਮੇਜਰ ਸਿੰਘ ਬੂਥਗੜ੍ਹ, ਗੁਰਬਖ਼ਸ਼ ਸਿੰਘ ਬਾਜਵਾ, ਸਚਿਨ ਸ਼ਰਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਵੀਹਾਜ਼ਰ ਸੱਨ।

## ਦੇਸ਼ ਭਗਤ ਯੂਨੀਵਰਸਿਟੀ ਤੇ ਐਚਐਨਈ ਹੈਲਥ ਕੇਅਰ ਵਿਚਕਾਰ ਹੋਇਆ ਸਮਝੌਤਾ



ਮੰਡੀ ਗੋਬਿੰਦਗੜ੍ਹ, 7 ਸਤੰਬਰ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਖੋਜ ਅਤੇ ਵਿਕਾਸ ਵਿੱਚ ਸਹਿਯੋਗੀ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਐਚਐਨਈ ਹੈਲਥ ਕੇਅਰ ਪ੍ਰਾਈਵੇਟ ਲਿਮਟਿਡ ਨਾਲ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕਰਕੇ ਰਣਨੀਤਕ ਭਾਈਵਾਲੀ ਕੀਤੀ ਹੈ। ਇਸ ਸਮਝੌਤੇ 'ਤੇ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਐਚ.ਐਨ.ਈ. ਹੈਲਥ ਕੇਅਰ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਨਰੇਸ਼ ਜੈਨ ਨੇ ਸ੍ਰੀ ਦੁਆ, ਡਾ. ਤੁਲਿਕਾ ਮਹਿਤਾ ਅਤੇ ਇੰਜ. ਅਰੁਣ ਮਲਿਕ ਦੀ ਮੌਜੂਦਗੀ ਵਿੱਚ ਹਸਤਾਖਰ ਕੀਤੇ। ਇਹ ਸਹਿਯੋਗ ਅਗਾਂਹਵਧੂ ਸੋਚ ਵਾਲੀ ਖੋਜ ਨੂੰ ਅੱਗੇ ਵਧਾਉਣ, ਅਤਿ-ਆਧੁਨਿਕ ਸਿਹਤ ਸੰਭਾਲ ਹੱਲ ਵਿਕਸਿਤ ਕਰਨ ਅਤੇ ਮਜ਼ਬੂਤ ਗਿਆਨ ਦੇਣ ਲਈ ਤਿਆਰ ਹੈ। ਇਹ ਭਾਈਵਾਲੀ ਵਿਦਿਆਰਥੀ, ਫੈਕਲਟੀ ਅਤੇ ਖੋਜਕਰਤਾਵਾਂ ਨੂੰ ਵਿਹਾਰਕ, ਉਦਯੋਗ-ਮੁਖੀ ਸਿਖਲਾਈ ਅਤੇ ਨਵੀਨਤਾ ਵਿੱਚ ਸ਼ਾਮਲ ਹੋਣ ਲਈ ਕੀਮਤੀ ਮੌਕੇ ਪ੍ਰਦਾਨ ਕਰੇਗੀ। ਡਾ. ਸੰਦੀਪ ਸਿੰਘ ਨੇ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਨ 'ਤੇ ਨਿਰੰਤਰ ਧਿਆਨ ਕੇਂਦਰਿਤ ਕਰਨ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਹ ਸਮਝੌਤਾ ਸਿੱਖਿਆ, ਨਵੀਨਤਾ ਅਤੇ ਸਹਿਯੋਗੀ ਵਿਕਾਸ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨ ਦੇ ਸਾਡੇ ਮਿਸ਼ਨ ਨਾਲ ਮੇਲ ਖਾਂਦਾ ਹੈ। ਇਹ ਭਾਈਵਾਲੀ ਯੂਨੀਵਰਸਿਟੀ ਦੀ ਆਪਣੇ ਅਕਾਦਮਿਕ ਭਾਈਵਾਲਾਂ ਨੂੰ ਅਸਲ-ਸੰਸਾਰ ਦੇ ਸੰਪਰਕ ਨਾਲ ਸਸ਼ਕਤ ਬਣਾਉਣ ਅਤੇ ਪ੍ਰਮੁੱਖ ਉਦਯੋਗ ਖਿਡਾਰੀਆਂ ਨਾਲ ਸਹਿਯੋਗ ਨਾਲ ਸਿਹਤ ਸੰਭਾਲ ਖੇਤਰ ਦੀਆਂ ਸਰਹੱਦਾਂ ਨੂੰ ਅੱਗੇ ਵਧਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਬੈਂਕ ਆਫ਼ ਬੜੌਦਾ ਨੇ ਅਨਿਲ ਅੰਬਾਨੀ ਨੂੰ ਧੋਖੇਬਾਜ਼ ਐਲਾਨਿਆ



ਮੁੰਬਈ, 7 ਸਤੰਬਰ (ਚ.ਨ.ਸ.): ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਨੂੰ ਬੈਂਕ ਆਫ ਬੜੌਦਾ ਨੇ ਧੋਖੇਬਾਜ਼ ਐਲਾਨ ਦਿੱਤਾ ਹੈ। ਜਿੱਥੇ ਅਨਿਲ ਅੰਬਾਨੀ ਵੱਖ-ਵੱਖ ਕਰਜ਼ਾ ਧੋਖਾਧੜੀ ਮਾਮਲਿਆਂ ਵਿਚ ਈ.ਡੀ. ਅਤੇ ਸੀ.ਬੀ.ਆਈ. ਵੱਲੋਂ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸਟੇਟ ਬੈਂਕ ਆਫ ਇੰਡੀਆ ਤੇ ਬੈਂਕ ਆਫ ਇੰਡੀਆ ਨੇ ਅਨਿਲ ਅੰਬਾਨੀ ਨੂੰ ਧੋਖੇਬਾਜ਼ ਐਲਾਨਿਆ ਹੋਇਆ ਹੈ। ਰਿਲਾਇੰਸ ਕਮਿਊਨੀਕੇਸ਼ਨਜ਼ (ਆਰਕਾਮ) ਨੇ ਕਿਹਾ ਕਿ ਕੰਪਨੀ ਨੂੰ ਇਸ ਸਬੰਧੀ 2 ਸਤੰਬਰ ਨੂੰ ਬੈਂਕ ਤੋਂ ਇਕ ਚਿੱਠੀ ਪ੍ਰਾਪਤ ਹੋਈ ਹੈ। ਬੈਂਕ ਨੇ ਕੰਪਨੀ ਨੂੰ 1600 ਕਰੋੜ ਰੁਪਏ ਅਤੇ 862.50 ਕਰੋੜ ਰੁਪਏ ਦੀ ਲਾਈਨ ਆਫ ਕ੍ਰੈਡਿਟ ਦਿੱਤੀ ਸੀ। ਆਰਕਾਮ ਨੇ 2017 ਤੋਂ ਬਾਅਦ 1656 ਕਰੋੜ ਰੁਪਏ ਦਾ ਕਰਜ਼ਾ ਨਹੀਂ ਚੁਕਾਇਆ ਹੈ। ਜ਼ਿਕਰਯੋਗ ਹੈ ਕਿ ਲਾਈਨ ਆਫ ਕ੍ਰੈਡਿਟ ਇਕ ਕਿਸਮ ਦਾ ਕ੍ਰੈਡਿਟ ਹੈ, ਜੋ ਆਪਣੀ ਜ਼ਰੂਰਤ ਮੁਤਾਬਕ ਇਕ ਨਿਸ਼ਚਿਤ ਸੀਮਾ ਤਕ ਬੈਂਕ ਜਾਂ ਵਿੱਤੀ ਸੰਸਥਾ ਤੋਂ ਕਰਜ਼ਾ ਲੈਣ ਅਤੇ ਵਾਪਸ ਕਰਨ ਦੀ ਇਜਾਜ਼ਤ ਦਿੰਦਾ ਹੈ।

## ਬ੍ਰਿਟਿਸ਼ ਕੋਲੰਬੀਆ ਨੇ ਹਰ ਸਾਲ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਹਾੜਾ ਮਨਾਉਣ ਦਾ ਕੀਤਾ ਐਲਾਨ

ਵਿਕਟੋਰੀਆ, 7 ਸਤੰਬਰ (ਚ.ਨ.ਸ.): ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਕੌਮਾਂਤਰੀ ਪੱਧਰ ਉੱਤੇ ਸਤਿਕਾਰਤ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਤੇ ਸਿੱਖ ਆਗੂ ਦੀ ਯਾਦ ਅਤੇ ਵਿਰਾਸਤ ਦਾ ਸਨਮਾਨ ਕਰਨ ਲਈ 6 ਸਤੰਬਰ, 2025 ਨੂੰ ਅਧਿਕਾਰਤ ਤੌਰ ਉੱਤੇ 'ਜਸਵੰਤ ਸਿੰਘ ਖਾਲੜਾ ਦਿਹਾੜਾ' ਐਲਾਨ ਕੀਤਾ ਹੈ। ਕਿੰਗ ਚਾਰਲਸ ਤੀਜੇ ਦੀ ਅਥਾਰਟੀ ਅਧੀਨ ਜਾਰੀ ਕੀਤੀ ਗਈ ਤੇ ਲੈਫਟੀਨੈਂਟ ਗਵਰਨਰ ਵੱਲੋਂ ਦਸਤਖਤ ਕੀਤੇ ਗਏ ਇਸ ਘੋਸ਼ਣਾ ਪੱਤਰ ਵਿਚ 19ਵੀਂ ਸਦੀ ਦੇ ਅਖੀਰ ਤੋਂ ਬ੍ਰਿਟਿਸ਼ ਕੋਲੰਬੀਆ ਦੇ ਸਭਿਆਚਾਰਕ, ਸਮਾਜਕ ਤੇ ਆਰਥਕ ਤਾਣੇ-ਬਾਣੇ ਵਿਚ ਸਿੱਖਾਂ ਦੀ ਅਨਮੁੱਲੀ ਭੂਮਿਕਾ ਨੂੰ ਮਨਜ਼ੂਰ ਕੀਤਾ ਗਿਆ ਹੈ। ਇਹ ਸੂਬੇ ਦੇ ਵਿਕਾਸ ਤੇ ਸਫਲਤਾ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹੋਏ ਮੁਸ਼ਕਲਾਂ ਦਾ ਸਾਹਮਣਾ ਕਰਨ ਵਿਚ ਭਾਈਚਾਰੇ ਦੀ ਲਚਕੀਲੇਪਣ ਨੂੰ ਉਜਾਗਰ ਕਰਦਾ ਹੈ। ਜਸਵੰਤ ਸਿੰਘ ਖਾਲੜਾ ਇਕ ਪ੍ਰਮੁੱਖ ਸਿੱਖ ਮਨੁੱਖੀ ਅਧਿਕਾਰ ਕਾਰਕੁੰਨ ਸਨ, ਜਿਨ੍ਹਾਂ ਨੇ 1980 ਤੇ 1990 ਦੇ ਦਹਾਕੇ ਦੌਰਾਨ ਪੰਜਾਬ ਵਿਚ ਹਜ਼ਾਰਾਂ ਸਿੱਖਾਂ ਦੇ ਜਬਰੀ ਲਾਪਤਾ ਹੋਣ ਤੇ ਗੁਪਤ ਸਸਕਾਰ ਦਾ ਪਰਦਾਫਾਸ਼ ਕੀਤਾ ਸੀ। ਉਸ ਦੀ ਬਾਰੀਕੀ ਨਾਲ ਕੀਤੀ ਗਈ ਖੋਜ ਨੇ ਸਬੂਤ ਕੀਤਾ ਕਿ ਕਿਵੇਂ ਪੁਲਿਸ ਤੇ ਸੁਰੱਖਿਆ ਬਲਾਂ ਨੇ ਪਰਿਵਾਰਾਂ ਦੀ ਪਛਾਣ ਜਾਂ ਸਹਿਮਤੀ ਤੋਂ ਬਗੈਰ ਲਾਸ਼ਾਂ ਦਾ ਯੋਜਨਾਬੱਧ ਤਰੀਕੇ ਨਾਲ ਨਿਪਟਾਰਾ ਕੀਤਾ ਸੀ। ਖਾਲੜਾ ਦੇ ਕੰਮ ਨੇ ਪੁਲਿਸ ਵੱਲੋਂ ਯੋਜਨਾਬੱਧ, ਸੰਗਠਤ ਤੇ ਵਿਆਪਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਪਰਦਾਫਾਸ਼ ਕੀਤਾ ਜੋ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਬਰਾਬਰ ਸੀ। ਇਨ੍ਹਾਂ ਅੱਤਿਆਚਾਰਾਂ ਦਾ ਦਸਤਾਵੇਜ਼ ਬਣਾ ਕੇ ਖਾਲੜਾ ਨੇ ਨਾ ਸਿਰਫ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਦੀ ਮੰਗ ਕੀਤੀ ਬਲਕਿ ਪੰਜਾਬ ਵਿਚ ਤਤਕਾਲੀ ਸਰਕਾਰੀ ਦਮਨ ਵੱਲ ਵੀ ਕੌਮਾਂਤਰੀ ਧਿਆਨ ਖਿੱਚਿਆ। 6 ਸਤੰਬਰ 1995 ਦਾ ਉਹ ਦਿਨ ਹੈ ਜਦੋਂ ਜਸਵੰਤ ਸਿੰਘ ਖਾਲੜਾ ਨੂੰ ਪੰਜਾਬ ਪੁਲਿਸ ਨੇ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਘਰ ਦੇ ਬਾਹਰੋਂ ਅਗਵਾ ਕਰ ਲਿਆ ਸੀ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਲਾਨ ਮੁਤਾਬਕ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਵਸ ਵਜੋਂ ਹਰ ਸਾਲ ਯਾਦ ਕੀਤਾ ਜਾਵੇਗਾ। ਉਨ੍ਹਾਂ ਦੀ ਕੁਰਬਾਨੀ ਦਾ ਵੀ ਸਨਮਾਨ ਕੀਤਾ ਜਾਵੇਗਾ।

## ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਵੱਲੋਂ ਪੰਜਾਬ ਨੂੰ 5 ਕਰੋੜ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ



ਨਵੀਂ ਦਿੱਲੀ, 7 ਸਤੰਬਰ (ਚ.ਨ.ਸ.): ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ਨਿੱਚਰਵਾਰ ਨੂੰ ਪੰਜਾਬ ਨੂੰ ਪੰਜ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਹੜ੍ਹ ਪ੍ਰਭਾਵਿਤ ਸੂਬੇ ਨੂੰ ਲੋੜੀਂਦੀ ਕਿਸੇ ਵੀ ਹੋਰ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ। ਗੁਪਤਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪੰਜਾਬ ਦੇ ਹਮਰੁਤਬਾ ਭਗਵੰਤ ਮਾਨ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਦਿੱਲੀ ਸੂਬੇ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਤੇ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਲੋੜੀਂਦੀ ਮਦਦ ਦੇਣ ਲਈ ਤਿਆਰ ਹੈ। ਦਿੱਲੀ ਸਰਕਾਰ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਰਾਹਤ ਫੰਡ ਵਿਚ 5 ਕਰੋੜ ਰੁਪਏ ਦੀ ਸਹਾਇਤਾ ਦਾ ਐਲਾਨ ਕਰਦੇ ਹਾਂ ਤੇ ਕਾਮਨਾ ਕਰਦੇ ਹਾਂ ਕਿ ਸੂਬਾ ਇਸ ਨਾਜ਼ੁਕ ਸਥਿਤੀ ਤੋਂ ਉਭਰ ਜਾਵੇ। ਪੰਜਾਬ ਇਸ ਸਮੇਂ ਦਹਾਕਿਆਂ ਵਿਚ ਸਭ ਤੋਂ ਭਿਆਨਕ ਹੜ੍ਹ ਆਫ਼ਤਾਂ ਵਿਚੋਂ ਇਕ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਹੁਣ ਤੱਕ 21,929 ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਬਾਹਰ ਕੱਢਿਆ ਗਿਆ ਹੈ। ਸੂਬੇ ਦੇ 18 ਜ਼ਿਲ੍ਹਿਆਂ ਵਿਚ ਕੁੱਲ 1.72 ਲੱਖ ਹੈਕਟੇਅਰ ਖੇਤੀ ਜ਼ਮੀਨ ਨੂੰ ਨੁਕਸਾਨ ਪਹੁੰਚਿਆ ਹੈ।

## ਬੀਬੀਐਮਬੀ ਪੰਜਾਬ ਦੇ ਹੜ੍ਹਾਂ ਲਈ ਜ਼ਿੰਮੇਵਾਰ: ਕੇਂਦਰੀ ਸਿੰਘ ਸਭਾ



ਚੰਡੀਗੜ੍ਹ, 7 ਸਤੰਬਰ (ਚ.ਨ.ਸ.): ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਆਗੂਆਂ ਨੇ ਜਾਰੀ ਬਿਆਨ 'ਚ ਕਿਹਾ ਕਿ ਡੈਮਾਂ ਵਿਚੋਂ ਪਾਣੀ ਛੱਡਣ ਕਰ ਕੇ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ, ਜਿਸ ਕਰ ਕੇ 45 ਮੌਤਾਂ, ਕਰੀਬ ਚਾਰ ਲੱਖ ਏਕੜ ਫਸਲਾਂ, ਘਰ, ਡੰਗਰ ਪਸ਼ੂ ਤੇ ਕੁਦਰਤੀ ਸੰਪੱਤੀ ਨਸ਼ਟ ਹੋ ਗਈ। ਇਸ ਮੌਕੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋਫੈਸਰ ਸ਼ਾਮ ਸਿੰਘ, ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ, ਡਾ. ਪਿਆਰਾ ਲਾਲ ਗਰਗ, ਗੁਰਪ੍ਰੀਤ ਸਿੰਘ, ਰਾਜਵਿੰਦਰ ਸਿੰਘ ਰਾਹੀ, ਜਸਪਾਲ ਸਿੰਘ, ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਬਿਨਾਂ ਮਤਲਬ ਡੈਮਾਂ ਨੂੰ ਨੱਕੋ-ਨੱਕ ਭਰ ਕੇ ਪੰਜਾਬ 'ਚ ਹੜ੍ਹ ਲਿਆਉਣ ਦੀ ਜ਼ਿੰਮੇਵਾਰੀ ਤੋਂ ਭੱਜਦੇ ਹੋਏ ਸਾਡੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ। ਉਸ ਦੇ ਇਸ ਬਿਆਨ ਕਿ ਪੰਜਾਬ ਨੇ ਹਰਿਆਣੇ ਨੂੰ ਪਾਣੀ ਦੇਣ ਤੋਂ ਨਾਂਹ ਕਰ ਕੇ ਸਥਿਤੀ ਵਿਗਾੜੀ ਹੈ, ਵਿੱਚੋਂ ਸਿਆਸਤ ਦੀ ਬੂ ਆਉਂਦੀ ਹੈ। ਸਭਾ ਦੇ ਆਗੂਆਂ ਨੇ ਕਿਹਾ ਕਿ ਜਦੋਂ ਪਾਣੀ ਦਾ ਨਵਾਂ ਕੋਟਾ ਸ਼ੁਰੂ ਹੋ ਗਿਆ ਤਾਂ 21 ਅਗਸਤ ਤੋਂ ਤਿੰਨ ਮਹੀਨੇ ਉਸ ਨੇ ਪਾਣੀ ਕਿਉਂ ਨਹੀਂ ਛੱਡਿਆ। ਭਾਖੜਾ ਡੈਮ ਤੋਂ ਪਾਣੀ ਦਾ ਰੌਲਾ ਸੀ ਪਰ ਪੌਂਗ ਡੈਮ 'ਚ ਪਾਣੀ ਕਿਉਂ ਭਰਿਆ। ਉਨ੍ਹਾਂ ਕਿਹਾ ਕਿ 21 ਅਗਸਤ ਤੋਂ ਸਭ ਤੋਂ ਪਹਿਲਾ ਪੌਂਗ ਡੈਮ ਤੋਂ ਕਈ ਹਜ਼ਾਰਾਂ ਕਿਊਸਿਕ ਪਾਣੀ ਛੱਡ ਕੇ ਮਨੋਜ ਤ੍ਰਿਪਾਠੀ ਨੇ ਪੰਜਾਬ ਨੂੰ ਡੁਬੋਇਆ ਹੈ। ਉਨ੍ਹਾਂ ਕਿਹਾ ਕਿ ਤ੍ਰਿਪਾਠੀ ਨੂੰ ਤੁਰੰਤ ਅਹੁਦੇ ਤੋਂ ਹਟਾ ਕੇ ਫੌਜਦਾਰੀ ਕੇਸ ਦਰਜ ਕੀਤਾ ਜਾਵੇ। ਇਸੇ ਤਰ੍ਹਾਂ ਚੇਅਰਮੈਨ ਦੀ ਜਾਇਦਾਦ ਕੁਰਕ ਕਰ ਕੇ ਪੀੜਤਾਂ ਦੀ ਭਰਪਾਈ ਕਰਨ ਦੇ ਹੁਕਮ ਕੀਤੇ ਜਾਣ। ਇਸ ਦੌਰਾਨ ਸਿੰਘ ਸਭਾ ਨੇ ਕੇਂਦਰ ਸਰਕਾਰ ਤੋਂ ਫਸਲਾਂ ਤੇ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ 30 ਹਜ਼ਾਰ ਕਰੋੜ ਦਾ ਵਿਸ਼ੇਸ਼ ਫੰਡ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਬੀਬੀਐਮਬੀ ਦੇ ਚੇਅਰਮੈਨ ਨੇ ਗਲਤ ਬਿਆਨਬਾਜ਼ੀ ਤੇ ਤੱਥਹੀਣ ਬਿਆਨ ਨਾਲ ਪੰਜਾਬ ਵਿਰੁੱਧ ਨਫ਼ਰਤ ਭਰਨ ਦਾ ਕੰਮ ਕੀਤਾ ਹੈ।

## ਉਤਰਾਖੰਡ ਦੀ ਸੂਬਾ ਸਰਕਾਰ ਤੇ ਨੈਸ਼ਨਲ ਹਾਈਵੇ ਲੌਜਿਸਟਿਕਸ ਮੈਨੇਜਮੈਂਟ ਲਿਮਟਿਡ ਵਿਚਕਾਰ ਹੋਇਆ ਸਮਝੌਤਾ





ਅੰਮ੍ਰਿਤਸਰ, 7 ਸਤੰਬਰ (ਚ.ਨ.ਸ.): ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕਿਹਾ ਕਿ ਸ੍ਰੀ ਹੇਮਕੁੰਟ ਸਾਹਿਬ ਦੇ ਸਾਰੇ ਸ਼ਰਧਾਲੂਆਂ ਵੱਲੋਂ ਗੋਵਿੰਦਘਾਟ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ 12.4 ਕਿਲੋਮੀਟਰ ਲੰਬੇ ਰੋਪਵੇਅ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦਾ ਧੰਨਵਾਦ ਕਰਦੇ ਹਾਂ। ਬਿੰਦਰਾ ਨੇ ਕਿਹਾ ਕਿ ਦੇਹਰਾਦੂਨ ਸਕੱਤਰੇਤ ਵਿਖੇ ਪਰਵਤਮਾਲਾ ਪ੍ਰੋਜੈਕਟ ਅਧੀਨ ਸ੍ਰੀ ਹੇਮਕੁੰਟ ਸਾਹਿਬ ਤੱਕ ਰੋਪਵੇਅ ਦੇ ਨਿਰਮਾਣ ਲਈ ਉਤਰਾਖੰਡ ਰਾਜ ਸਰਕਾਰ ਤੇ ਨੈਸ਼ਨਲ ਹਾਈਵੇਅ ਲੌਜਿਸਟਿਕਸ ਮੈਨੇਜਮੈਂਟ ਲਿਮਟਿਡ ਵਿਚਕਾਰ ਸਮਝੌਤਾ ਹੋਇਆ ਹੈ, ਜਿਸ ਦਾ ਦਿਲੋਂ ਸਵਾਗਤ ਕਰਦੇ ਹਾਂ। ਇਸ ਸਮਝੌਤੇ ਤਹਿਤ 2700 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਗੋਵਿੰਦਘਾਟ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ 12.4 ਕਿਲੋਮੀਟਰ ਲੰਬੇ ਰੋਪਵੇਅ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਪ੍ਰੋਜੈਕਟ ਲੱਖਾਂ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਰੱਖਿਅਤ, ਸੁਚਾਰੂ ਤੇ ਆਰਾਮਦਾਇਕ ਬਣਾ ਕੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ 'ਚ ਮਹੱਤਵਪੂਰਨ ਯੋਗਦਾਨ ਪਾਵੇਗਾ। ਬਿੰਦਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਗਤੀਸ਼ੀਲ ਅਗਵਾਈ ਅਤੇ ਯਾਤਰਾ ਲੜੀ ਪ੍ਰੋਜੈਕਟ ਪ੍ਰਤੀ ਅਟੁੱਟ ਸੰਕਲਪ ਤਹਿਤ ਸ੍ਰੀ ਹੇਮਕੁੰਟ ਸਾਹਿਬ ਦੇ ਪਵਿੱਤਰ ਤੀਰਥ ਸਥਾਨ ਨੂੰ ਵਿਸ਼ਵ ਪੱਧਰ 'ਤੇ ਵਧੇਰੇ ਪਹੁੰਚਯੋਗ ਬਣਾਉਣ ਦਾ ਰਾਹ ਪੱਧਰਾ ਕੀਤਾ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੀ ਯੋਗ ਅਗਵਾਈ ਅਤੇ ਅਣਥੱਕ ਯਤਨਾਂ ਨੇ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਠੋਸ ਰੂਪ ਦਿੱਤਾ ਹੈ। ਇਸ ਸਮਝੌਤੇ ਰਾਹੀਂ ਜੋ ਐਨਐਚਐਲਐਮਐਲ ਦੀ 51 ਤੇ ਰਾਜ ਸਰਕਾਰ ਦੀ 49 ਪ੍ਰਤੀਸ਼ਤ ਹਿੱਸੇਦਾਰੀ ਨੂੰ ਯਕੀਨੀ ਬਣਾਇਆ ਹੈ।

## ਹਾਅ ਦਾ ਨਾਅਰਾ ਮੰਚ ਨੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਹੜ੍ਹ ਪੀੜਤਾਂ ਦੀ ਚੜ੍ਹਦੀਕਲਾ ਲਈ ਕੀਤੀ ਅਰਦਾਸ



ਫਤਹਿਗੜ੍ਹ ਸਾਹਿਬ, 7 ਸਤੰਬਰ (ਸੂਦ): ਪੰਜਾਬ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਹਾਅ ਦਾ ਨਾਅਰਾ ਚੇਤਨਾ ਮੰਚ ਦੇ ਸਰਪ੍ਰਸਤ ਅਤੇ ਸਾਬਕਾ ਮੰਤਰੀ ਡਾ. ਹਰਬੰਸ ਲਾਲ ਦੀ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਹੜ੍ਹ ਪੀੜਤ ਲੋਕਾਂ ਦੀ ਸੁੱਖ ਸ਼ਾਂਤੀ ਅਤੇ ਚੜ੍ਹਦੀਕਲਾ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੈਦਾ ਹੋਏ ਸੰਕਟ ਕਾਰਣ ਸੰਸਥਾ ਵੱਲੋਂ 15 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਮਨੀਸ਼ ਵਰਮਾ ਫਤਹਿਗੜ੍ਹ ਸਾਹਿਬ, ਜਸਵੀਰ ਸਿੰਘ ਜਖਵਾਲੀ, ਸੁਰਜੀਤ ਕੁਮਾਰ ਹਿਮਾਯੂੰਪੁਰਾ, ਦਰਸ਼ਨ ਸਿੰਘ ਕੋਟਲਾ ਬਜਵਾੜਾ, ਸਰਦਾਰਾ ਸਿੰਘ ਰਾਮਦਾਸ ਨਗਰ, ਗੁਰਮੇਲ ਸਿੰਘ ਹਿਮਾਂਯੂੰਪੁਰਾ, ਜਸਪਾਲ ਸਿੰਘ ਰੈਲੋਂ, ਸੰਦੀਪ ਸਿੰਘ ਲਵਲੀ ਹਿਮਾਂਯੂੰਪੁਰਾ, ਗੁਰਤੇਜ ਸਿੰਘ ਭਾਗਨਪੁਰ, ਮਨਮੋਹਣ ਸਿੰਘ ਸਿੱਬਲ , ਰਵਿੰਦਰ ਸਿੰਘ ਘੁੰਮਣ ਬਹਾਦਰਗੜ੍ਹ, ਗੁਰਪ੍ਰੀਤ ਸਿੰਘ ਖਰੌੜੀ, ਗੁਰਦੇਵ ਸਿੰਘ ਡੇਰਾ ਮੀਰ ਮੀਰਾ ਅਤੇ ਪ੍ਰਧਾਨ ਗੁਰਦੀਪ ਸਿੰਘ ਮਹਾਦੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਵੱਲੋਂ ਹੜ੍ਹਪੀੜਤਾਂ ਲਈ ਰਾਸ਼ਨ ਸਮੱਗਰੀ ਅਤੇ ਹੋਰ ਲੋੜੀਂਦਾ ਸਮਾਨ ਪੀੜਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਭੇਜਿਆ ਜਾਵੇਗਾ। ਇਸ ਸਬੰਧੀ ਉਨ੍ਹਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਇਸ ਮੌਕੇ 'ਤੇ ਮਨਿਓਰਟੀ ਵਿੰਗ ਦੇ ਚੇਅਰਮੈਨ ਸੁੱਖਾ ਖਾਨ ਮਹਾਦੀਆਂ, ਪ੍ਰਧਾਨ ਸਾਬਕਾ ਸਰਪੰਚ ਫਾਜ਼ਲ, ਸੁਨੀਲ ਵਰਮਾ ਸੀਨੂੰ ਓਪੀ ਜਿਊਲਰਜ਼ ਸਰਹਿੰਦ, ਵਿਪਨ ਵਰਮਾ ਬੱਬੂ, ਵਿਮਲ ਸ਼ਰਮਾ, ਗੁਰਦੀਪ ਸਿੰਘ ਭਾਗਨਪੁਰ, ਗੁਰਦੀਪ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਸਰਹਿੰਦ, ਗੁਰਮੇਲ ਕੌਰ ਸਰਹਿੰਦ, ਜਰਨੈਲ ਕੌਰ ਹਿਮਾਂਯੂੰਪੁਰਾ, ਕਮਲਜੀਤ ਕੌਰ ਜੰਡਾਲੀ, ਪ੍ਰਧਾਨ ਅਸ਼ੋਕ ਕੁਮਾਰ ਤਲਾਣੀਆਂ, ਰਾਣਾ ਸਿੰਘ ਰਾਮਪੁਰ, ਹਜ਼ਾਰਾਂ ਸਿੰਘ ਮੁਕਾਰੋਂਪੁਰ, ਲਖਵਿੰਦਰ ਸਿੰਘ ਮੰਡੋਫਲ, ਸੁਖਦੇਵ ਸਿੰਘ ਬੁਚੜੇ ਅਤੇ ਮਨਜੀਤ ਸਿੰਘ ਤਰਖਾਣ ਮਾਜਰਾ ਆਦਿ ਹਾਜ਼ਰ ਸਨ।

## ਲੈਕਚਰਾਰਾਂ ਦੀ ਤਰੁੱਟੀਆਂ ਭਰਪੂਰ ਸੀਨੀਅਰਤਾ ਸੂਚੀ ਨੂੰ ਰੱਦ ਕਰਨ ਦੀ ਮੰਗ



ਅਮਲੋਹ, 7 ਸਤੰਬਰ (ਜਸਵੰਤ ਸਿੰਘ): ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਫਰੰਟ ਪੰਜਾਬ ਦੇ ਸੂਬਾਈ ਆਗੂ ਹਰਜਿੰਦਰ ਸਿੰਘ ਭੱਟੋਂ ਅਤੇ ਰਾਮਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਦੇ ਪ੍ਰਸ਼ਾਸਨ ਸੈੱਲ ਵੱਲੋਂ ਕਰੀਬ ਦੋ ਸਾਲ ਦੀ ਲੰਮੀ ਵਿਭਾਗੀ ਪ੍ਰਕਿਰਿਆ ਤੋਂ ਬਾਅਦ ਤਾਰੀਖ਼ 21 ਅਗਸਤ 2025 ਨੂੰ ਲੈਕਚਰਾਰਾਂ ਦੀ ਸੀਨੀਅਰਤਾ ਸੂਚੀ ਜਾਰੀ ਕੀਤੀ ਹੈ, ਇਸ ਨੂੰ ਤਿਆਰ ਕਰਦੇ ਸਮੇਂ ਸਿਧਾਂਤਕ ਤੌਰ 'ਤੇ ਵਿਭਾਗੀ ਨਿਯਮ, ਮਾਨਯੋਗ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਫੈਸਲਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਜਿਸ ਕਾਰਨ ਇਹ ਸੂਚੀ ਤਕਨੀਕੀ ਤੌਰ 'ਤੇ ਦੋਸ਼ ਪੂਰਨ ਹੈ ਕਿ ਜਿਸ ਵਿੱਚ ਸੈਂਕੜੇ ਲੈਕਚਰਾਰਾਂ ਨੂੰ ਦੂਹਰੇ ਨੰਬਰ ਅਲਾਟ ਕਰਨ, ਤਰੱਕੀ ਤੋਂ ਡੀ ਬਾਰ ਹੋਏ ਕਰਮਚਾਰੀਆਂ ਦਾ ਵੇਰਵਾ ਨਾ ਦੇਣ, ਮਾਸਟਰ ਡਿਗਰੀ ਦੀ ਤਾਰੀਖ਼ ਦਾ ਧਿਆਨ ਨਾ ਰੱਖਣ, ਅਨੇਕਾਂ ਲੈਕਚਰਾਰਾਂ ਦਾ ਨਾਮ ਸੂਚੀ ਵਿੱਚ ਦਰਜ ਨਾ ਕਰਨ, ਸੂਚੀ ਵਿੱਚ ਦਰਸਾਏ ਰਿਵਿਊ ਦੀ ਇਤਲਾਹ ਸਬੰਧਤਾ ਨੂੰ ਨਾ ਦੇਣ, ਸੂਚੀ ਤੋਂ ਬਾਅਦ ਬਣਨ ਵਾਲੇ ਇਤਰਾਜ਼ਾਂ ਦੇ ਨਿਪਟਾਰੇ ਦੇ ਵੇਰਵੇ ਪੇਸ਼ ਨਾ ਕਰਨ ਅਤੇ ਵੱਡੀ ਪੱਧਰ 'ਤੇ ਪੱਖਪਾਤ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਅਨੇਕਾਂ ਵੱਖ-ਵੱਖ ਲੈਕਚਰਾਰਾਂ ਦੇ ਨਿੱਜੀ ਇਤਰਾਜ਼ ਵੱਡੀ ਗਿਣਤੀ ਵਿੱਚ ਹਨ, ਇਸ ਲਈ ਇਸ ਸੀਨੀਅਰਤਾ ਸੂਚੀ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ 2015 ਦੀ ਸੀਨੀਅਰਤਾ ਸੂਚੀ ਨੂੰ ਲਾਗੂ ਰੱਖਦੇ ਹੋਏ ਨਵੇਂ ਪ੍ਰਮੋਟ ਹੋਏ, ਭਰਤੀ ਹੋਏ ਲੈਕਚਰਾਰਾਂ ਨੂੰ ਸੀਨੀਆਰਤਾ ਸੂਚੀ ਵਿੱਚ ਯੋਗ ਸੀਨੀਆਰਤਾ ਨੰਬਰ ਦੇ ਕੇ ਉਨ੍ਹਾਂ ਦੇ ਵੇਰਵੇ ਦਰਜ ਕੀਤੇ ਜਾਣ। ਉਨ੍ਹਾਂ 2015 ਦੀ ਚੱਲ ਰਹੀ ਸੀਨੀਆਰਤਾ ਸੂਚੀ ਦੇ ਅਧਾਰ 'ਤੇ ਹੀ ਜਲਦੀ ਤਰੱਕੀਆਂ ਦੇਣ ਦੀ ਮੰਗ ਕੀਤੀ ਤਾਂ ਜੋ 900 ਤੋਂ ਵੱਧ ਪ੍ਰਿੰਸੀਪਲਾਂ ਦੀਆਂ ਖ਼ਾਲੀ ਅਸਾਮੀਆਂ ਨੂੰ ਭਰਿਆ ਜਾ ਸਕੇ। ਇਸ ਮੌਕੇ ਲੈਕਚਰਾਰ ਬੀਰ ਰਾਜਵਿੰਦਰ ਸਿੰਘ ਮੰਡੇਰ, ਬੂਟਾ ਸਿੰਘ ਭੰਦੋਹਲ, ਅਮਰੀਕ ਸਿੰਘ ਸਲਾਣਾ ਤੇ ਰਾਜਿੰਦਰ ਸਿੰਘ ਅਮਲੋਹ ਆਦਿ ਹਾਜ਼ਰ ਸਨ।

## ਕੇਂਦਰੀ ਮੰਤਰੀ ਚੌਹਾਨ ਦੀ ਰਿਪੋਰਟ 'ਤੇ ਜਲਦ ਪ੍ਰਧਾਨ ਮੰਤਰੀ ਪੰਜਾਬ ਦੇ ਹੜ੍ਹ ਪੀੜਤਾਂ ਨੂੰ ਸਹਾਇਤਾ ਦੇਣਗੇ: ਸੁੱਖੀ



ਅਮਲੋਹ, 7 ਸਤੰਬਰ (ਜਸਵੰਤ ਸਿੰਘ): ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਹੜ੍ਹ ਪੀੜਤ ਕਿਸਾਨਾਂ ਅਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਪੰਜਾਬ ਦਾ ਦੌਰਾ ਕੀਤਾ ਗਿਆ। ਉਨ੍ਹਾਂ ਮੌਜੂਦਾ ਸਥਿਤੀ ਬਾਰੇ ਉਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਕਿਸਾਨਾਂ ਨੂੰ ਮੱਦਦ ਦੇਣ ਬਾਰੇ ਵਿਸਥਾਰ 'ਚ ਚਰਚਾ ਵੀ ਕੀਤੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਯੂਥ ਵਿੰਗ ਦੇ ਕੌਮੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ ਨੇ ਇਥੇ ਕੀਤਾ। ਉਨ੍ਹਾਂ ਸ੍ਰੀ ਚੌਹਾਨ ਦਾ ਧੰਨਵਾਦ ਕਰਦਿਆਂ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਦਿੱਤੀ ਰਿਪੋਰਟ ਦੇ ਅਧਾਰ 'ਤੇ ਸ੍ਰੀ ਮੋਦੀ ਜਲਦ ਪੰਜਾਬ ਦੇ ਹੜ੍ਹ ਪੀੜਤਾਂ ਲਈ ਸਹਾਇਤਾ ਜਾਰੀ ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਦੋ ਕੇਂਦਰੀ ਟੀਮਾਂ ਵੀ ਪੰਜਾਬ ਵਿਚ ਭੇਜੀਆਂ ਹਨ, ਜਿਨ੍ਹਾਂ ਵਲੋਂ ਨੁਕਸਾਨੀਆਂ ਫ਼ਸਲਾਂ, ਘਰਾਂ ਆਦਿ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

## ਮਾਤਾ ਗੁਜਰੀ ਕਾਲਜ ਦੇ ਸਟਾਫ਼ ਵੱਲੋਂ ਹੜ੍ਹ ਪੀੜਤਾਂ ਲਈ ਇੱਕ ਦਿਨ ਦੀ ਤਨਖਾਹ ਦਾ ਯੋਗਦਾਨ



ਫ਼ਤਹਿਗੜ੍ਹ ਸਾਹਿਬ, 7 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਦੇ ਦੁਖ-ਸੁੱਖ ਵਿੱਚ ਹਮੇਸ਼ਾ ਸਾਂਝ ਪਾਉਣ ਵਾਲੀ ਮਹਾਨ ਧਰਤੀ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਸਿਰਮੌਰ ਸਿੱਖਿਆ ਸੰਸਥਾ ਮਾਤਾ ਗੁਜਰੀ ਕਾਲਜ ਇਕ ਵਾਰ ਫ਼ਿਰ ਆਪਣੀ ਸਮਾਜਿਕ ਜ਼ਿੰਮੇਵਾਰੀ ਦੇ ਪ੍ਰਤੀਕ ਵਜੋਂ ਸਾਹਮਣੇ ਆਇਆ ਹੈ। ਪੰਜਾਬ ਵਿੱਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ, ਜਿਸ ਨੇ ਹਜ਼ਾਰਾਂ ਪਰਿਵਾਰਾਂ ਨੂੰ ਬੇਘਰ ਕਰ ਦਿੱਤਾ ਅਤੇ ਆਮ ਜਨ-ਜੀਵਨ ਨੂੰ ਠੱਪ ਕਰ ਦਿੱਤਾ, ਦੇ ਸਮੇਂ ਕਾਲਜ ਨੇ ਏਕਤਾ ਅਤੇ ਮਨੁੱਖਤਾ ਦੀ ਮਿਸਾਲ ਪੇਸ਼ ਕਰਦਿਆਂ ਆਪਣੇ ਸਮੂਹ ਸਟਾਫ਼ ਮੈਂਬਰਾਂ ਦੀ ਇੱਕ ਦਿਨ ਦੀ ਤਨਖਾਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੜ੍ਹ ਪੀੜਤ ਰਿਲੀਫ਼ ਫੰਡ ਵਿੱਚ ਭੇਟ ਕੀਤੀ ਹੈ। ਵਰਣਨਯੋਗ ਹੈ ਕਿ ਮਾਤਾ ਗੁਜਰੀ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਹੜ੍ਹ ਰਾਹਤ ਕਾਰਜਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਕੱਤਰ ਵਿੱਦਿਆ ਇੰਜੀਨੀਅਰ ਸੁਖਮਿੰਦਰ ਸਿੰਘ ਨੂੰ 5,80,580 ਰੁਪਏ ਦਾ ਚੈੱਕ ਭੇਟ ਕੀਤਾ। ਕਾਲਜ ਗਵਰਨਿੰਗ ਬਾਡੀ ਦੇ ਸਕੱਤਰ ਜਗਦੀਪ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾਂ ਤੋਂ ਹੀ ਪ੍ਰਭਾਵਿਤ ਭਾਈਚਾਰਿਆਂ ਨੂੰ ਆਸਰਾ, ਭੋਜਨ, ਦਵਾਈਆਂ ਤੇ ਜ਼ਰੂਰੀ ਸਹਾਇਤਾ ਪ੍ਰਦਾਨ ਕਰਦੇ ਹੋਏ ਮਾਨਵਤਾਵਾਦੀ ਸੇਵਾ ਵਿੱਚ ਸਭ ਤੋਂ ਅੱਗੇ ਰਹੀ ਹੈ, ਇਸ ਲਈ ਸੰਕਟ ਦੇ ਸਮੇਂ ਇਹ ਸਾਡੀ ਸਮੂਹਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪੀੜਤ ਲੋਕਾਂ ਦੇ ਨਾਲ ਖੜ੍ਹੇ ਹੋਈਏ। ਇਸ ਤੋਂ ਪਹਿਲਾਂ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਚੈੱਕ ਸੌਂਪਦੇ ਹੋਏ ਕਿਹਾ ਕਿ ਕਿਸੇ ਵੀ ਸੰਕਟ ਦੇ ਸਮੇਂ ਕਾਲਜ ਦੀ ਭਾਈਚਾਰਕ ਸੇਵਾ ਦੀ ਸ਼ੁਰੂ ਤੋਂ ਪਰੰਪਰਾ ਰਹੀ ਹੈ ਤੇ ਇਹ ਕਦਮ ਨਾ ਸਿਰਫ਼ ਹੜ੍ਹ ਪੀੜਤਾਂ ਦੇ ਦੁੱਖਾਂ ਨੂੰ ਘਟਾਉਣ ਦੀ ਕੋਸ਼ਿਸ਼ ਹੈ, ਸਗੋਂ ਸਮਾਜ ਨੂੰ ਇਹ ਸੰਦੇਸ਼ ਵੀ ਦਿੰਦਾ ਹੈ ਕਿ ਜਦੋਂ ਵੀ ਕੌਮ ਮੁਸੀਬਤ ਵਿੱਚ ਹੋਵੇ, ਸਾਡੀ ਸਾਂਝੀ ਮਨੁੱਖਤਾ ਤੇ ਨਿਸ਼ਕਾਮ ਸੇਵਾ ਹੀ ਸਭ ਤੋਂ ਵੱਡੀ ਤਾਕਤ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਸਾਡੀ ਕੌਮ ਦੀ ਰੂਹ 'ਸਰਬੱਤ ਦਾ ਭਲਾ' ਤੇ 'ਨਿਸ਼ਕਾਮ ਸੇਵਾ ਭਾਵਨਾ' ਦੇ ਸੁਨੇਹੇ ਨਾਲ ਜੁੜੀ ਹੋਈ ਹੈ, ਇਸ ਲਈ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਰਾਹਤ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ।

## ਡੇਰਾ ਸੱਚਖੰਡ ਬੱਲਾਂ ਵੱਲੋਂ ਹੜ੍ਹ ਪੀੜਤਾਂ ਤੱਕ ਲੰਗਰ ਪਹੁੰਚਾਉਣ ਦੀ ਸੇਵਾ ਨਿਭਾ ਰਹੇ ਸੇਵਾਦਾਰਾਂ ਦਾ ਸਨਮਾਨ




ਮੁਕੇਰੀਆਂ, 7 ਸਤੰਬਰ (ਧਰਮ ਚੰਦ): ਪੰਜਾਬ ਭਰ ਵਿੱਚ ਹੜ੍ਹਾਂ ਦਾ ਪ੍ਰਕੋਪ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਕਈ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਅੱਗੇ ਹੋ ਕੇ ਕੰਮ ਕਰ ਰਹੀਆਂ ਹਨ। ਉੱਥੇ ਹੀ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਨ ਦਾਸ ਮਹਾਰਾਜ ਜੀ ਦੇ ਆਦੇਸ਼ਾਂ ਅਨੁਸਾਰ ਦੁਆਬੇ ਅਤੇ ਮਾਝੇ ਇਲਾਕੇ ਦੇ ਵੱਖ ਵੱਖ ਏਰੀਆ ਵਿਚ ਲੰਗਰ ਦੀ ਸੇਵਾ ਨਿਰੰਤਰ ਜਾਰੀ ਹੈ, ਜਿਹੜੀ ਆਉਣ ਵਾਲੇ ਸਮੇਂ ਦੌਰਾਨ ਵੀ ਜਾਰੀ ਰਹੇਗੀ। ਲੰਗਰ ਦੀ ਸੇਵਾ ਨਿਭਾ ਰਹੇ ਸੇਵਾਦਾਰਾਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਮੁਕੇਰੀਆਂ ਵਿਖੇ ਪਹੁੰਚਣ 'ਤੇ ਸ਼੍ਰੋਮਣੀ ਸਤਿਗੁਰੂ ਰਵਿਦਾਸ ਸੇਵਕ ਸਭਾ ਮੁਹੱਲਾ ਤਿਖੋਵਾਲ ਦੇ ਪ੍ਰਧਾਨ ਰਾਜੇਸ਼ ਰੱਤੂ ਅਤੇ ਰਵਿਦਾਸੀਆ ਧਰਮ ਪ੍ਰਚਾਰਕ ਬਾਬਾ ਗੁਰਮੁੱਖ ਦਾਸ ਜੀ ਵੱਲੋਂ ਡੇਰਾ ਬੱਲਾਂ ਦੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਰਾਜੇਸ਼ ਰੱਤੂ ਨੇ ਕਿਹਾ ਇਹਨਾਂ ਹੜ੍ਹਾਂ ਕਾਰਨ ਲੋਕਾਂ ਦੇ ਘਰ,ਖੇਤ ਅਤੇ ਪਸ਼ੂ ਤੱਕ ਰੁੜ ਗਏ ਹਨ। ਪ੍ਰੰਤੂ ਇਸ ਵੇਲੇ ਜ਼ਰੂਰਤ ਹੈ ਕਿ ਫਸਲਾਂ ਤੋਂ ਪਹਿਲਾਂ ਨਸਲਾਂ ਨੂੰ ਬਚਾਇਆ ਜਾਏ । ਇਸ ਮੌਕੇ ਡੇਰਾ ਬੱਲਾਂ ਦੇ ਸੇਵਾਦਾਰ, ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ ਪੰਜਾਬ ਉਪ ਪ੍ਰਧਾਨ ਜਤਿੰਦਰ ਬੱਧਣ, ਮੇਜਰ ਦੋਲਿਕੇ, ਲਵਦੀਪ ਸਿੰਘ, ਲਵਪ੍ਰੀਤ, ਸੁਖਦੇਵ ਸਿੰਘ, ਸੰਨੀ, ਹੈਪੀ ਸਹਿਤ ਹੋਰ ਵੀ ਮੌਜੂਦ ਸਨ।

## ਫ਼ਿਰੋਜ਼ਪੁਰ ਬੈਡਮਿੰਟਨ ਅਕੈਡਮੀ ਦੇ ਨਵੇਂ ਸਟੇਡੀਅਮ ਦਾ ਮਨੁੱਖਤਾ ਦੀ ਸੇਵਾ ਸੁਸਾਇਟੀ ਦੇ ਵੀਰ ਗੁਰਪ੍ਰੀਤ ਸਿੰਘ ਮਿੰਟੂ ਵੱਲੋਂ ਰਸਮੀ ਉਦਘਾਟਨ



ਫ਼ਿਰੋਜ਼ਪੁਰ, 7 ਸਤੰਬਰ (ਤਿਵਾੜੀ): ਸ਼ਹਿਰ ਦੀ ਨਵੀਂ ਬਣੀ ਫ਼ਿਰੋਜ਼ਪੁਰ ਬੈਡਮਿੰਟਨ ਅਕੈਡਮੀ ਦਾ ਰਸਮੀ ਉਦਘਾਟਨ ਮਨੁੱਖਤਾ ਦੀ ਸੇਵਾ ਸੁਸਾਇਟੀ ਦੇ ਵੀਰ ਗੁਰਪ੍ਰੀਤ ਸਿੰਘ ਮਿੰਟੂ ਵੱਲੋਂ ਕੀਤਾ ਗਿਆ। ਇਸ ਮੌਕੇ ਭਗਤ ਪੂਰਨ ਸਿੰਘ ਸੁਸਾਇਟੀ ਤੋਂ ਵੀਰ ਗੁਰਧਿਆਨ ਸਿੰਘ ਅਤੇ ਮਨੁੱਖਤਾ ਦੀ ਸੇਵਾ ਸੁਸਾਇਟੀ ਦੀ ਪੂਰੀ ਟੀਮ ਖਿਡਾਰੀ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਨਾਲ਼ ਮੌਜੂਦ ਸੀ। ਇਸ ਮੌਕੇ ਛੋਟੇ ਬੱਚਿਆਂ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ। ਸਮਾਗਮ ਵਿਖੇ ਬਤੌਰ ਸਟੇਜ ਸਕੱਤਰ ਬੋਲਦਿਆਂ ਹਰੀਸ਼ ਕੁਮਾਰ ਜੀ ਨੇ ਦੱਸਿਆ ਕਿ ਇਸ ਅਕੈਡਮੀ ਦੇ ਸੰਚਾਲਕ ਜਸਵਿੰਦਰ ਸਿੰਘ ਜੀ ਨੇ ਇਹ ਅਕੈਡਮੀ ਉਹਨਾਂ ਦੀ ਬੇਟੀ ਸਵਰੀਤ ਕੌਰ ਜੋ ਕਿ ਨੈਸ਼ਨਲ ਚੈਂਪੀਅਨ ਰਹੀ ਹੈ ਅਤੇ ਅੱਜ ਕੱਲ੍ਹ ਕਨੇਡਾ ਵਿਖੇ ਕੋਚਿੰਗ ਕਰ ਰਹੀ ਹੈ, ਦੇ ਸਹਿਯੋਗ ਨਾਲ਼ ਸ਼ੁਰੂ ਕੀਤੀ ਹੈ ਤੇ ਓਹਨਾਂ ਦਾ ਮਕਸਦ ਫ਼ਿਰੋਜ਼ਪੁਰ ਦੇ ਹੋਰਨਾਂ ਖਿਡਾਰੀਆਂ ਨੂੰ ਨੈਸ਼ਨਲ ਲੈਵਲ 'ਤੇ ਮੈਡਲ ਲੈਂਦਿਆਂ ਦੇਖਣਾ ਹੈ। ਓਹਨਾਂ ਦੀ ਧਰਮਪਤਨੀ ਸ਼੍ਰੀਮਤੀ ਮਨਮੀਤ ਕੌਰ ਵੀ ਇਹਨਾਂ ਦਾ ਪੂਰਾ ਸਾਥ ਦੇ ਰਹੇ ਹਨ। ਵੀਰ ਗੁਰਪ੍ਰੀਤ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਚੰਗੇ ਖਿਡਾਰੀ ਬਣਨ ਦੇ ਨਾਲ਼ ਚੰਗਾ ਨਾਗਰਿਕ ਬਣਨ ਅਤੇ ਸੇਵਾ ਭਾਵ ਨਾਲ਼ ਜ਼ਿੰਦਗੀ ਜਿਊਣ ਦਾ ਸਬਕ ਸਿਖਾਇਆ। ਓਹਨਾਂ ਆਪਣੀ ਸੇਵਾ ਸੰਸਥਾ ਮਨੁੱਖਤਾ ਦੀ ਸੇਵਾ ਸ਼ੁਰੂ ਕਰਨ ਦਾ ਮਕਸਦ ਵੀ ਦੱਸਦਿਆਂ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨ ਲਈ ਕਿਹਾ। ਸਮਾਗਮ ਵਿੱਚ ਉੱਘੇ ਕਲਾਕਾਰ ਤਰਸੇਮ ਅਰਮਾਨ ਜੀ ਨੇ ਪੰਜਾਬ ਦੇ ਪਿਆਰ ਵਾਲ਼ਾ ਆਪਣਾ ਇੱਕ ਗੀਤ ਵੀ ਪੇਸ਼ ਕੀਤਾ। ਮਨਜੀਤ ਸਿੰਘ ਡੀ.ਪੀ.ਈ. ਵਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਤੋਂ ਬਾਅਦ ਛੋਟੇ ਖਿਡਾਰੀਆਂ ਦਾ ਇੱਕ ਸ਼ੋਅ ਮੈਚ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਅਕੈਡਮੀ ਵਿੱਚ ਖੇਡਦੇ ਬੱਚਿਆਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਅਮਿਤ ਸ਼ਰਮਾ, ਸੁਨੀਲ ਕੰਬੋਜ, ਸ਼ਮਸ਼ੇਰ ਸਿੰਘ, ਮਨੀਸ਼ ਕੁਮਾਰ, ਤਲਵਿੰਦਰ ਸਿੰਘ, ਨੇਹਾ ਪੁਰੀ, ਹਰਮਨਪ੍ਰੀਤ ਸਿੰਘ, ਅਜਮੇਰ ਸਿੰਘ, ਗੁਰਬਿੰਦਰ ਕੌਰ, ਸੁਰੁਚੀ ਸ਼ਰਮਾ, ਯੁਵਰਾਜ ਨਾਰੰਗ, ਵਿਕਰਮਪਾਲ ਸਿੰਘ, ਜਸਕਰਮ ਸਿੰਘ ਵਿਰਕ ਤੇ ਹੋਰ ਮੌਜੂਦ ਸਨ।

## ਸਾਬਕਾ ਵਿਧਾਇਕ ਰਮਿੰਦਰ ਆਵਲਾ ਵੱਲੋਂ ਪਿੰਡ ਗੁਲਾਬ ਭੈਣੀ 'ਚ ਬੇੜੀ ਤੇ ਰਾਸ਼ਨ ਸਮੱਗਰੀ ਦੀ ਸਹਾਇਤਾ




ਫ਼ਾਜ਼ਿਲਕਾ, 7 ਸਤੰਬਰ (ਬਖਸ਼ੀਸ ਸਿੰਘ/ਜਸਪ੍ਰੀਤ ਸਿੰਘ) : ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਦਦ ਲਈ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਇੱਕ ਵਾਰ ਫਿਰ ਆਪਣੀ ਸਮਾਜ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ। ਪਿੰਡ ਗੁਲਾਬ ਭੈਣੀ ਦੇ ਲੋਕਾਂ ਦੀ ਮੰਗ ਨੂੰ ਪੂਰਾ ਕਰਦਿਆਂ ਰਮਿੰਦਰ ਆਵਲਾ ਨੇ ਨਾ ਸਿਰਫ਼ ਇੱਕ ਬੇੜੀ ਦੀ ਵਿਵਸਥਾ ਕੀਤੀ, ਸਗੋਂ ਹੜ੍ਹ ਪੀੜਤ ਲੋਕਾਂ ਲਈ ਰਾਸ਼ਨ ਅਤੇ ਹੋਰ ਜ਼ਰੂਰੀ ਸਮੱਗਰੀ ਵੀ ਵੰਡੀ। ਇਸ ਮੌਕੇ ਪਿੰਡ ਵਾਸੀਆਂ ਨੇ ਆਵਲਾ ਦੀ ਇਸ ਸਹਾਇਤਾ ਲਈ ਦਿਲੋਂ ਧੰਨਵਾਦ ਕੀਤਾ। ਬੀਤੇ 3-4 ਦਿਨ ਪਹਿਲਾਂ ਜਦੋਂ ਰਮਿੰਦਰ ਆਵਲਾ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰ ਰਹੇ ਸਨ, ਉਦੋਂ ਪਿੰਡ ਗੁਲਾਬ ਭੈਣੀ ਦੇ ਵਸਨੀਕਾਂ ਨੇ ਉਨ੍ਹਾਂ ਨੂੰ ਆਪਣੀ ਸਮੱਸਿਆਵਾਂ ਤੋਂ ਜਾਣੂੰ ਕਰਵਾਇਆ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਹੜ੍ਹ ਕਾਰਨ ਉਨ੍ਹਾਂ ਦੇ ਇਲਾਕੇ ਵਿੱਚ ਪਾਣੀ ਭਰ ਜਾਣ ਨਾਲ ਆਵਾਜਾਈ ਲਈ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਕਾਰਨ ਉਨ੍ਹਾਂ ਨੇ ਇੱਕ ਬੇੜੀ ਦੀ ਮੰਗ ਰੱਖੀ ਤਾਂ ਜੋ ਉਹ ਆਪਣੇ ਰੋਜ਼ਾਨਾ ਦੇ ਕੰਮਕਾਜ ਤੇ ਜ਼ਰੂਰੀ ਆਵਾਜਾਈ ਨੂੰ ਜਾਰੀ ਰੱਖ ਸਕਣ । ਰਮਿੰਦਰ ਆਵਲਾ ਨੇ ਪਿੰਡ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਜਲਦੀ ਹੀ ਇਸ ਮੰਗ ਨੂੰ ਪੂਰਾ ਕਰਨਗੇ। ਆਪਣੇ ਵਾਅਦੇ ਨੂੰ ਨਿਭਾਉਂਦਿਆਂ, ਰਮਿੰਦਰ ਸਿੰਘ ਆਵਲਾ ਅੱਜ ਆਪਣੀ ਟੀਮ ਨਾਲ ਪਿੰਡ ਗੁਲਾਬ ਭੈਣੀ ਪਹੁੰਚੇ ਅਤੇ ਬੇੜੀ ਦੀ ਸਹਾਇਤਾ ਪ੍ਰਦਾਨ ਕੀਤੀ। ਇਸ ਮੌਕੇ ਰਮਿੰਦਰ ਆਵਲਾ ਨਾਲ ਉਨ੍ਹਾਂ ਦੀ ਟੀਮ ਵਿੱਚ ਪ੍ਰਧਾਨ ਵਿਕਾਸ ਦੀਪ ਚੌਧਰੀ, ਸ਼ੰਟੀ ਕਪੂਰ, ਵਿਵੇਕ ਛਾਬੜਾ, ਕੁਲਦੀਪ ਧਵਨ, ਸੁਖਦੇਵ ਸੰਧੂ, ਮੰਗਲਾ ਸਿੰਘ, ਕੁਲਵਿੰਦਰ ਸਿੰਘ, ਕੇਵਲ ਸਿੰਘ ਤੇ ਮਨਜੀਤ ਭੰਬਾ ਵੱਟੂ ਸ਼ਾਮਲ ਸਨ।

## ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ ਵੱਲੋਂ ਆਗਮੈਂਟਡ ਤੇ ਵਰਚੁਅਲ ਰਿਐਲਟੀ 'ਤੇ 5-ਦਿਨਾਂ ਬੂਟਕੈਂਪ ਦਾ ਆਯੋਜਨ




ਫਤਹਿਗੜ੍ਹ ਸਾਹਿਬ, 7 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ (ਬੀ.ਬੀ.ਐਸ.ਬੀ.ਈ.ਸੀ.) ਦੇ ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਦੇ ਆਈ.ਈ.ਆਈ. ਸਟੂਡੈਂਟ ਚੈਪਟਰ ਵੱਲੋਂ, ਆਈ.ਈ.ਆਈ. ਪੰਜਾਬ ਐਂਡ ਚੰਡੀਗੜ੍ਹ ਸਟੇਟ ਸੈਂਟਰ ਤੇ ਐਨ. ਆਈ. ਈ. ਐਲ.ਆਈ.ਟੀ. ਰੋਪੜ ਦੇ ਸਹਿਯੋਗ ਨਾਲ, 1 ਤੋਂ 5 ਸਤੰਬਰ 2025 ਤੱਕ ਆਗਮੈਂਟਡ ਅਤੇ ਵਰਚੁਅਲ ਰਿਐਲਟੀ (ਏ.ਆਰ./ਵੀ.ਆਰ.) ਵਿਸ਼ੇ 'ਤੇ 5 ਦਿਨਾਂ ਬੂਟਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਬੂਟਕੈਂਪ ਦੀ ਸ਼ੁਰੂਆਤ ਆਫਲਾਈਨ ਮੋਡ ਵਿੱਚ ਹੋਈ, ਜਿਸ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ-ਕੇਂਦਰਿਤ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਵਿਭਾਗ ਮੁਖੀ ਅਤੇ ਆਈ. ਈ. ਆਈ. ਪੰਜਾਬ ਐਂਡ ਚੰਡੀਗੜ੍ਹ ਸਟੇਟ ਸੈਂਟਰ ਦੇ ਜੋਆਇੰਟ ਸੈਕਟਰੀ ਡਾ. ਜਤਿੰਦਰ ਸਿੰਘ ਸੈਣੀ ਨੇ ਸਵਾਗਤੀ ਭਾਸ਼ਣ ਕਰਦਿਆਂ ਵਿਦਿਆਰਥੀਆਂ ਨੂੰ ਏ.ਆਰ. ਤੇ ਵੀ.ਆਰ. ਵਿਚ ਨਵੇਂ ਪ੍ਰਯੋਗਾਂ ਨੂੰ ਅੱਗੇ ਵਧਾਉਣ ਲਈ ਉਤਸ਼ਾਹਿਤ ਕੀਤਾ । ਆਨਲਾਈਨ ਮੋਡ ਰਾਹੀਂ ਚਲਾਏ ਗਏ ਤਕਨੀਕੀ ਸੈਸ਼ਨਾਂ ਦੀ ਰਹਿਨੁਮਾਈ ਐਨ. ਆਈ. ਈ.ਐਲ.ਆਈ.ਟੀ. ਰੋਪੜ ਦੇ ਮਾਹਰ ਡਾ. ਸਰਵਣ ਸਿੰਘ (ਜੋਇੰਟ ਡਾਇਰੈਕਟਰ), ਸ਼੍ਰੀ ਨਿਕਸ਼ੇਪ ਪਾਲੀਵਾਲ (ਪ੍ਰੋਜੈਕਟ ਇੰਜੀਨੀਅਰ) ਤੇ ਸ਼੍ਰੀ ਅਮਰਿੰਦਰ ਸਿੰਘ (ਪ੍ਰੋਜੈਕਟ ਅਸਿਸਟੈਂਟ) ਨੇ ਕੀਤੀ। ਇਹ ਸੈਸ਼ਨ ਜਾਣਕਾਰੀ ਭਰਪੂਰ ਲੈਕਚਰਾਂ, ਡੈਮੋਨਸਟ੍ਰੇਸ਼ਨਾਂ ਤੇ ਪ੍ਰੈਕਟੀਕਲ ਗਤੀਵਿਧੀਆਂ ਨਾਲ ਭਰਪੂਰ ਰਹੇ, ਜਿਸ ਨਾਲ ਵਿਦਿਆਰਥੀਆਂ ਨੂੰ ਇਨ੍ਹਾਂ ਤਕਨੀਕਾਂ ਦੀ ਡੂੰਘੀ ਸਮਝ ਪ੍ਰਾਪਤ ਹੋਈ। ਬੂਟਕੈਂਪ ਵਿੱਚ 80 ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ। ਆਖਰੀ ਦਿਨ ਵਿਦਿਆਰਥੀਆਂ ਵਿਚ ਮੁਕਾਬਲੇ ਦੇ ਜਜ਼ਬੇ ਨੂੰ ਵਧਾਉਣ ਲਈ ਸਰਟੀਫਿਕੇਸ਼ਨ ਟੈਸਟ ਕਰਵਾਇਆ ਗਿਆ। ਇਸ ਸਮਾਗਮ ਦਾ ਸਮਾਪਨ ਸੀ. ਐਸ. ਈ. ਵਿਭਾਗ ਦੇ ਆਈ.ਈ.ਆਈ. ਸਟੂਡੈਂਟ ਚੈਪਟਰ ਵੱਲੋਂ ਡਾ. ਜਸਪ੍ਰੀਤ ਕੌਰ ਦੇ ਧੰਨਵਾਦ ਭਾਸ਼ਣ ਨਾਲ ਹੋਇਆ । ਵਿਦਿਆਰਥੀਆਂ ਨੇ ਆਪਣੇ ਉਤਸ਼ਾਹ ਦਾ ਪ੍ਰਗਟਾਵਾ ਕਰਦਿਆਂ ਅਜਿਹੇ ਹੋਰ ਪ੍ਰੋਗਰਾਮਾਂ ਦੀ ਮੰਗ ਵੀ ਕੀਤੀ। ਇਹ ਬੂਟਕੈਂਪ ਨਾ ਸਿਰਫ਼ ਕੀਮਤੀ ਤਕਨੀਕੀ ਗਿਆਨ ਦੇਣ ਵਾਲਾ ਸਾਬਤ ਹੋਇਆ, ਸਗੋਂ ਇਸ ਨੇ ਵਿਦਿਆਰਥੀਆਂ ਨੂੰ ਨਵੀਨਤਾ, ਰਚਨਾਤਮਕਤਾ ਅਤੇ ਉਦਮੀ ਸੋਚ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ।

## ਹੜ੍ਹਾਂ ਤੋਂ ਰਾਹਤ ਲਈ ਕੌਂਸਲ ਨੇ ਹਵਨ ਯੱਗ ਕਰਵਾਇਆ

### ☛ ਪਰਮਾਤਮਾ ਦੇ ਚਰਨਾਂ 'ਚ ਕੀਤੀਆਂ ਅਰਦਾਸ ਬੇਨਤੀਆਂ




ਫਿਰੋਜ਼ਪੁਰ, 7 ਸਤੰਬਰ (ਤਿਵਾੜੀ): ਜਿਵੇਂ ਕਿ ਤੁਸੀਂ ਜਾਣਦੇ ਹੋ ਇਸ ਵੇਲੇ ਪੰਜਾਬ ਦਾ ਬਹੁਤ ਵੱਡਾ ਇਲਾਕਾ ਹੜ੍ਹਾਂ ਦੀ ਮਾਰ ਝੇਲ ਰਿਹਾ ਹੈ । ਬਹੁਤ ਸਾਰੇ ਲੋਕ ਘਰਾਂ ਤੋਂ ਬੇਘਰ ਹੋ ਕੇ ਰਾਹਤ ਕੈਂਪਾਂ ਵਿੱਚ ਬੈਠੇ ਹੋਏ ਹਨ, ਵੱਖ ਵੱਖ ਐਨਜੀਓ ਤੇ ਧਾਰਮਿਕ ਸੰਸਥਾਵਾਂ ਉਨ੍ਹਾਂ ਨੂੰ ਰਾਹਤ ਪਹੁੰਚਾਉਣ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੇ ਹਨ। ਇਸੇ ਲੜੀ ਵਿੱਚ ਸੀਨੀਅਰ ਸਿਟੀਜ਼ਨ ਕੌਂਸਲ ਫਿਰੋਜ਼ਪੁਰ ਵੀ ਪਿੱਛੇ ਨਹੀਂ ਹੈ। ਉਨ੍ਹਾਂ ਵੱਲੋਂ ਵੀ ਬਾਰਕੇ ਵਿਖੇ ਰਾਹਤ ਕੈਂਪਾਂ ਵਿੱਚ ਲੋੜੀਂਦੀ ਸਮੱਗਰੀ ਹੜ੍ਹ ਪੀੜਤਾਂ ਵਿੱਚ ਵੰਡੀ । ਜਾਣਕਾਰੀ ਦਿੰਦੇ ਹੋਏ ਸੀਨੀਅਰ ਸਿਟੀਜ਼ਨ ਕੌਂਸਲ ਦੇ ਪ੍ਰਧਾਨ ਪੀਡੀ ਸ਼ਰਮਾ ਨੇ ਦੱਸਿਆ ਕਿ ਅੱਜ ਬਾਗਬਾਨ ਵਿਖੇ ਇੱਕ ਹਵਨ ਯੱਗ ਰੱਖਿਆ ਗਿਆ ਸੀ, ਜਿਸ ਵਿੱਚ ਕੌਂਸਲ ਦੇ ਸਮੂਹ ਮੈਂਬਰ ਅਹੁਦੇਦਾਰ ਤੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਹੜ੍ਹਾਂ ਤੋਂ ਬਚਾਉਣ ਲਈ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸਾਂ ਬੇਨਤੀਆਂ ਕੀਤੀਆਂ। ਹਵਨ ਯੱਗ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਪੂਰਨ ਅਹੂਤੀ ਪਾ ਕੇ ਤੇ ਸਮੂਹ ਸੰਗਤ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਣ ਲਈ ਬੇਨਤੀਆਂ ਕੀਤੀਆਂ ਤੇ ਹੜ੍ਹਾਂ ਤੋਂ ਰਾਹਤ ਲਈ ਅਰਦਾਸਾਂ ਕੀਤੀਆਂ। ਇਸ ਦਾ ਕਾਰਨ ਭਾਵੇਂ ਜੋ ਵੀ ਹੋਵੇ ਪਰ ਇਹ ਇੱਕ ਰੱਬੀ ਕਰੋਪੀ ਹੀ ਕਹੀ ਜਾ ਸਕਦੀ ਹੈ, ਇਸ ਲਈ ਬਹੁਤ ਵੱਡੀ ਗਿਣਤੀ ਬਾਗਵਾਨ ਵਿਖੇ ਇਕੱਠੇ ਹੋ ਕੇ ਪਰਮਾਤਮਾ ਨੂੰ ਅਰਦਾਸ ਕੀਤੀ ਕਿ ਪਰਮਾਤਮਾ ਉਨ੍ਹਾਂ ਸਾਰੇ ਹਰ ਪੀੜਤ ਵਿਅਕਤੀਆਂ ਨੂੰ ਹੜ੍ਹਾਂ ਤੋਂ ਬਚਾ ਕੇ ਆਪਣੇ ਘਰਾਂ ਵਿੱਚ ਸੁਰੱਖਿਆ ਤੇ ਰੋਜ਼ਾਨਾ ਜ਼ਿੰਦਗੀ ਜਿਉਣ ਲਈ ਮਿਹਰ ਕਰੇ। ਇਸ ਮੌਕੇ 'ਤੇ ਡਾ. ਅਮਨ ਕਟਾਰੀਆ ਕਨੇਡਾ ਤੋਂ ਬਤੌਰ ਮੁੱਖ ਮਹਿਮਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨਾਂ ਦੇ ਨਾਲ ਗਰੋਵਰ ਸਾਹਿਬ ਬਤੌਰ ਮੁੱਖ ਮਹਿਮਾਨ ਇਥੇ ਪੁੱਜੇ। ਉਨ੍ਹਾਂ ਵੱਲੋਂ ਵੀ ਅਰਦਾਸਾਂ ਕੀਤੀਆਂ ਗਈਆਂ ਕਿ ਵਾਹਿਗੁਰੂ ਮਿਹਰ ਕਰੇ ਤੇ ਹੜ੍ਹ ਪੀੜਤ ਵਿਅਕਤੀ ਆਪਣੇ ਘਰਾਂ ਵਿੱਚ ਜਾ ਕੇ ਰੋਜ਼ਾਨਾ ਦੀ ਤਰ੍ਹਾਂ ਜੀਵਨ ਜਿਉਣ। ਇਸ ਮੌਕੇ 'ਤੇ ਅਗਸਤ ਮਹੀਨੇ ਦੇ ਜਨਮ ਦਿਨ ਵਾਲਿਆਂ ਨੂੰ ਵੀ ਜਨਮ ਦਿਨ ਤੋਂ ਜਨਮ ਦਿਨ ਤੋਹਫੇ ਦੇ ਕੇ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਡਾ. ਅਮਨ ਕਟਾਰੀਆ ਨੇ ਦੰਦਾਂ ਦੀਆਂ ਵੱਖ ਵੱਖ ਬਿਮਾਰੀਆਂ ਤੇ ਉਹਨਾਂ ਦੇ ਬਚਾਉ ਲਈ ਹਾਜ਼ਰ ਮੈਂਬਰਾਂ ਨੂੰ ਜਾਗਰੂਕ ਕੀਤਾ। ਅੰਤ ਵਿੱਚ ਕੌਂਸਲ ਦੇ ਪ੍ਰਧਾਨ ਚੇਅਰਮੈਨ ਤੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਡੀਸੀ ਵੀ ਬੈਂਕ ਦੇ ਮੈਨੇਜਰ ਮਨੀਸ਼ ਸ਼ਰਮਾ ਤੇ ਉਹਨਾਂ ਦਾ ਸਟਾਫ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਇਆ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸਰਵਸ਼੍ਰੀ ਵਿਨੋਦ ਗਰੋਵਰ ਪ੍ਰਦੀਪ ਕੁਮਾਰ ਮੱਖਣ ਲਾਲ ਬਲਬੀਰ ਸਿੰਘ ਗੁਰਚਰਨ ਸਿੰਘ ਸੇਠੀ ਰਾਮ ਚੰਦ ਬਿੰਦਰਾ ਸਵਰਨ ਸਿੰਘ ਸੁਹਾਨਾ ਸੂਰਯ ਪ੍ਰਕਾਸ਼ ਦੀਪ ਚੰਦ ਅੰਮ੍ਰਿਤ ਸੋਢੀ ਮੈਡਮ ਸ਼ਸ਼ੀ ਚੁੱਘ ਅਵਤਾਰ ਸਿੰਘ ਰਾਧੇ ਮੋਹਨ ਮਨੋਹਰ ਲਾਲ ਸੀ ਐਲ ਅਰੋੜਾ ਹਰੀ ਚੰਦ ਚੋਪੜਾ ਓਮ ਪ੍ਰਕਾਸ਼ ਬਜਾਜ ਜੋਗਿੰਦਰ ਸਿੰਘ ਤੇ ਹੋਰ ਬਹੁਤ ਸਾਰੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਜੈਲਲਿਤਾ ਦੀ ਕਰੀਬੀ 'ਤੇ ਸੀ.ਬੀ.ਆਈ. ਦਾ ਦੋਸ਼

### ☛ ਨੋਟਬੰਦੀ ਦੌਰਾਨ ਸ਼ਸ਼ੀਕਲਾ ਨੇ 450 ਕਰੋੜ ਰੁਪਏ ਦੇ ਪੁਰਾਣੇ ਨੋਟ ਦੇ ਕੇ ਖਰੀਦੀ ਸੀ ਖੰਡ ਮਿੱਲ



ਨਵੀਂ ਦਿੱਲੀ, 7 ਸਤੰਬਰ (ਚ.ਨ.ਸ.): ਤਾਮਿਲਨਾਡੂ ਦੀ ਸਵਰਗੀ ਮੁੱਖ ਮੰਤਰੀ ਜੈਲਲਿਤਾ ਦੀ ਕਰੀਬੀ ਸਹਿਯੋਗੀ ਵੀ.ਕੇ. ਸ਼ਸ਼ੀਕਲਾ ਨੇ 2016 'ਚ ਨੋਟਬੰਦੀ ਦੌਰਾਨ ਇਕ ਖੰਡ ਮਿੱਲ ਖਰੀਦਣ ਲਈ ਕਥਿਤ ਤੌਰ 'ਤੇ 450 ਕਰੋੜ ਰੁਪਏ ਦੇ ਪੁਰਾਣੇ ਨੋਟ ਦਿੱਤੇ ਸਨ।ਸੀ.ਬੀ.ਆਈ. ਵੱਲੋਂ ਦਰਜ ਐੱਫ.ਆਈ.ਆਰ. 'ਚ ਇਸ ਦਾ ਜ਼ਿਕਰ ਕੀਤਾ ਗਿਆ ਹੈ।ਮਦਰਾਸ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਸੀ.ਬੀ.ਆਈ. ਨੇ ਪਦਮਾਵਤੀ ਸ਼ੂਗਰਜ਼ ਲਿਮਟਿਡ (ਪੀ.ਐੱਸ.ਐੱਲ.) ਵਿਰੁੱਧ ਇੰਡੀਅਨ ਓਵਰਸੀਜ਼ ਬੈਂਕ ਨੂੰ ਕਥਿਤ ਤੌਰ 'ਤੇ 120 ਕਰੋੜ ਰੁਪਏ ਦਾ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ।ਇਸ ਖਾਤੇ ਨੂੰ 2020 'ਚ ਧੋਖਾਧੜੀ ਵਰਤਿਆ ਗਿਆ ਐਲਾਨਿਆ ਗਿਆ ਸੀ। ਐੱਫ.ਆਈ.ਆਰ. ਅਨੁਸਾਰ ਪੀ.ਐੱਸ.ਐੱਲ. ਜੋ ਪਹਿਲਾਂ ਐੱਸ.ਵੀ. ਸ਼ੂਗਰ ਮਿੱਲਜ਼ ਵਜੋਂ ਜਾਣੀ ਜਾਂਦੀ ਸੀ, ਨੂੰ ਬੈਂਕ ਕੋਲ ਗਿਰਵੀ ਰੱਖਿਆ ਗਿਆ ਸੀ।ਇਸ ਨੂੰ ਆਮਦਨ ਕਰ ਵਿਭਾਗ ਵੱਲੋਂ ਬੇਨਾਮੀ ਜਾਇਦਾਦ ਲੈਣ-ਦੇਣ ਐਕਟ ਦੇ ਅਧੀਨ ਜ਼ਬਤ ਕਰ ਲਿਆ ਗਿਆ ਸੀ।ਇਹ ਦੋਸ਼ ਹੈ ਕਿ 2017 'ਚ ਸ਼ਸ਼ੀਕਲਾ ਵਿਰੁੱਧ ਇਕ ਮਾਮਲੇ ਸਬੰਧੀ ਆਮਦਨ ਕਰ ਵਿਭਾਗ ਦੀ ਤਲਾਸ਼ੀ ਦੌਰਾਨ ਕਈ ਦਸਤਾਵੇਜ਼ ਜ਼ਬਤ ਕੀਤੇ ਗਏ ਸਨ।ਦਸਤਾਵੇਜ਼ਾਂ ਅਨੁਸਾਰ ਬੈਂਕ ਨੇ ਸੀ.ਬੀ.ਆਈ. ਨੂੰ ਕੀਤੀ ਆਪਣੀ ਸ਼ਿਕਾਇਤ 'ਚ ਦੋਸ਼ ਲਾਇਆ ਸੀ ਕਿ ਨੋਟਬੰਦੀ ਦੌਰਾਨ ਪਟੇਲ ਗਰੁੱਪ ਦੀ ਇੱਕ ਖੰਡ ਮਿੱਲ ਦੀ ਖਰੀਦ ਲਈ 450 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ ਸੀ।ਇਹ ਸ਼ਿਕਾਇਤ ਹੁਣ ਐੱਫ.ਆਈ.ਆਰ. ਦਾ ਹਿੱਸਾ ਹੈ।ਜੈਲਲਿਤਾ ਦੀ ਮੌਤ 5 ਦਸੰਬਰ, 2016 ਨੂੰ ਚੇਨਈ ਦੇ ਇਕ ਨਿੱਜੀ ਹਸਪਤਾਲ 'ਚ ਹੋਈ ਸੀ।ਇੰਡੀਅਨ ਓਵਰਸੀਜ਼ ਬੈਂਕ ਦੀ ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਹੈ, ਕਿ ਹਿਤੇਸ਼ ਸ਼ਿਵਗਨ ਪਟੇਲ, ਜੋ ਪੀ.ਐੱਸ.ਐੱਲ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧਨ ਕਰਦੇ ਹਨ ਤੇ ਪ੍ਰਭਾਤ ਗਰੁੱਪ ਦੇ ਇਰਾਦਾ ਹਨ, ਨੇ ਹਲਫ਼ਨਾਮੇ 'ਚ ਕਿਹਾ ਸੀ ਕਿ ਉਨ੍ਹਾਂ ਨੇ ਕਾਂਚੀਪੁਰਮ 'ਚ ਇਕ ਖੰਡ ਮਿੱਲ ਵੇਚਣ ਲਈ ਪੁਰਾਣੇ ਨੋਟਾਂ ਰਾਹੀਂ ਕੁੱਲ 450 ਕਰੋੜ ਰੁਪਏ ਮਿਲੇ ਸਨ।

# ਕੇਂਦਰ ਹੀ ਪੰਜਾਬੀਆਂ ਦੀ ਇਕਲੌਤੀ ਆਸ: ਸੁਨੀਲ ਜਾਖੜ



ਚੰਡੀਗੜ੍ਹ, 7 ਸਤੰਬਰ (ਚ.ਨ.ਸ.) ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ, ਕਿਹਾ ਕਿ ਸੂਬੇ ਦੇ ਲੋਕਾਂ ਨੇ ਸੂਬਾ ਸਰਕਾਰ ਤੋਂ ਆਸ ਗੁਆ ਦਿੱਤੀ ਹੈ ਤੇ ਹੜ੍ਹ ਰਾਹਤ ਅਤੇ ਪੁਨਰਵਾਸ ਲਈ ਸਾਰੀਆਂ ਉਮੀਦਾਂ ਹੁਣ ਕੇਂਦਰ ਸਰਕਾਰ 'ਤੇ ਟਿਕਾਈਆਂ ਹਨ।2 ਦਿਨ ਪਹਿਲਾਂ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਨਾਲ ਸੂਬੇ ਭਰ 'ਚ ਕੁਦਰਤੀ ਆਫਤ ਦੇ ਜ਼ਮੀਨੀ ਮੁਲਾਂਕਣ ਲਈ ਜਾਣ ਤੋਂ ਬਾਅਦ ਜਾਖੜ ਨੇ ਕਿਹਾ ਕਿ ਜਿਸ ਵੀ ਥਾਂ 'ਤੇ ਟੀਮ ਪਹੁੰਚੀ, ਸਥਾਨਕ ਲੋਕਾਂ ਨੇ ਬੇਨਤੀ ਕੀਤੀ ਕਿ ਸਾਰੀ ਰਾਹਤ ਨਕਦੀ ਅਤੇ ਸਮੱਗਰੀ ਦੀ ਸਿੱਧੇ ਪ੍ਰਭਾਵਿਤ ਲੋਕਾਂ ਨੂੰ ਭੇਜੀ ਜਾਵੇ ਨਾ ਕਿ ਸੂਬਾ ਮਸ਼ੀਨਰੀ ਰਾਹੀਂ।ਜਾਖੜ ਨੇ ਕਿਹਾ ਕਿ ਸਮੇਂ ਸਿਰ ਕਾਰਵਾਈ ਤੇ ਗ਼ੈਰ-ਕਾਨੂੰਨੀ ਮਾਈਨਿੰਗ 'ਤੇ ਸਖ਼ਤੀ ਨਾਲ ਤਬਾਹੀ ਦੀ ਤੀਬਰਤਾ ਨੂੰ ਘਟਾਇਆ ਜਾ ਸਕਦਾ ਸੀ, ਜਿਸ ਨੇ ਦਰਿਆਵਾਂ ਦੇ ਕੰਢਿਆਂ ਦੀਆਂ ਮਿੱਟੀ ਦੀਆਂ ਪ੍ਰਸ਼ਤਾਂ ਨੂੰ ਕਮਜ਼ੋਰ ਕਰ ਦਿੱਤਾ।ਜਾਖੜ ਨੇ ਪੰਜਾਬ ਲਈ ਵਿਆਪਕ ਪੈਕੇਜ ਦੇ ਨਾਲ ਬੇਘਰ ਲੋਕਾਂ ਲਈ ਤੁਰੰਤ ਰਿਹਾਇਸ਼ ਦੇ ਹੱਲ ਦੀ ਮੰਗ ਕੀਤੀ।

# ਸਕੂਲੀ ਮੁੰਡਾ ਛਾਤੀ 'ਚ ਲੱਗੇ ਚਾਕੂ ਸਮੇਤ ਪੁਲਿਸ ਸਟੇਸ਼ਨ ਪਹੁੰਚਿਆ, 3 ਨਾਬਾਲਗ ਗ੍ਰਿਫ਼ਤਾਰ

ਨਵੀਂ ਦਿੱਲੀ, 7 ਸਤੰਬਰ (ਚ.ਨ.ਸ): ਪੁਲਿਸ ਨੇ ਸ਼ਨੀਵਾਰ ਨੂੰ ਕਿਹਾ ਕਿ ਕੇਂਦਰੀ ਦਿੱਲੀ ਦੇ ਪਹਾੜਗੰਜ ਵਿੱਚ ਇੱਕ 16 ਸਾਲਾ ਲੜਕੇ ਦੇ ਸਕੂਲ ਦੇ ਬਾਹਰ ਕਥਿਤ ਤੌਰ 'ਤੇ ਚਾਕੂ ਮਾਰਨ ਦੇ ਦੋਸ਼ ਵਿੱਚ ਤਿੰਨ ਨਾਬਾਲਗਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ 4 ਸਤੰਬਰ ਨੂੰ ਵਾਪਰੀ, ਜਦੋਂ ਪੀੜਤ ਆਪਣੇ ਨਾਲ ਚਾਕੂ ਲੈ ਕੇ ਪਹਾੜਗੰਜ ਥਾਣੇ ਪਹੁੰਚਿਆ।ਉਸਨੂੰ ਤੁਰੰਤ ਕਲਾਵਤੀ ਸਰਨ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਆਰਐਮਐਲ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਸਫਲਤਾਪੂਰਵਕ ਹਥਿਆਰ ਕੱਢ ਦਿੱਤਾ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਲਗਭਗ 10-15 ਦਿਨ ਪਹਿਲਾਂ, ਦੋਸ਼ੀ ਨਾਬਾਲਗਾਂ ਵਿੱਚੋਂ ਇੱਕ 'ਤੇ ਮੁੰਡਿਆਂ ਦੇ ਇੱਕ ਸਮੂਹ ਨੇ ਹਮਲਾ ਕੀਤਾ ਸੀ ਅਤੇ ਸ਼ੱਕ ਸੀ ਕਿ ਪੀੜਤ ਨੇ ਹਮਲਾ ਕਰਨ ਲਈ ਉਕਸਾਇਆ ਸੀ। ਬਦਲਾ ਲੈਣ ਲਈ, ਉਸਨੇ, ਦੋ ਸਾਥੀਆਂ ਨਾਲ, ਉਸਦੇ ਸਕੂਲ ਦੇ ਗੇਟ ਦੇ ਨੇੜੇ ਲੜਕੇ ਦਾ ਸਾਹਮਣਾ ਕੀਤਾ ਅਤੇ ਉਸਨੂੰ ਚਾਕੂ ਮਾਰਿਆ।ਡਿਪਟੀ ਕਮਿਸ਼ਨਰ ਆਫ਼ ਪੁਲਿਸ (ਕੇਂਦਰੀ) ਨਿਧਿਨ ਵਾਲਸਨ ਨੇ ਕਿਹਾ ਕਿ ਇੱਕ ਨਾਬਾਲਗ ਨੇ ਉਸ 'ਤੇ ਚਾਕੂ ਨਾਲ ਵਾਰ ਕੀਤਾ, ਜਦੋਂ ਕਿ ਉਸਦੇ ਸਾਥੀਆਂ ਨੇ ਉਸਨੂੰ ਰੋਕ ਲਿਆ। ਉਨ੍ਹਾਂ ਵਿੱਚੋਂ ਇੱਕ ਨੇ ਚਾਕੂ ਮਾਰਨ ਤੋਂ ਪਹਿਲਾਂ ਮੁੰਡੇ ਨੂੰ ਟੁੱਟੀ ਹੋਈ ਬੀਅਰ ਦੀ ਬੋਤਲ ਨਾਲ ਧਮਕੀ ਵੀ ਦਿੱਤੀ। ਭਾਰਤੀ ਨਿਆਏ ਸੰਹਿਤਾ ਅਤੇ ਹਥਿਆਰ ਐਕਟ ਦੇ ਤਹਿਤ ਪਹਾੜਗੰਜ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ।ਸਥਾਨਕ ਖੁਫੀਆ ਜਾਣਕਾਰੀ ਅਤੇ ਤੇਜ਼ ਛਾਪਿਆਂ ਦੀ ਵਰਤੋਂ ਕਰਦੇ ਹੋਏ, ਪੁਲਿਸ ਨੇ ਕੇਸ ਦਰਜ ਹੋਣ ਦੇ ਕੁਝ ਘੰਟਿਆਂ ਦੇ ਅੰਦਰ ਹੀ 15 ਅਤੇ 16 ਸਾਲ ਦੀ ਉਮਰ ਦੇ ਤਿੰਨੋਂ ਮੁਲਜ਼ਮਾਂ ਨੂੰ ਆਰਾਮ ਬਾਗ ਖੇਤਰ ਤੋਂ ਗ੍ਰਿਫ਼ਤਾਰ ਕਰ ਲਿਆ।ਅਧਿਕਾਰੀਆਂ ਨੇ ਦੱਸਿਆ ਕਿ ਹਮਲੇ ਵਿੱਚ ਵਰਤਿਆ ਗਿਆ ਬੀਅਰ ਦੀ ਬੋਤਲ ਮੌਕੇ ਤੋਂ ਬਰਾਮਦ ਕੀਤੀ ਗਈ ਹੈ।

# ਭੁਪੇਸ਼ ਬਘੇਲਤੇ ਰਾਜਾ ਵੜਿੰਗ ਪਹੁੰਚੇ ਕਰਤਾਰਪੁਰ ਕੋਰੀਡੋਰ



ਡੇਰਾ ਬਾਬਾ ਨਾਨਕ, 7 ਸਤੰਬਰ (ਹੈਪੀ ਕੋਟਲੀ): ਪੰਜਾਬ ਕਾਂਗਰਸ ਦੇ ਪ੍ਰਭਾਰੀਤੇ ਛਤੀਸਗੜ੍ਹ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਹੜ੍ਹ ਪੀੜਤ ਇਲਾਕਿਆਂ ਦਾ ਜਾਇਜ਼ਾ ਲੈਣ ਕਰਤਾਰਪੁਰ ਕੋਰੀਡੋਰ ਪਹੁੰਚੇ। ਉਹਨਾਂ ਦੇ ਨਾਲ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਵੀ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਨੇ ਕਿਹਾ ਕਿ ਉਹ ਪੰਜਾਬੀਆਂ ਦੀ ਹਿੰਮਤ ਅਤੇ ਹੌਸਲੇ ਦੇ ਕਾਇਲ ਹੋ ਗਏ ਹਨ। ਇਸ ਸੰਕਟ ਦੀ ਘੜੀ 'ਚ ਉਹ ਇੱਕ ਦੂਜੇ ਦੀ ਮੱਦਦ ਕਰ ਰਹੇ ਹਨ ਅਤੇ ਹਰ ਵਰਗ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ।ਉੱਥੇ ਹੀ ਉਹਨਾਂ ਨੇ ਕਿਹਾ ਕਿ ਦੋਹਾਂ ਸਰਕਾਰਾਂ ਦਾ ਕਸੂਰ ਹੈ, ਜੋ ਹੜ੍ਹਾਂ ਕਾਰਨ ਇੰਨਾ ਨੁਕਸਾਨ ਹੋਇਆ ਹੈ, ਨਾ ਤਾਂ ਨਾਲਿਆਂ ਦੀ ਸਫਾਈ ਕਰਾਈ ਗਈ ਤੇ ਨਾ ਹੀ ਕੱਸੀਆਂ ਪੱਕੀਆਂ ਕੀਤੀਆਂ ਗਈਆਂ।ਹੁਣ ਦੋਹਾਂ ਸਰਕਾਰਾਂ ਨੂੰ ਹੜ੍ਹ ਪੀੜਤਾਂ ਲਈ ਮੁਆਵਜ਼ੇ ਅਤੇ ਉਨ੍ਹਾਂ ਦੇ ਮੁੜ ਵਸੇਬੇ ਦੀ ਘੋਸ਼ਣਾ ਕਰਨੀ ਚਾਹੀਦੀ ਹੈ, ਕਿਉਂਕਿ ਪੰਜਾਬ ਦਾ ਹੜ੍ਹਾਂ ਕਾਰਨ ਕਾਫੀ ਨੁਕਸਾਨ ਹੋਇਆ ਹੈ।ਇਸ ਮੌਕੇ ਉਦੇਵੀਰ ਸਿੰਘ ਰੰਧਾਵਾ, ਹਰਪ੍ਰਤਾਪ ਸਿੰਘ ਅਜਨਾਲਾ, ਜਸਬੀਰ ਸਿੰਘ ਡਿੰਪਾ, ਚੇਅਰਮੈਨ ਹਰਦੀਪ ਸਿੰਘ, ਬਲਾਕ ਪ੍ਰਧਾਨ ਤੇਜਵੰਤ ਸਿੰਘ ਮਾਲੇਵਾਲ, ਪਾਲੀ ਬੇਦੀ ਡੇਰਾ ਬਾਬਾ ਨਾਨਕ, ਸੁਖਜਿੰਦਰ ਸਿੰਘ ਸਰਪੰਚ ਖੋਦੇਬੇਟ, ਇਲਿਆਸ ਮਸੀਹ ਸਿੱਧੂ ਆਦਿ ਹਾਜ਼ਰ ਸਨ।

# ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ 'ਚ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਰਾਹਤ ਸਮੱਗਰੀ ਵੰਡਣ ਦਾ ਕੰਮ ਜਾਰੀ



ਮਕੌੜਾ ਪੱਤਣ/ਗੁਰਦਾਸਪੁਰ,7 ਸਤੰਬਰ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਦੇ ਕਾਰਜ ਲਗਾਤਾਰ ਜਾਰੀ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਲਗਾਤਾਰ ਕਿਸ਼ਤੀ ਰਾਹੀਂ ਸਵਾਰ ਹੋ ਕੇ ਰਾਵੀ ਦਰਿਆ ਤੋਂ ਪਾਰ ਦੇ ਪਿੰਡ ਤੂਰ, ਚੇਬੇ, ਝੂਮਰ, ਕੱਜਲਾ, ਭਰਿਆਲ, ਲੁਸਿਆਣ, ਮੰਮੀ ਚੱਕਰੰਜਾ ਤੱਕ ਪਹੁੰਚ ਕੀਤੀ ਜਾ ਰਹੀ ਹੈ।ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮਾਂ ਵੱਲੋਂ ਅੱਜ ਫਿਰ ਇਨ੍ਹਾਂ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਗਈ ਅਤੇ ਨਾਲ ਹੀ ਮੈਡੀਕਲ ਟੀਮਾਂ ਵੱਲੋਂ ਵੀ ਏਥੇ ਪਹੁੰਚ ਕੇ ਲੋਕਾਂ ਨੂੰ ਸਿਹਤ ਸੇਵਾਵਾਂ ਦਿੱਤੀਆਂ ਗਈਆਂ।ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ ਦੀ ਅਗਵਾਈ ਹੇਠ ਰਾਵੀ ਤੋਂ ਪਾਰ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਲਈ ਰਾਹਤ ਕਾਰਜ ਲਗਾਤਾਰ ਜਾਰੀ ਹਨ।ਅੱਜ ਇੱਕ ਵਾਰ ਫਿਰ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਕਿਸ਼ਤੀ ਰਾਹੀਂ ਰਾਹਤ ਸਮਗਰੀ ਲੈ ਕੇ ਰਾਵੀ ਦਰਿਆ ਤੋਂ ਪਾਰ ਇਨ੍ਹਾਂ ਪਿੰਡਾਂ ਵਿੱਚ ਪਹੁੰਚੀਆਂ।ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ, ਪੀਣ ਵਾਲਾ ਪਾਣੀ ਤੇ ਘਰੇਲੂ ਜ਼ਰੂਰਤ ਦਾ ਹੋਰ ਸਮਾਨ ਵੰਡਿਆ ਗਿਆ।ਸਹਾਇਕ ਕਮਿਸ਼ਨਰ ਰੁਪਿੰਦਰ ਪਾਲ ਸਿੰਘ ਨੇ ਕਿਹਾ ਕਿ ਹੜ੍ਹਾਂ ਦਾ ਪਾਣੀ ਘਟਣ ਤੋਂ ਬਾਅਦ ਹੁਣ ਅਗਲੇ ਦਿਨਾਂ ਦੌਰਾਨ ਹੋਰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਉਨ੍ਹਾਂ ਕਿਹਾ ਕਿ ਖੜ੍ਹੇ ਪਾਣੀ ਕਾਰਨ ਕੋਈ ਬਿਮਾਰੀ ਨਾ ਫੈਲੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਢੁਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਪਸ਼ੂ ਪਾਲਣ ਵਿਭਾਗ ਦੀਆਂ ਟੀਮਾਂ ਵੱਲੋਂ ਪਸ਼ੂਆਂ ਦਾ ਇਲਾਜ ਕੀਤਾ ਜਾ ਰਿਹਾ ਹੈ।ਪਸ਼ੂਆਂ ਦੇ ਚਾਰੇ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੱਛਰ-ਮੱਖੀਆਂ ਦੇ ਖ਼ਾਤਮੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਵਿਸ਼ੇਸ਼ ਤੌਰ 'ਤੇ ਫੌਗਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ ਵਿੱਚ ਵੀ ਲੋਕਾਂ ਤੱਕ ਹਰ ਰਾਹਤ ਪਹੁੰਚਾਈ ਜਾ ਰਹੀ ਹੈ।

# ਵਿਧਾਇਕ ਰੰਧਾਵਾ ਨੇ ਹਲਕੇ ਦੇ ਪਿੰਡ ਜੀਉਜਲਾਹੀ ਤੇ ਸ਼ਾਲੇਚੱਕ ਵਿਖੇ ਹੜ੍ਹਾਂ ਕਾਰਨ ਖ਼ਰਾਬ ਹੋਈਆਂ ਫ਼ਸਲਾਂ ਦਾ ਜਾਇਜ਼ਾ ਲਿਆ

### ☛ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ ਖੜ੍ਹੀ, ਹਰ ਸੰਭਵ ਮੱਦਦ ਕੀਤੀ ਜਾਵੇਗੀ



ਡੇਰਾ ਬਾਬਾ ਨਾਨਕ, 7 ਸਤੰਬਰ (ਹੈਪੀ ਕੋਟਲੀ): ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਆਪਣੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡ ਜੀਉਜਲਾਹੀ ਤੇ ਸ਼ਾਲੇਚੱਕ ਵਿਖੇ ਪਹੁੰਚ ਕੇ ਖ਼ਰਾਬ ਹੋਈਆਂ ਫ਼ਸਲਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ ਅਤੇ ਹੋਰ ਆਗੂ ਵੀ ਮੌਜੂਦ ਸਨ।ਨੁਕਸਾਨੀਆਂ ਗਈਆਂ ਫ਼ਸਲਾਂ ਦਾ ਜਾਇਜ਼ਾ ਲੈਣ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਰਾਵੀ ਦਰਿਆ ਦੇ ਹੜ੍ਹ ਕਾਰਨ ਹਲਕਾ ਡੇਰਾ ਬਾਬਾ ਨਾਨਕ ਦੇ 159 ਪਿੰਡ ਪ੍ਰਭਾਵਿਤ ਹੋਏ ਹਨ ਤੇ ਇਨ੍ਹਾਂ ਪਿੰਡਾਂ ਵਿੱਚ ਫ਼ਸਲਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ।ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿੱਚ ਅਜੇ ਵੀ ਹੜ੍ਹ ਦਾ ਪਾਣੀ ਖੜ੍ਹਾ ਹੈ ਅਤੇ ਫ਼ਸਲਾਂ ਪਾਣੀ ਵਿੱਚ ਡੁੱਬੀਆਂ ਹੋਈਆਂ ਹਨ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਹਿਲਾਂ ਹੀ ਇਹ ਆਦੇਸ਼ ਦਿੱਤੇ ਜਾ ਚੁੱਕੇ ਹਨ, ਕਿ ਹੜ੍ਹਾਂ ਕਾਰਨ ਫ਼ਸਲਾਂ ਸਮੇਤ ਹੋਏ ਸਾਰੇ ਨੁਕਸਾਨ ਦਾ ਅਨੁਮਾਨ ਲਗਾਇਆ ਜਾਵੇ।ਉਨ੍ਹਾਂ ਕਿਹਾ ਕਿ ਪਾਣੀ ਘਟਣ ਤੋਂ ਬਾਅਦ ਫ਼ਸਲਾਂ ਦੇ ਨੁਕਸਾਨ ਦਾ ਪਤਾ ਲਗਾਉਣ ਲਈ ਵਿਸ਼ੇਸ਼ ਗਿਰਦਾਵਰੀ ਵੀ ਕਰਵਾਈ ਜਾਵੇਗੀ ਅਤੇ ਕਿਸਾਨਾਂ ਦੀ ਫ਼ਸਲ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰ ਸਰਕਾਰ ਕੋਲੋਂ ਵੀ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ, ਤੇ ਉਨ੍ਹਾਂ ਨੂੰ ਉਮੀਦ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਨਿਰਾਸ਼ ਨਹੀਂ ਕਰੇਗੀ।ਰੰਧਾਵਾ ਨੇ ਕਿਹਾ ਕਿ ਉਹ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ ਹਨ ਤੇ ਉਨ੍ਹਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ।

# ਬਲਬੀਰ ਸਿੰਘ ਪੰਨੂੰ ਵੱਲੋਂਹਲਕੇ ਦੇ ਯੂਥ ਕਲੱਬ ਪੰਜਾਬ ਦੇ ਆਪਣੇ ਸਾਥੀਆਂ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

### ☛ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਦਵਾਈਆਂ ਵੰਡੀਆਂ



ਫਤਹਿਗੜ੍ਹ ਚੂੜੀਆਂ, 7 ਸਤੰਬਰ (ਰਾਜਨ ਸ਼ਰਮਾ): ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਤੇ ਸਾਬਕਾ ਚੇਅਰਮੈਨ ਪਨਸਪ ਪੰਜਾਬ ਬਲਬੀਰ ਸਿੰਘ ਪਨੂੰ ਵੱਲੋਂ ਹਲਕੇ ਦੇ ਯੂਥ ਕਲੱਬ ਪੰਜਾਬ ਦੇ ਆਪਣੇ ਸਾਥੀਆਂ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਤੇ ਦਵਾਈਆਂ ਦੀ ਸੇਵਾ ਕੀਤੀ।ਇਸ ਮੌਕੇ ਗੱਲ ਕਰਦਿਆਂ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਹੈ ਅਤੇ ਰਾਹਤ ਕਾਰਜ ਉਸ ਸਮੇਂ ਤੱਕ ਜਾਰੀ ਰਹਿਣਗੇ ਜਦ ਤੱਕ ਹਾਲਾਤ ਪੂਰੀ ਤਰ੍ਹਾਂ ਸਧਾਰਨ ਨਹੀਂ ਹੋ ਜਾਂਦੇ।ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਵੇਲੇ ਵਿੱਚ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਉਹਖੜ੍ਹੇ ਹਨ ਅਤੇ ਹਰੇਕ ਸੰਭਵ ਸਹਾਇਤਾ ਜਾਰੀ ਰਹੇਗੀ।ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਦੀ ਅਗਵਾਈ ਵਿੱਚ ਸਮੁੱਚੀ ਆਮ ਆਦਮੀ ਪਾਰਟੀ ਦੀ ਟੀਮ, ਸਰਕਾਰੀ ਅਮਲਾ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਰਾਹਤ ਕਾਰਜਾਂ ਤੇ ਰਾਹਤ ਸਮੱਗਰੀ ਲੋੜਵੰਦ ਲੋਕਾਂ ਤੱਕ ਪਹੁੰਚਾਈ ਦਾ ਰਹੀ ਹੈ। ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਾਣੀ ਉਤਰ ਜਾਣ ਤੋਂ ਬਾਅਦ ਵੀ ਲੋੜ ਮੁਤਾਬਕ ਰਾਹਤ ਕਾਰਜ ਜਾਰੀ ਰਹਿਣਗੇ।ਉਨ੍ਹਾਂ ਦੱਸਿਆ ਕਿ ਪਸ਼ੂਆਂ ਦੇ ਚਾਰੇ ਸਮੇਤ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਸੇਵਾਵਾਂ ਪੁੱਜਦੀਆਂ ਕੀਤੀਆਂ ਗਈਆਂ ਹਨ ਤੇ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਹੜ੍ਹ ਪੀੜਤਾਂ ਵਾਸਤੇ ਆਈ ਰਾਹਤ ਸਮੱਗਰੀ ਕੀਤੀ ਤਕਸੀਮ



ਬਟਾਲਾ, 7 ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸੰਤ ਬਾਬਾ ਨਰਿੰਦਰ ਸਿੰਘ ਸੰਤ ਬਾਬਾ ਬਲਵਿੰਦਰ ਸਿੰਘ ਗੁਰਦੁਆਰਾ ਲੰਗਰ ਸਾਹਿਬ ਸ਼੍ਰੀ ਹਜ਼ੂਰ ਸਾਹਿਬ ਮਹਾਰਾਸ਼ਟਰ ਦੀ ਧਰਤੀ ਤੋਂ ਆਈ ਰਾਹਤ ਸਮੱਗਰੀ ਹੜ੍ਹ ਪੀੜਤ ਸੰਗਤਾਂ ਨੂੰ ਭੇਜੀ ਗਈ ਸੀ, ਜਿਵੇਂ ਕਿ ਸੁੱਕਾ ਰਾਸ਼ਨ, ਪਾਣੀ, ਤਰਪਾਲਾਂ, ਮੋਮਬੱਤੀਆਂ, ਮਾਚਸ, ਪਹਿਨਣ ਵਾਸਤੇ ਕੱਪੜੇ ਪਸ਼ੂਆਂ ਲਈ ਹਰਾ ਚਾਰਾ, ਚੌਕਰ ਫੀਡ ਸ਼ਾਮਿਲ ਸੀ। ਇਹ ਰਾਹਤ ਸਮੱਗਰੀ ਮਹਾਂਪੁਰਸ਼ਾਂ ਵੱਲੋਂ ਭੇਜੀ ਗਈ ਸੀ। ਉਹਨਾਂ ਦੀ ਵੰਡ ਜਥੇਦਾਰ ਬਾਬਾ ਹੁਸ਼ਿਆਰ ਸਿੰਘ ਭੁੱਲਰ, ਰੁਪਿੰਦਰ ਸਿੰਘ ਸ਼ਾਮਪੁਰਾ, ਗੁਰਪਿੰਦਰ ਸਿੰਘ ਸ਼ਾਹ ਜੀ ਭਾਗੋਵਾਲ, ਡਾਕਟਰ ਹਰਪ੍ਰੀਤ ਸਿੰਘ, ਸਿਕੰਦਰ ਸਿੰਘ ਬਾਲੇਵਾਲ ਸਾਬਕਾ ਸਰਪੰਚ, ਮਨਜੀਤ ਸਿੰਘ ਹੈਪੀ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਤੇ ਨੌਜਵਾਨਾਂ ਵੱਲੋਂ ਵੱਖ ਵੱਖ ਪਿੰਡਾਂ ਜਿਵੇਂ ਕਿ ਤਾਰੋਵਾਲੀ, ਹਵੇਲੀਆਂ, ਕੋਠੇ, ਘੁੰਮਣ, ਬਹਿਲੋਲਪੁਰ, ਧਰਮਕੋਟ ਰੰਧਾਵਾ, ਝੰਗੀ ਪਨਵਾ, ਚੰਦੂ ਨੰਗਲ, ਖਾਸਾਂਵਾਲੀ, ਸਾਧਾਂਵਾਲੀ, ਪੱਖੋਕੇ ਪਿੰਡਾਂ ਵਿੱਚ ਘਰ-ਘਰ ਜਾ ਕੇ ਵੰਡੀ ਗਈ। ਸੰਤ ਬਾਬਾ ਨਰਿੰਦਰ ਸਿੰਘ ਸੰਤ ਬਾਬਾ ਬਲਵਿੰਦਰ ਸਿੰਘ ਜੀ ਵੱਲੋਂ ਦੱਸਿਆ ਕਿ ਹੜ੍ਹ ਪੀੜਤ ਇਲਾਕਿਆਂ ਵਿੱਚ ਜਿਹੜੀ ਸੰਗਤ ਨੂੰ ਕੋਈ ਵੀ ਮੁਸ਼ਕਿਲ ਦਰਪੇਸ਼ ਆਉਂਦੀ ਹੈ ਉੱਥੇ ਸਾਡੀਆਂ ਟੀਮਾਂ ਤੁਰੰਤ ਪਹੁੰਚ ਰਹੀਆਂ ਹਨ। ਇਹ ਸੇਵਾ ਨਿਰੰਤਰ ਜਾਰੀ ਰਹੇਗੀ।ਇਸ ਸੇਵਾ ਵਿੱਚ ਜਥੇਦਾਰ ਬਾਬਾ ਹੁਸ਼ਿਆਰ ਸਿੰਘ ਭੁੱਲਰ, ਰੁਪਿੰਦਰ ਸਿੰਘ ਸ਼ਾਮਪੁਰਾ, ਗੁਰਪਿੰਦਰ ਸਿੰਘ ਸ਼ਾਹ ਭਾਗੋਵਾਲ, ਡਾ ਹਰਪ੍ਰੀਤ ਸਿੰਘ, ਸਿਕੰਦਰ ਸਿੰਘ ਬਾਲੇਵਾਲ ਸਾਬਕਾ ਸਰਪੰਚ, ਮਨਜੀਤ ਸਿੰਘ ਹੈਪੀ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੋਸਾਇਟੀ, ਮਿੱਤਰਮਾਨ ਸਿੰਘ ਭੁੱਲਰ, ਹਰਪਾਲ ਸਿੰਘ ਖਾਨਫ਼ਤਾ, ਮਨਬੀਰ ਸਿੰਘ ਚੇਅਰਮੈਨ ਆੜ੍ਹਤੀ ਯੂਨੀਅਨ ਬਟਾਲਾ ਆਦਿ ਸ਼ਾਮਲ ਸਨ।

# ਪਿੰਡ ਦਾਦੂਯੋਦ ਦੇ ਨੌਜਵਾਨ ਨਿਰੰਤਰ ਹੜ੍ਹ ਪੀੜਤਾਂ ਨੂੰ ਵੰਡ ਰਹੇ ਨੇ ਰਾਹਤ ਸਮੱਗਰੀ

### ☛ ਐਨ.ਆਰ.ਆਈ. ਵੀਰਾਂ ਵੱਲੋਂ ਦਾਦੂਯੋਦ ਦੇ ਨੌਜਵਾਨਾਂ ਨੂੰ ਦਿੱਤਾ ਜਾ ਰਿਹੈ ਸਹਿਯੋਗ



ਫਤਹਿਗੜ੍ਹ ਚੂੜੀਆਂ, 7 ਸਤੰਬਰ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕੀ ਪਿੰਡ ਦਾਦੂਯੋਦ ਦੇ ਵਾਸੀਆਂ ਵੱਲੋਂ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਡੇਰਾ ਬਾਬਾ ਨਾਨਕ ਤੇ ਅਜਨਾਲਾ ਦੇ ਵੱਖ-ਵੱਖ ਪਿੰਡਾਂ 'ਚ ਜਾ ਕੇ ਹੜ੍ਹ ਪੀੜਤਾਂ ਨੂੰ ਨਿਰੰਤਰ 7 ਦਿਨਾਂ ਤੋਂ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ । ਇਹ ਸੇਵਾ ਭਵਿੱਖ ਵਿੱਚ ਵੀ ਜਾਰੀ ਰਹੇਗੀ।ਇਸ ਕਾਰਜ ਵਿੱਚ ਸੇਵਾ ਨਿਭਾਉਣ ਵਾਲਿਆਂ 'ਚ ਵਰਿੰਦਰ ਸਿੰਘ ਪੰਚ, ਗੁਰਪ੍ਰੀਤ ਸਿੰਘ ਪੰਚ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਹਰਸਿਮਰਨ ਸਿੰਘ, ਸੁਖਦੀਪ ਸਿੰਘ, ਗੋਪੀ ਘਾੜਕੀਆਂ, ਤਾਜਬੀਰ ਸਿੰਘ, ਹਰਜੀਤ ਸਿੰਘ, ਜੱਗਪ੍ਰੀਤ ਸਿੰਘ, ਗੁਰਜੀਤ ਸਿੰਘ, ਓਕਾਂਰ ਸਿੰਘ, ਗੁਰਦਿਆਲ ਸਿੰਘ, ਅਰਸ਼ਦੀਪ ਸਿੰਘ ਮੰਜਿਆਂਵਾਲੀ, ਸੁਰਜੀਤ ਸਿੰਘ, ਬੱਬੀ ਮਸੀਹ ਆਦਿ ਸ਼ਾਮਲ ਹਨ।

# ਪੰਜਾਬ ਸਰਕਾਰ ਵੱਲੋਂ ਲਗਾਤਾਰ ਰਾਹਤ ਕਾਰਜਾਂ ਦੀ ਕੀਤੀ ਜਾ ਰਹੀ ਹੈ ਸਮੀਖਿਆ



ਬਟਾਲਾ, 7ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਹਰੇਕ ਲੋੜਵੰਦ ਪਰਿਵਾਰ ਤੱਕ ਰਾਹਤ ਸਮੱਗਰੀ ਪਹੁੰਚਾ ਰਹੀ ਹੈ ਅਤੇ ਲਗਾਤਾਰ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ।ਅੱਜ ਇੱਥੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਵਿਧਾਇਕ ਸ਼ੈਰੀ ਕਲਸੀ ਨੇ ਆਖਿਆ, ਕਿ ਇਹ ਇੱਕ ਕੁਦਰਤੀ ਕਰੋਪੀ ਹੈ, ਲੇਕਿਨ ਇਸ ਔਖੇ ਸਮੇਂ ਵਿੱਚ ਸਰਕਾਰ ਆਪਣੇ ਲੋਕਾਂ ਦਾ ਡੱਟ ਕੇ ਸਾਥ ਦੇ ਰਹੀ ਹੈ।ਉਹਨਾਂ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪ੍ਰਸ਼ਾਸਨ ਦੀਆਂ ਸਾਰੀਆਂ ਟੀਮਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਪ੍ਰਭਾਵਿਤ ਇਲਾਕਿਆਂ ਵਿੱਚੋਂ ਲੋਕਾਂ ਲਈ ਰਾਹਤ ਕਾਰਜ ਤੇ ਰਾਹਤ ਸਮੱਗਰੀ ਦੇਣ ਵਿੱਚ ਲਗਾਤਾਰਤਾ ਬਣਾ ਕੇ ਰੱਖੀ ਜਾਵੇ।ਉਨ੍ਹਾਂ ਨੇ ਕਿਹਾ ਕਿ ਪੀੜਿਤ ਪਰਿਵਾਰਾਂ ਤੱਕ ਰਾਸ਼ਨ ਤੇ ਉਨ੍ਹਾਂ ਦੇ ਜਾਨਵਰਾਂ ਲਈ ਕੈਟਲ ਫੀਡ ਕਿਸ਼ਤੀਆਂ ਰਾਹੀਂ ਵੀ ਅੰਦਰਲੇ ਪਿੰਡਾਂ ਤੱਕ ਭੇਜੀ ਜਾ ਰਹੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਰਾਹਤ ਕੈਂਪ ਕਾਰਜਸ਼ੀਲ ਹਨ।ਉਨ੍ਹਾਂ ਨੇ ਕਿਹਾ ਕਿ ਰਾਹਤ ਕੈਂਪਾਂ ਵਿੱਚ ਆਏ ਸਾਰੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਸਾਰੀਆਂ ਬੁਨਿਆਦੀ ਜ਼ਰੂਰਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।.......

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਸਰਕਲ ਹਰਚੋਵਾਲ ਵੱਲੋਂ ਹੜ੍ਹ ਪੀੜਤ ਪ੍ਰਭਾਵਿਤ ਇਲਾਕਿਆਂ 'ਚ ਲਗਾਇਆ ਜਾਵੇਗਾ ਫ੍ਰੀ ਮੈਡੀਕਲ ਕੈਂਪ



ਬਟਾਲਾ/ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 7 ਸਤੰਬਰ (ਜਗੀਰ ਸਿੰਘ ਮੰਡ/ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਮੈਡੀਕਲ ਪ੍ਰੈਕਟੀਸ਼ਨਰਜ਼ ਅਸ਼ੋਸੀਏਸ਼ਨ ਸਰਕਲ ਹਰਚੋਵਾਲ ਗੁਰਦੁਆਰਾ ਸ੍ਰੀ ਘੱਲੂਘਾਰਾ ਸਾਹਿਬ ਵਿਖੇ ਸਰਕਲ ਪ੍ਰਧਾਨ ਡਾ ਗੁਰਨੇਕ ਸਿੰਘ ਦੀ ਪ੍ਰਧਾਨਗੀ ਅਧੀਨ ਜਨਰਲ ਸਕੱਤਰ ਡਾ. ਸਤਨਾਮ ਸਿੰਘ ਕੰਡੀਲਾ ਦੀ ਯੋਗ ਅਗਵਾਈ ਵਿੱਚ ਹੰਗਾਮੀ ਤੇ ਭਰਵੀਂ ਮੀਟਿੰਗ ਕੀਤੀ ਗਈ।ਜਿਸ ਵਿੱਚ ਇਕੱਤਰ ਹੋਏ ਜਥੇਬੰਧਕ ਡਾਕਟਰ ਵੀਰਾਂ ਵਿੱਚੋਂ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਕਿਲ੍ਹਾ ਲਾਲ ਸਿੰਘ, ਜ਼ਿਲ੍ਹਾ ਪ੍ਰਧਾਨ ਡਾ ਪਿਆਰਾ ਸਿੰਘ ਹੰਭੋਵਾਲ, ਜ਼ਿਲ੍ਹਾ ਜਨਰਲ ਸਕੱਤਰ ਡਾ ਭੁਪਿੰਦਰ ਸਿੰਘ ਗਿੱਲ, ਡਾ ਸਰਕਲ ਪ੍ਰਧਾਨ ਡਾ ਗੁਰਨੇਕ ਸਿੰਘ ਹਰਚੋਵਾਲ, ਜਨਰਲ ਸਕੱਤਰ ਡਾ ਸਤਨਾਮ ਸਿੰਘ ਕੰਡੀਲਾ ਵੱਲੋਂ ਇੱਕ ਸਾਂਝੇ ਬਿਆਨ ਵਿੱਚ ਪੰਜਾਬ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ ਪ੍ਰਤੀ ਜਥੇਬੰਦੀ ਵੱਲੋਂ ਫਰੀ ਮੈਡੀਕਲ ਕੈਂਪ ਲਗਾ ਕੇ ਮੁਸ਼ਕਲ ਘੜੀ ਵਿੱਚ ਲੋਕਾਂ ਦੀ ਸੇਵਾ ਕਰਨ ਦਾ ਫੈਸਲਾ ਲਿਆ ਗਿਆ। ਵੱਖ-ਵੱਖ ਡਾਕਟਰ ਸਾਥੀਆਂ ਵੱਲੋਂ ਛੋਟੇ ਛੋਟੇ ਗਰੁੱਪ ਬਣਾ ਕੇ ਵੱਖ ਵੱਖ ਪਿੰਡਾਂ ਵਿੱਚ ਲੰਮੇ ਸਮੇਂ ਤੱਕ ਸੇਵਾ ਨਿਭਾਉਣ ਪ੍ਰਤੀ ਨਿਰਣੇ ਲਏ ਗਏ ਤੇ ਵੱਖ ਵੱਖ ਮੁੱਦੇ ਜਿਵੇਂ ਕਿ ਜ਼ਮੀਨਾਂ ਪੱਧਰੀਆਂ ਕਰਾਉਣੀਆਂ, ਰਾਹਤ ਸਮੱਗਰੀ ਇਕੱਠੀ ਕਰਨੀ, ਪਸ਼ੂਆਂ ਦੇ ਚਾਰੇ ਸਬੰਧੀ ਤੇ ਹੋਰ ਵੀ ਕਈ ਰਾਹਤ ਕਾਰਜਾਂ ਪ੍ਰਤੀ ਪ੍ਰੋਟੋਕੋਲ ਤਿਆਰ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਦੇ ਨਾਲ ਹੀ ਇਸ ਹੜ੍ਹ ਵਿੱਚ ਖਤਮ ਹੋਈਆਂ ਜ਼ਿੰਦਗੀਆਂ ਅਤੇ ਪ੍ਰਭਾਵਿਤ ਹੋਏ ਜਨ ਜੀਵਨ ਦੇ ਭਲੇ ਦੀ ਅਰਦਾਸ ਕੀਤੀ ਗਈ।ਡਾ ਬੂਟਾ ਸਿੰਘ ਭਾਗੀਨੰਗਲ ਵੱਲੋਂ ਮੂਲਮੰਤਰ ਗੁਰਮੰਤਰ ਤੇ ਵਾਹਿਗੁਰੂ ਦਾ ਜਾਪ ਕਰਵਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਸਮੇਂ ਪਹੁੰਚੇ ਡਾਕਟਰ ਵੀਰ ਸੀਨੀਅਰ ਮੀਤ ਪ੍ਰਧਾਨ ਡਾ ਦਿਲਬਾਗ ਸਿੰਘ ਪੰਨੂ, ਕੈਸ਼ੀਅਰ ਡਾ ਰਸ਼ਪਾਲ ਸਿੰਘ ਵਰਿਆਂ, ਮੀਤ ਪ੍ਰਧਾਨ ਡਾ ਗੁਰਮੇਜ ਸਿੰਘ ਤਲਵਾੜਾ, ਮੁੱਖ ਸਲਾਹਕਾਰ ਡਾ ਬਲਦੇਵ ਸਿੰਘ ਮਠੋਲਾ, ਪ੍ਰੈੱਸ ਸਕੱਤਰ ਡਾ ਸਰਬਜੀਤ ਸਿੰਘ ਭਿੰਡਰ, ਜੋਆਇੰਟ ਸਕੱਤਰ ਡਾ ਸੁਖਚੈਨ ਸਿੰਘ ਪੱਡਾ, ਸਹਾਇਕ ਕੈਸ਼ੀਅਰ ਡਾ ਭੁਪਿੰਦਰ ਸਿੰਘ ਬਸਰਾਵਾਂ, ਸਹਾਇਕ ਸਲਾਹਕਾਰ ਡਾ ਸਤਨਾਮ ਸਿੰਘ ਮੁੱਲਾਂਵਾਲ ਤੇ ਹੋਰ ਵੀ ਡਾਕਟਰ ਹਾਜ਼ਰ ਸਨ।

# ਵਿਧਾਇਕ ਅਮਰਪਾਲ ਸਿੰਘ ਨੇ ਪਿੰਡ ਬੁੱਲਪੁਰ, ਬਹਾਦਰਪੁਰ ਰਜੋਆ ਤੇ ਸੰਤੋਸ਼ ਨਗਰ ਵਿਖੇ ਹੜ੍ਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਉਧਨਵਾਲ, 7 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਸੁਖਅੰਮ੍ਰਿਤ ਸਿੰਘ ਘੁਮਾਣ): ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਪਿੰਡ ਬੁੱਲਪੁਰ, ਬਹਾਦਰਪੁਰ ਰਜੋਆ ਤੇ ਸੰਤੋਸ਼ ਨਗਰ ਵਿਖੇ ਹੜ੍ਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ।ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਹੜ੍ਹਾਂ ਦੇ ਇਸ ਸੰਕਟ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਦੇ ਨਾਲ ਹੈ ਤੇ ਇਸ ਸੰਕਟ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਸਾਰੀ ਮਸ਼ੀਨਰੀ ਆਪਣੀ ਪੂਰੀ ਸਮਰੱਥਾ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮੁੱਚੀ ਟੀਮ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਜਿੱਥੇ ਜ਼ਮੀਨੀ ਪੱਧਰ 'ਤੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ, ਓਥੇ ਰਾਹਤ ਤੇ ਬਚਾਅ ਕਾਰਜਾਂ ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸਮੂਹ ਵਲੰਟੀਅਰ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ 'ਚ ਦਿਨ-ਰਾਤ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਲਈ ਪੰਜਾਬ ਸਰਕਾਰ ਉਨ੍ਹਾਂ ਦੀ ਧੰਨਵਾਦੀ ਹੈ।ਇਸ ਮੌਕੇ ਸੰਗਠਨ ਇੰਚਾਰਜ ਤੇ ਯੋਜਨਾ ਦੇ ਮੈਂਬਰ ਗੁਰਪ੍ਰੀਤ ਸਿੰਘ ਸੋਢੀ, ਪੀਏ ਸੁਖਦੇਵ ਸਿੰਘ ਰੋਮੀ, ਪੀਏ ਰਾਜੂ ਭਿੰਡਰ, ਸੀਨੀਅਰ ਆਗੂ ਬਾਬਾ ਸੋਨੂੰ, ਸਰਪੰਚ ਨਿਸ਼ਾਨ ਸਿੰਘ ਮੱਲ੍ਹੀ, ਸਰਪੰਚ ਬਲਜੀਤ ਸਿੰਘ ਪੇਜੋਚੱਕ, ਸਰਪੰਚ ਨਿਸ਼ਾਨ ਸਿੰਘ ਪਾਰਸ, ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ, ਜ਼ਿਲ੍ਹਾ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ, ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ, ਸੋਸ਼ਲ ਮੀਡੀਆ ਇੰਚਾਰਜ ਸੁਖਦੇਵ ਸਿੰਘ ਸੱਖੋਵਾਲ, ਬਲਾਕ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਸੋਸ਼ਲ ਮੀਡੀਆ ਇੰਚਾਰਜ ਸੂਬੇਦਾਰ ਨਰਿੰਦਰ ਸਿੰਘ ਨੰਗਲ ਹਾਜ਼ਰ ਸਨ।

# ਗੈਰ-ਕਾਨੂੰਨੀ ਮਾਈਨਿੰਗ ਤੇ ਜੰਗਲ ਦੇ ਉਜਾੜੇ ਕਾਰਨ ਬਰਸਾਤ ਦੌਰਾਨ ਤੇਜ਼ ਰਫ਼ਤਾਰ ਨਾਲ ਆਏ ਪਾਣੀ ਨੇ ਪਿੰਡਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ: ਨਿਮਿਸ਼ਾ ਮਹਿਤਾ



ਗੜ੍ਹਸ਼ੰਕਰ, 7 ਸਤੰਬਰ (ਅਜਮੇਰ ਸਿੰਘ ਭਨੋਟ): ਹਲਕਾ ਗੜ੍ਹਸ਼ੰਕਰ ਦੇ ਵਿੱਚ ਵੱਡੇ ਪੱਧਰ 'ਤੇ ਹੋਈ ਗੈਰ ਕਾਨੂੰਨੀ ਮਾਈਨਿੰਗ ਤੇ ਜੰਗਲ ਦੇ ਉਜਾੜੇ ਕਾਰਨ ਬਰਸਾਤ ਦੌਰਾਨ ਤੇਜ਼ ਰਫ਼ਤਾਰ ਨਾਲ ਆਏ ਪਾਣੀ ਨੇ ਪਿੰਡਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਨਿਮਿਸ਼ਾ ਮਹਿਤਾ ਹਲਕਾ ਇੰਚਾਰਜ ਬੀਜੇਪੀ ਨੇ ਪਿੰਡ ਕੁਨੈਲ ਵਿਖੇ ਕੀਤਾ। ਇਸ ਮੌਕੇ ਨਿਮਿਸ਼ਾ ਮਹਿਤਾ ਨੇ ਪਿੰਡ ਕੁਨੈਲ ਵਿਚ ਨੁਕਸਾਨੀ ਸੜਕ ਦਾ ਜਾਇਜ਼ਾ ਲੈਂਦੇ ਕਿਹਾ ਕਿ ਜੇਕਰ ਇਸ ਸੜਕ ਨੂੰ ਪਾਣੀ ਦੀ ਨਿਕਾਸੀ ਨੂੰ ਮੁੱਖ ਰੱਖਕੇ ਬਣਾਈ ਹੁੰਦੀ ਤਾਂ ਇਹ ਸੜਕ ਬਰਬਾਦ ਹੋਣ ਤੋਂ ਬਚ ਸਕਦੀ ਸੀ, ਪ੍ਰੰਤੂ ਅਫਸਰਾਂ ਦੀ ਗਲਤ ਇੰਜੀਨੀਅਰਿੰਗ ਕਾਰਨ ਅੱਜ ਸੜਕ ਬੁਰੀ ਤਰ੍ਹਾਂ ਬਰਬਾਦ ਹੋ ਗਈ ਹੈ।ਨਿਮਿਸ਼ਾ ਮਹਿਤਾ ਨੇ ਕਿਹਾ ਕਿ ਭਾਰਤ ਸਰਕਾਰ ਨੇ ਪੰਜਾਬ ਨੂੰ ਸੜਕਾਂ ਲਈ ਪੈਸਾ ਭੇਜਿਆ ਤੇ ਉਸੇ ਤਹਿਤ ਸਦਰਪੁਰ ਕੁਨੈਲ 18 ਫੁੱਟੀ ਰੋਡ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਬਣੀ ਸੀ, ਪਰ ਆਪਣੀ ਗਲਤ ਕਾਰਗੁਜ਼ਾਰੀ ਨਾਲ ਪ੍ਰਸ਼ਾਸਨ ਤੇ ਸਰਕਾਰ ਇਹ ਪੈਸਾ ਬਰਬਾਦ ਕਰਕੇ ਦੱਸ ਰਹੀ ਹੈ।ਉਨ੍ਹਾਂ ਸਰਕਾਰ ਨੂੰ ਇਲਾਕੇ ਦੇ ਵਿੱਚ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

# ਸੰਕਟ ਦੀ ਘੜੀ 'ਚ ਸਰਕਾਰ ਆਪਣੇ ਲੋਕਾਂ ਨਾਲ ਖੜ੍ਹੀ: ਭੱਟੀ

ਧਾਰੀਵਾਲ, 7 ਸਤੰਬਰ(ਅਸ਼ੋਕ ਕੁਮਾਰ): ਸਾਬਾ ਭੱਟੀ 'ਆਪ' ਦੇ ਜ਼ਿਲ੍ਹਾ ਜਨਰਲ ਸਕੱਤਰ ਘੱਟ ਗਿਣਤੀ ਵਿੰਗ ਨੇ ਅੱਜ ਹਲਕਾ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਹੜ੍ਹ ਕਾਰਨ ਇਨ੍ਹਾਂ ਪਿੰਡਾਂ ਵਿੱਚ ਲੋਕਾਂ ਨੂੰ ਰਾਹਤ ਸਮਗਰੀ ਪਹੁੰਚਾਈ ਤੇ ਹੋਰ ਜ਼ਰੂਰੀ ਸਮਾਨ ਲੋੜ ਅਨੁਸਾਰ ਲੋਕਾਂ ਨੂੰ ਵੰਡਿਆ ਗਿਆ। ਇਸ ਮੌਕੇ ਸਾਬਾ ਭੱਟੀ ਨੇ ਕਿਹਾ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਹੋਏ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਹ ਭਰੋਸਾ ਦਿੱਤਾ ਗਿਆ ਹੈ ਕਿ ਸੂਬਾ ਸਰਕਾਰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰੇਗੀ ਤੇ ਉਨ੍ਹਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਤੱਕ ਪਹੁੰਚ ਕਰਕੇ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ, ਚਾਰਾਜੋਈ ਕਰਨਗੇ।

# ਭਿਖਾਰੀ ਹਾਰਨੀ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ



ਕਾਹਨੂੰਵਾਨ, 7 ਸੰਤਬਰ (ਕੁਲਜੀਤ ਸਿੰਘ ਖੋਖਰ): ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਿਖਾਰੀ ਹਾਰਨੀ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਮੱਦਦ ਲਈ ਇਕ ਵੱਡਾ ਕਦਮ ਚੁੱਕਿਆ ਗਿਆ ਹੈ।ਪਿੰਡ ਦੇ ਨੌਜਵਾਨਾਂ, ਵੱਡੇ ਬਜ਼ੁਰਗਾਂ ਤੇ ਸਮਾਜ ਸੇਵੀਆਂ ਨੇ ਮਿਲ ਕੇ ਹੜ੍ਹ ਪੀੜਤ ਪਰਿਵਾਰਾਂ ਲਈ ਰਾਹਤ ਸਮਗਰੀ ਇਕੱਠੀ ਕੀਤੀ ਹੈ। ਇਸ ਵਿੱਚ ਖਾਣ-ਪੀਣ ਦਾ ਸਮਾਨ, ਕੱਪੜੇ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਹਨ।ਇਹ ਸਾਰੀ ਰਾਹਤ ਸਮਗਰੀ ਹੜ੍ਹ ਪੀੜਤ ਇਲਾਕਿਆਂ ਵਿੱਚ ਤੁਰੰਤ ਭੇਜੀ ਜਾਵੇਗੀ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸੰਕਟ ਦੀ ਘੜੀ ਵਿੱਚ ਕੁੱਝ ਸਹਾਰਾ ਮਿਲ ਸਕੇ।ਪਿੰਡ ਭਿਖਾਰੀ ਹਾਰਨੀ ਦੇ ਵਸਨੀਕਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿੱਚ ਅੱਗੇ ਆ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ।ਪਿੰਡ ਭਿਖਾਰੀ ਹਾਰਨੀ ਵੱਲੋਂ ਦਿੱਤਾ ਇਹ ਯੋਗਦਾਨ ਮਨੁੱਖਤਾ ਦੀ ਮਿਸਾਲ ਹੈ ਅਤੇ ਇਸ ਨਾਲ ਹੋਰ ਪਿੰਡਾਂ ਅਤੇ ਸ਼ਹਿਰਾਂ ਨੂੰ ਵੀ ਪ੍ਰੇਰਣਾ ਮਿਲੇਗੀ ਕਿ ਉਹ ਵੀ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਉਣ। ਅਸੀਂ ਸਾਰੇ ਮਿਲ ਕੇ ਇਸ ਸੰਕਟ ਤੋਂ ਪਾਰ ਪਾ ਲਵਾਂਗੇ।ਇਸ ਮੌਕੇ ਦਮਨਦੀਪ ਸਿੰਘ ਰੋਨੀ, ਗੁਰਪਾਲ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਰਿੱਕੀ ਗੋਰਾਇਆ, ਮਲਕੀਤ ਸਿੰਘ, ਜਗਰੂਪ ਸਿੰਘ, ਸ਼ਮਸ਼ੇਰ ਸਿੰਘ, ਹਰਪਾਲ ਸਿੰਘ, ਡਾ.ਹਰਦੀਪ ਸਿੰਘ, ਬੰਟੀ ਹਾਰਨੀਆਂ ਮੌਜੂਦ ਸਨ।

# ਭਾਰਤੀ ਫ਼ੌਜ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰ ਇਸਲਾਮਪੁਰ (ਦੋਰਾਂਗਲਾ) ਵਿਖੇ ਮੈਡੀਕਲ ਕੈਂਪ ਲਗਾਇਆ



ਦੋਰਾਂਗਲਾ/ਗੁਰਦਾਸਪੁਰ, 7 ਸਤੰਬਰ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਭਾਰਤੀ ਫ਼ੌਜ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰ ਇਸਲਾਮਪੁਰ (ਦੋਰਾਂਗਲਾ) ਦੇ ਡਿਵਾਈਨ ਲਾਈਟ ਮਾਡਰਨ ਸਕੂਲ ਵਿਖੇ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।ਇਸ ਕੈਂਪ ਦਾ ਮਕਸਦ ਹੜ੍ਹ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਤੁਰੰਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਸੀ।ਇਸ ਮੈਡੀਕਲ ਕੈਂਪ ਵਿੱਚ ਫ਼ੌਜ ਦੇ ਡਾਕਟਰਾਂ ਤੇ ਪੈਰਾਮੈਡੀਕਲ ਸਟਾਫ਼ ਨੇ ਬੱਚਿਆਂ, ਬਜ਼ੁਰਗਾਂ ਤੇ ਹੋਰ ਪ੍ਰਭਾਵਿਤ ਲੋਕਾਂ ਦੀ ਸਿਹਤ ਦੀ ਜਾਂਚ ਕੀਤੀ ਅਤੇ ਮੁਫ਼ਤ ਦਵਾਈਆਂ ਵੰਡੀਆਂ।ਇਸ ਕੈਂਪ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਇਹ ਸਹੂਲਤਾਂ ਪਹੁੰਚ ਸਕਣ।ਇਸ ਮੈਡੀਕਲ ਕੈਂਪ ਵਿੱਚ 16 ਮਾਹਿਰ ਡਾਕਟਰਾਂ ਜਿਨ੍ਹਾਂ ਵਿੱਚ 5 ਸਪੈਸ਼ਲਿਸਟ ਡਾਕਟਰ ਸੀ.ਐੱਮ.ਸੀ. ਲੁਧਿਆਣਾ ਦੇ ਸਨ ਵੱਲੋਂ 219 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ ਗਈਆਂ।ਕੈਂਪ ਦੌਰਾਨ ਔਰਤਾਂ ਤੇ ਬੱਚਿਆਂ ਦੀਆਂ ਬਿਮਾਰੀਆਂ ਦੇ ਇਲਾਜ ਉੱਪਰ ਵਿਸ਼ੇਸ਼ ਧਿਆਨ ਦਿੱਤਾ ਗਿਆ।ਇਸ ਤੋਂ ਇਲਾਵਾ ਫੌਜ ਦੀਆਂ ਮੈਡੀਕਲ ਟੀਮਾਂ ਕਿਸ਼ਤੀਆਂ ਵਿੱਚ ਸਵਾਰ ਹੋ ਹੜ੍ਹ ਦੇ ਪਾਣੀ ਵਿੱਚ ਘਿਰੇ ਘਰਾਂ ਤੱਕ ਵੀ ਗਏ ਤੇ ਓਥੇ ਵੀ ਲੋੜਵੰਦਾਂ ਨੂੰ ਮੈਡੀਕਲ ਸਹਾਇਤਾ ਦਿੱਤੀ।ਭਾਰਤੀ ਫ਼ੌਜ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਹਾ ਗਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜਾਂ ਦੇ ਨਾਲ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਹ ਯਤਨ ਲਗਾਤਾਰ ਜਾਰੀ ਰਹਿਣਗੇ।

## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In The Court of Ms. Mamta Kakkar Additional Civil Judge (Senior Division), Fatehgarh Sahib**
CNR No. PBFG02-000378-2025
Next Date : 25-09-2025
Palwinder Kaur
Versus
General Public
Notice to: General Public:- Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?trs=district_notice&district=fatehgarh Sahib
Dated, this day of 28-08-2025
**Sd/- Additional Civil Judge (Senior Division), Fatehgarh Sahib**

(U/o 5 Rule 20 CPC)
**In the Court of Ms. Roopa Dhaliwal Additional Civil Judge Senior Division, Muktsar**
CNR No. PBSM02-001365-2024
Next Date : 25-09-2025
Sukhbans Kaur
Versus
Amarjit Singh
Notice to: Amarjit Singh Son of Aaya Singh(L R of Deceased/Defendant No. 2 AAya Singh) S/o Niranjan Singh R/o House NO. 1840 Near House of Goga Singh D M W Aman Nagar Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 26-08-2025
**Sd/- Additional Civil Judge Senior Division, Muktsar**

(U/o 5 Rule 20 CPC)
**In the Court of Sh. Mohinder Partap Singh Libra Civil Judge (Junior Division), Malout**
CNR No. PBSMB0-000235-2022
Next Date : 25-09-2025
CS/138/2020
Union Bank of India
Versus
Inder Singh
Suit for Possession by the way of Specific Performance
Notice to: 1A Kulwinder Kaur widow of Inder Singh 1B- Dharampreet Singh Son of Inder Singh 1C- Amritpal Singh Son inder Singh All legal Heirs of Inder Singh Son of Lakha Singh Son of Gopal Singh R/o Village Sounke Tehsil Malout District Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 27-08-2025
**Sd/- Civil Judge (Junior Division), Malout**

(U/o 5 Rule 20 CPC)
(Succession Case)
**In the Court of Sh. Rajinder Singh-I Additional Civil Judge (Senior Division), Samrala**
CNR No. PBLDC0-000598-2024
Next Date : 25-09-2025
Maninder pal Singh Mankoo Son of Ajinder Pal Mankoo R/o Village Kalal, Majra, Tehsil Samrala, District Ludhiana Now Residing at 60 Elysian Field Cir, Brampton, Province Ontario L6Y 6E8, Canada Through His Special Power of Attorney Lal Singh S/o Dhian Singh R/o L-7, Guru Harkrishan Nagar, Malerkotla Road, Khanna, Tehsil Khanna, District Ludhiana.
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated this day of 28-08-2025
**Sd/- Additional Civil Judge (Senior Division), Samrala**

(U/o 5 Rule 20 CPC)
**In the Court of Ms. Harpreet Kaur Additional Principal Judge Family Court, Ludhiana**
CNR No. PBLD01-025074-2023
Next Date : 25-09-2025
Gurpreet Kaur
Versus
Charanjit Singh
Notice to: Charanjit Singh S/o Gurcharanjit Singh R/o H.No. 12887, Street no. 3, Ward No. 8, Geeta A Nagar, Tajpur road, Ludhiana. Mobile No. 93610-21796, 99150-88451, 70092-24188
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 27-08-2025
**Sd/- Additional Principal Judge Family Court, Ludhiana**

(U/o 5 Rule 20 CPC)
(Succession Case)
**In the Court of Sh. Ravipal Singh Additional Civil Judge (Senior Division), Batala**
CNR No. PBGDA0-002087-2024
Next Date : 25-09-2025
Succ/13/2024
Poonam
Versus
General Public
Notice to: General Public
In above titled case the accused could not be served. It is ordered that accused should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 05-09-2025
**Sd/- Additional Civil Judge (Senior Division), Batala**

(U/o 5 Rule 20 CPC)
**In the Court of Sh. Manpreet Sohi Civil Judge (Junior Division), Dasuya**
CNR No. PBHOA0-000032-2025
Next Date : 25-09-2025
CS/21/2025
Parminder Singh S/o Paramjit Singh R/o Village Tehrkiana Tehsil Dasuya Distt. Hoshiarpur
.......Plaintiff
Versus
Puran Singh S/o Kashi R/o Village Terkiana Tehsil Dasuya Distt. Hoshiarpur and others.
.....Defendants
Suit for Possession
Notice to: 3 Aatma Singh S/o Lal Singh 5 Sham Singh S/o Kundan Singh 6 Santosh Kumari Wd/o Sukhdev Singh 8 Karnail Singh S/o Parkash Singh 9 Baljinder Kaur D/o Prakash Singh and Charan Kaur 10 Harjinder Kaur W/o Aatam Singh S/o Lal Singh R/o Village Terkiana Tehsil Dasuya Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 04-09-2025
**Sd/- Civil Judge (Junior Division), Dasuya**

(U/o 5 Rule 20 CPC)
**In The Court of Sh. Manpreet Sohi Civil Judge (Junior Division), Dasuya**
CNR No. PBHOA0-000214-2021
Next Date : 25-09-2025
Gurmit Kaur W/o Bhupinder Singh S/o Simar Kaur W/o Balkar Singh R/o Vill. Nathupur Tehsil Dasuya Distt. Hoshiarpur.
.........Plaintiff
Versus
Amarjit Singh S/o Mann Singh S.O Budh Singh R/o Village Gurala PO Jalalpur Tehsil, Dasuya Distt. Hoshiarpur and others.
.......Defendants
Suit for Confirmation of Joint Possession
Notice to: 5(a) Surinder Singh S/o Daljit Singh R/o France Country 5(b) Sukhwinder Singh S/o Daljit Singh R/o France Country 5(c) Jaswant Kaur D/o Daljit Singh R/o Makjowal Tehsil Dasuya distt. Hoshiarpur. 5(d) Kashmir Kaur D/o Daljit Singh R/o Tanda Urmur, Urmur Bazar Lahoriya Bazar, Tehsil Dasuya Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-09-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 02-09-2025
**Sd/- Civil Judge (Junior Division), Dasuya**

(U/o 5 Rule 20 CPC)
**In the Court of Sh. Hem Amrit Mahi Civil Judge (Senior Division), Gurdaspur**
CNR No. PBGD02-001914-2025
Next Date:- 25-09-2025
SUCC-23-2025
Babita
Versus
General Public
Notice to: General Public:- General Public
In above titled case the defendant(S)/respondent(s) could not be served. It is ordered that defendant(S)/respondent(s) should appear in person or through counsel on 25.09.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 02-09-2025
**Sd/- Civil Judge (Senior Division), Gurdaspur**

(U/o 5 Rule 20 CPC)
**In the Court of Ms. Arzoo Gill Civil Judge Junior Division-6, Abohar**
CNR No. PBFZE0-001661-2023
Next Date: 25.09.2025
Punjab National Bank at Kundal Tehsil Abohar District Fazilka Through Sh. Jatindra Kumar.
Versus
Joginder Kaur Widow of Tarlok Singh S/o Sohan Singh Resident of Village Ratta Tibba Tehsil Malout District Sri Muktsar Sahib.
Notice to: Joginder Kaur:- Widow of Tarlok Singh S/o Sohan Singh R/o Village Ratta Tibba Tehsil Malout District Sri Muktsar Sahib
In above titled case the defendant(s)respondent(s) could not be served. It is ordered that the defendant(s)respondent(s) should appear in person or through counsel on 25.09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-09-2025
**Sd/- Civil Judge Junior Division-6, Abohar**

**In the Court of Ms. Preeti Sukhija Additional District and Sessions Judge, Ludhiana**
CNR No. PBLD01-005142-2024
Next Date: 25.09.2025
Jagdish Chander
Versus
N. Rajappan
Notice to: N. Rajappan:- Proprietor of Ms SMS Engineering and Exports, HIG Flats, 615, Punjab Housing Board Colony, Jamalpur, Ludhiana
In above titled case the accused could not be served. It is ordered that accused should appear in person or through counsel on 25.09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-09-2025
**Sd/- Additional District and Sessions Judge, Ludhiana**

(U/o 5 Rule 20 CPC)
**In the Court of Ms. Ekta Sedha Civil Judge Junior Division-2, Samana, Samana**
CNR No. PBPTC0-000692-2022
Next Date: 26.09.2025
Roshan Lal
Versus
Darshan Singh
Notice to: ASI Jaswinder Singh 1594 Posted at that Time at PS Shutrana Teh Patran Distt. Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.09.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 29-08-2025
**Sd/- Civil Judge Junior Division-2, Samana, Samana**

(U/o 5 Rule 20 CPC)
**In the Court of Sh. Randhir Verma Additional District and Sessions Judge, Sangrur**
CNR No. PBSG01-008279-2022
Next Date: 26.09.2025
CA/127/2022
Kamaljit Singh
Versus
Puran Chand
Notice to: 6. Kamlesh Garg W/o Rajinder Kumar, R/o Bathinda 8. Tek Chand S/o Asa Ram, R/o Bathinda 10 Patiala 11. Som Nath S/o Des Raj, R/o patiala 13. Raj Garg W/o Sudhir Kumar, R/o Patiala 15. Jit Singh S/o Joginder Singh, R/o Patiala 16. Didar Singh S/o Jang Singh, R/o Patiala 17. Maya Devi W/o Piara Lal, R/o Patiala 18. Suresh Kumar S/o Som nath R/o Patiala 19. Nikki Ram S/o Nohar Chand, R/o Patiala 21. Satya Deve W/o Jaswant Singh, R/o Patiala 22. Nohar Chand S/o Tittu Ram, R/o Patiala 24. Vinod W/o Remesh Chand, R/o Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.09.2025 at 10:00 A.M
For details logon to https://highcourtchd.gov.in/?mod=district_notice&district=Sangrur
Dated, this day of 29-08-2025
**Sd/- Additional District and Sessions Judge, Sangrur**

(U/o 5 Rule 20 CPC)
**In the Court of Sh. Raj Pal Rawl Additional District and Sessions, Judge, Hoshiarpur**
CNR No. PBHO01-010842-2024
Next Date: 26.09.2025
Kuldip Singh age 69 years son of Sh. Shiv Singh resident of Village Pandori, PO Lamia, Tehsil Mukerian, District Hoshiarpur.
........Appellant/Plaintiff
Versus
1. Balwinder Singh (Son) 2. Sumitra Devi (Widow), of Sh. Shiv Singh both residents of Village Pandori, PO Lamin, Tehsil Mukerian, District Hoshiarpur. 3. Sita Devi Daughter of Sh. Shiv Singh now wife of SH. Salinder Singh S/o Sh. Dhian Singh resident of Village Pandori, PO Lamin, Tehsil Mukerian, District Hoshiarpur at present resident of Village Kathrol, Tehsil and District Pathankot
.......Defendants/Respondents
Notice to: 3. Sita Devi Daughter of Sh. Shiv Singh now wife of SH. Salinder Singh S/o Sh. Dhian Singh resident of Village Pandori, PO Lamin, Tehsil Mukerian, District Hoshiarpur at present resident of Village Kathrol, Tehsil and District Pathankot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.09.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 26-08-2025
**Sd/- Additional District and Sessions Judge, Hoshiarpur**

(U/o 5 Rule 20 CPC)
(Under Guardian and Ward Act)
**In the Court of Ms. Rana Kanwardeep Kaur Chahal Principal Judge Family Court camp at Phagwara, Phagwara**
CNR No. PBKPF2-000370-2024
Next Date: 17.10.2025
Dalvir Kaur
Versus
Reena
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17.10.2025 at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 06-09-2025
**Sd/- Principal Judge Family Court camp at Phagwara, Kapurthala**

(U/o 5 Rule 20 CPC)
(Under Guardian and Ward Act)
**In the Court of Ms. Rana Kanwardeep Kaur Chahal Principal Judge Family Court camp at Phagwara, Phagwara**
CNR No. PBKPF2-000100-2025
Next Date: 26.09.2025
Harpreet Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.09.2025 at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 06-09-2025
**Sd/- Principal Judge Family Court camp at Phagwara, Kapurthala**

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**



## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸਿੱਖ ਪੰਥ ਦੇ ਮਹਾਨ ਸੇਵਾਦਾਰ ਸਨ ਦਿਲਜੀਤ ਸਿੰਘ ਬੇਦੀ ਸ਼ਰਧਾਂਜਲੀ, ਭੋਗ ਅਤੇ ਅੰਤਿਮ ਅਰਦਾਸ ਅੱਜ

ਅੰਮ੍ਰਿਤਸਰ, 7 ਸਤੰਬਰ (ਚ.ਨ.ਸ.): ਸਿੱਖ ਪੰਥ ਅਤੇ ਪੰਜਾਬੀ ਸਾਹਿਤ ਦੇ ਨਾਮਵਰ ਸੇਵਾਦਾਰ, ਸਾਹਿਤਕਾਰ, ਪੱਤਰਕਾਰ ਅਤੇ ਵਿਦਵਾਨ ਸ. ਦਿਲਜੀਤ ਸਿੰਘ ਬੇਦੀ (1960-2025) ਦਾ 30 ਅਗਸਤ 2025 ਨੂੰ ਸੰਖੇਪ ਬਿਮਾਰੀ ਮਗਰੋਂ ਅਕਾਲ ਚਲਾਣਾ ਹੋ ਗਿਆ। ਉਨ੍ਹਾਂ ਦੀ ਯਾਦ ਵਿੱਚ ਭੋਗ ਅਤੇ ਅੰਤਿਮ ਅਰਦਾਸ ਦਾ ਸਮਾਗਮ 8 ਸਤੰਬਰ 2025 ਨੂੰ ਅਕਾਲੀ ਬਾਬਾ ਫੂਲਾ ਸਿੰਘ ਨਿਹੰਗ ਸਿੰਘ ਬੁੱਢਾ ਦਲ, ਅੰਮ੍ਰਿਤਸਰ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗਾ।31 ਦਸੰਬਰ 1960 ਨੂੰ ਨਰੈਣਗੜ੍ਹ (ਅੰਮ੍ਰਿਤਸਰ) ਵਿਖੇ ਸਾਹਿਤਕਾਰ ਬੇਦੀ ਲਾਲ ਸਿੰਘ ਅਤੇ ਮਾਤਾ ਮਨਜੀਤ ਕੌਰ ਦੇ ਘਰ ਜਨਮੇ ਸ. ਬੇਦੀ ਦਾ ਬਚਪਨ ਸਾਹਿਤ ਅਤੇ ਸਿੱਖ ਵਿਰਾਸਤ ਨਾਲ ਜੁੜਿਆ ਸੀ। ਉਨ੍ਹਾਂ ਦੇ ਪਿਤਾ ਦੀ ਪ੍ਰੇਰਨਾ ਨੇ ਉਨ੍ਹਾਂ ਨੂੰ ਕਲਮ ਅਤੇ ਸੇਵਾ ਦੇ ਰਾਹ 'ਤੇ ਤੋਰਿਆ। 1974 ਵਿੱਚ ਉਨ੍ਹਾਂ ਦਾ ਪਹਿਲਾ ਲੇਖ ਕੋਹੇਨੂਰ ਹੀਰਾ ਅਕਾਲੀ ਪੱਤ੍ਰਿਕਾ ਦੇ ਮੁੱਖ ਸਫ਼ੇ 'ਤੇ ਛਪਿਆ। ਗਿਆਨੀ ਸ਼ਾਦੀ ਸਿੰਘ ਅਤੇ ਸਾਧੂ ਸਿੰਘ ਹਮਦਰਦ ਦੀ ਹੌਸਲਾ-ਅਫਜ਼ਾਈ ਨਾਲ ਉਹ ਪੱਤਰਕਾਰੀ ਵੱਲ ਮੁੜੇ।1980 ਵਿੱਚ ਸ. ਬੇਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਅਤੇ ਬੁਲਾਰੇ, ਪ੍ਰਚਾਰ ਮੁਖੀ, ਕਮ ਸਕੱਤਰ ਅਤੇ ਸਕੱਤਰ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ ਨੇ ਗੁਰਦੁਆਰਾ ਗਜ਼ਟ ਦੀ 25 ਸਾਲ ਸੰਪਾਦਨਾ ਕੀਤੀ ਅਤੇ ਸ਼੍ਰੋਮਣੀ ਬੁਲੇਟਿਨ ਸਮੇਤ ਹੋਰ ਪ੍ਰਕਾਸ਼ਨ ਸ਼ੁਰੂ ਕੀਤੇ। ਉਨ੍ਹਾਂ ਦੀਆਂ ਕਿਤਾਬਾਂ—ਬਾਬਾ ਸਿੰਘ ਸਾਹਿਬ, ਸਿੱਖ ਇਤਿਹਾਸਕ ਤਸਵੀਰਾਂ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਅਦਬੀ ਮੁਲਾਕਾਤਾਂ, ਅਤੇ ਵੀਰਾਸਤ ਖ਼ਾਲਸਾ



ਪੰਥ—ਸਿੱਖ ਇਤਿਹਾਸ ਅਤੇ ਸਾਹਿਤ ਦੀ ਅਮੁੱਲ ਵਿਰਾਸਤ ਹਨ।31 ਦਸੰਬਰ 2018 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੇਵਾਮੁਕਤੀ ਤੋਂ ਬਾਅਦ, ਉਹ ਬਾਬਾ ਬਲਬੀਰ ਸਿੰਘ ਦੀ ਬੇਨਤੀ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਬਣੇ। ਅਕਾਲੀ ਫੂਲਾ ਸਿੰਘ ਬੁਰਜ ਵਿਖੇ ਉਨ੍ਹਾਂ ਨੇ ਨਵੀਆਂ ਸੇਵਾਵਾਂ ਸ਼ੁਰੂ ਕੀਤੀਆਂ।ਦਿਲਜੀਤ ਸਿੰਘ ਬੇਦੀ ਦਾ ਵਿਆਹ ਸਾਲ 1982 ਵਿੱਚ ਸੁਰਿੰਦਰ ਕੌਰ (ਪਿਤਾ ਗਿਆਨੀ ਗਿਆਨ ਸਿੰਘ ਜੀ ਦੀ ਧੀ) ਨਾਲ ਜਲੰਧਰ ਮਾਡਲ ਟਾਊਨ (ਗੁਰੂ ਨਾਨਕ ਮਿਸ਼ਨ) ਹੋਇਆ।ਪਹਿਲੀ ਸੰਤਾਨ ਮੋਹਦੀਪ ਬੇਦੀ ਦਾ ਜਨਮ 1984 ਵਿੱਚ ਨਰਾਇਣਗੜ੍ਹ ਵਿੱਚ ਹੋਇਆ। ਦੂਜੀ ਸੰਤਾਨ ਹੀਨਾ ਬੇਦੀ ਦਾ ਜਨਮ 1986 ਵਿੱਚ ਨਰਾਇਣਗੜ੍ਹ (ਅੰਮ੍ਰਿਤਸਰ) ਵਿੱਚ ਹੋਇਆ। ਤੀਜੀ ਸੰਤਾਨ ਸੁਖਦੀਦ ਸਿੰਘ ਬੇਦੀ 1989 ਵਿੱਚ ਨਰਾਇਣਗੜ੍ਹ (ਅੰਮ੍ਰਿਤਸਰ) ਵਿੱਚ ਜਨਮ ਹੋਇਆ।ਧੀਆਂ ਨੇ ਆਪਣੀ ਪੜ੍ਹਾਈ ਖ਼ਾਲਸਾ ਕਾਲਜ ਤੋਂ ਪੂਰੀ ਕੀਤੀ ਅਤੇ ਉੱਚ ਸਿੱਖਿਆ ਲਈ 2007/2008 ਵਿੱਚ ਆਸਟ੍ਰੇਲੀਆ ਚਲੀਆਂ ਗਈਆਂ। ਦੋਵੇਂ ਧੀਆਂ ਮੈਲਬੋਰਨ ਵਿੱਚ ਸਫ਼ਲਤਾਪੂਰਵਕ ਸੈਟਲ ਹੋ ਗਈਆਂ ਹਨ।ਮੋਹਦੀਪ ਕੌਰ ਬੇਦੀ ਦਾ ਵਿਆਹ 2011 ਵਿੱਚ ਮੈਲਬੋਰਨ ਵਿੱਚ ਹੋਇਆ। ਉਸਦੇ ਸੱਸ-ਸਹੁਰੇ ਚੰਡੀਗੜ੍ਹ ਦੇ ਹਨ। ਉਨ੍ਹਾਂ ਦੇ ਦੋ ਪੁੱਤਰ ਹਨ — ਮਨਹਰ ਸਿੰਘ ਅਤੇ ਹਯਾਨ ਸਿੰਘ।ਹੀਨਾ ਬੇਦੀ ਦਾ ਵਿਆਹ ਜਗਾਧਰੀ ਵਿੱਚ ਗੁਰਪ੍ਰੀਤ ਸਿੰਘ ਬਖ਼ਸ਼ੀ ਨਾਲ ਹੋਇਆ। ਉਹਨਾਂ ਨੂੰ ਦੋ ਧੀਆਂ ਦੀ ਦਾਤ ਪ੍ਰਾਪਤ ਹੋਈ — ਬਨੀਤ ਕੌਰ ਅਤੇ ਆਰੀਨ ਕੌਰ।ਸੁਖਦੀਦ ਸਿੰਘ ਮੈਲਬੋਰਨ ਵਿੱਚ ਰਹਿੰਦਾ ਹੈ।ਦਿਲਜੀਤ ਸਿੰਘ ਬੇਦੀ ਨੇ ਆਪਣਾ ਕਰੀਅਰ 1979 ਵਿੱਚ ਐਸ.ਜੀ.ਪੀ.ਸੀ. ਵਿੱਚ ਸ਼ੁਰੂ ਕੀਤਾ। ਉਹ ਬਹੁਤ ਪਿਆਰ ਕਰਨ ਵਾਲੇ, ਸੰਭਾਲ ਕਰਨ ਵਾਲੇ ਅਤੇ ਦਇਆਲੂ ਦਿਲ ਦੇ ਮਾਲਕ ਸਨ। ਉਹ ਵੱਡੇ ਸ਼ਬਦਾਂ ਦੇ ਮਾਲਕ ਸਨ, ਪਰ ਜਦੋਂ ਵੀ ਬੋਲਦੇ ਸਨ, ਸਦਾ ਹੀ ਗਿਆਨ ਨਾਲ ਭਰੇ ਹੁੰਦੇ ਸਨ।

ਉਹ ਹਰ ਕਿਸੇ ਨੂੰ ਆਪਣੇ ਆਲੇ-ਦੁਆਲੇ ਮਹੱਤਵਪੂਰਣ, ਆਦਰਯੋਗ ਅਤੇ ਪਿਆਰ ਨਾਲ ਭਰਪੂਰ ਮਹਿਸੂਸ ਕਰਾਉਂਦੇ ਸਨ।ਸ. ਬੇਦੀ ਦੀ ਰੁਖ਼ਸਤੀ ਨਾਲ ਸਿੱਖ ਪੰਥ ਤੇ ਪੰਜਾਬੀ ਸਾਹਿਤ ਨੂੰ ਨਾ-ਪੂਰਿਆ ਜਾਣ ਵਾਲਾ ਘਾਟਾ ਪਿਆ। ਉਨ੍ਹਾਂ ਦੀ ਸੇਵਾ ਅਤੇ ਲਿਖਤ ਸਦਾ ਪ੍ਰੇਰਨਾ ਦੇਣਗੀਆ।

# ਫਾਜ਼ਿਲਕਾ ਜ਼ਿਲ੍ਹੇ ਵਿੱਚ ਰਾਹਤ ਕਾਰਜ ਜ਼ੋਰਾਂ 'ਤੇ, ਹੋਰ ਰਾਹਤ ਸਮੱਗਰੀ ਵੰਡੀ



ਫ਼ਾਜ਼ਿਲਕਾ, 7 ਸਤੰਬਰ (ਬਖਸ਼ੀਸ ਸਿੰਘ/ਜਸਪ੍ਰੀਤ ਸਿੰਘ) : ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਪੰਜਾਬ ਦੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਉਹ ਕਿਸ਼ਤੀ ਰਾਹੀਂ ਗੁਲਾਬਾ ਭੈਣੀ ਪਿੰਡ ਤੱਕ ਰਾਹਤ ਸਮੱਗਰੀ ਲੈ ਕੇ ਪਹੁੰਚੇ ਅਤੇ ਇੱਥੇ ਖੁਦ ਲੋਕਾਂ ਨੂੰ ਰਾਹਤ ਸਮੱਗਰੀ ਤਕਸੀਮ ਕੀਤੀ। ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਤਕਰੀਬਨ ਇੱਕ ਮਹੀਨੇ ਤੋਂ ਪੰਜਾਬ ਹੜ੍ਹਾਂ ਨਾਲ ਜੂਝ ਰਿਹਾ ਹੈ, ਪਰ ਕੇਂਦਰ ਸਰਕਾਰ ਹਾਲੇ ਤੱਕ ਰਿਪੋਰਟਾਂ ਉਡੀਕਣ ਵਿੱਚ ਲੱਗੀ ਹੋਈ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ 9 ਸਤੰਬਰ ਨੂੰ ਪ੍ਰਧਾਨ ਮੰਤਰੀ ਪੰਜਾਬ ਦੌਰੇ ਦੌਰਾਨ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਵੱਡਾ ਰਾਹਤ ਪੈਕਜ ਐਲਾਨ ਕਰਕੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਆਰਡੀਐਫ, ਜੀਐਸਟੀ ਆਦਿ ਦੇ 60 ਹਜ਼ਾਰ ਕਰੋੜ ਰੁਪਏ ਵੀ ਕੇਂਦਰ ਜਲਦ ਜਾਰੀ ਕਰੇ। ਇਸ ਸਬੰਧੀ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਕੇਂਦਰ ਸਰਕਾਰ ਤੋਂ ਇਹ ਮੰਗ ਕਰ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਕੇਂਦਰੀ ਖੇਤੀ ਮੰਤਰੀ ਵੀ ਦੌਰਾ ਕਰਕੇ ਗਏ ਹਨ, ਪਰ ਹਾਲੇ ਤੱਕ ਕੇਂਦਰ ਸਰਕਾਰ ਵੱਲੋਂ ਕੋਈ ਰਾਹਤ ਨਹੀਂ ਭੇਜੀ ਗਈ ਹੈ।ਰਾਜ ਸਭਾ ਮੈਂਬਰ ਨੇ ਹੜ੍ਹ ਰਾਹਤ ਕਾਰਜਾਂ ਵਿੱਚ ਲੱਗੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜ ਸੇਵੀ ਸੰਗਠਨਾਂ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਔਕੜ ਦੀ ਘੜੀ ਵਿੱਚ ਭਾਈਚਾਰਾ ਮਜ਼ਬੂਤ ਹੋਇਆ ਹੈ ਅਤੇ ਹਰ ਕੋਈ ਇੱਕ ਦੂਜੇ ਦੀ ਮੱਦਦ ਕਰ ਰਿਹਾ ਹੈ। ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਰਾਹਤ ਕਾਰਜ ਪੂਰੀ ਤੇਜ਼ੀ ਨਾਲ ਜਾਰੀ ਹਨ। ਉਨ੍ਹਾਂ ਦੱਸਿਆ ਕਿ ਹੁਣ ਜਦੋਂ ਪਾਣੀ ਘਟਨਾ ਸ਼ੁਰੂ ਹੋਇਆ ਹੈ ਤਾਂ ਅਸੀਂ ਅਗਲੀ ਚੁਣੌਤੀ ਲਈ ਵੀ ਤਿਆਰੀ ਆਰੰਭ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਾਣੀ ਘਟਣ ਤੋਂ ਬਾਅਦ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਅਤੇ ਹੋਏ ਨੁਕਸਾਨ ਦਾ ਸਰਵੇਖਣ ਆਦਿ ਪ੍ਰਮੁੱਖ ਚੁਣੌਤੀਆਂ ਹੋਣਗੀਆਂ। ਸੌਂਦ ਨੇ ਕਿਹਾ ਕਿ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਟੀਮਾਂ, ਵੈਟਰਨਰੀ ਵਿਭਾਗ ਦੀਆਂ ਟੀਮਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਲਗਾਤਾਰ ਕਾਰਜਸ਼ੀਲ ਹਨ ਅਤੇ ਹਰ ਪ੍ਰਭਾਵਿਤ ਵਿਅਕਤੀ ਤੱਕ ਰਾਹਤ ਸਮੱਗਰੀ ਦੀ ਪਹੁੰਚ ਯਕੀਨੀ ਬਣਾਈ ਜਾ ਰਹੀ ਹੈ। ਇਸ ਮੌਕੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾਂ ਨੇ ਰਾਜ ਸਭਾ ਮੈਂਬਰ ਅਤੇ ਪੰਚਾਇਤ ਮੰਤਰੀ ਨੂੰ ਸਥਾਨਕ ਔਕੜਾਂ ਤੋਂ ਜਾਣੂ ਕਰਵਾਇਆ ਅਤੇ ਜ਼ਿਲ੍ਹੇ ਵਿੱਚ ਚੱਲ ਰਹੇ ਰਾਹਤ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ। ਜ਼ਿਕਰਯੋਗ ਹੈ ਕਿ ਸੰਜੇ ਸਿੰਘ ਆਪਣੇ ਨਾਲ ਇੱਕ ਟਰੱਕ ਰਸਦ ਦਾ ਲੈ ਕੇ ਪਹੁੰਚੇ ਸਨ, ਜਿਸ ਨੂੰ ਕਿ ਪ੍ਰਭਾਵਿਤ ਪਿੰਡਾਂ ਵਿੱਚ ਵੰਡਿਆ ਜਾ ਰਿਹਾ ਹੈ।

# ਜਵੱਦੀ ਟਕਸਾਲ ਵਿਖੇ ਹ਼ਫਤਾਵਾਰੀ ਨਾਮ ਸਿਮਰਨ ਸਮਾਗਮ




ਲੁਧਿਆਣਾ, 7 ਸਤੰਬਰ (ਕਰਨੈਲ ਸਿੰਘ ਐੱਮ.ਏ.) ਗੁਰਮਤਿ ਪ੍ਰਚਾਰ ਪਸਾਰ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਸ਼੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਗੁਰਪੁਰਬ ਨੂੰ ਸਮਰਪਿਤ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ। ਸਮਾਗਮ ਦੀ ਆਰੰਭਤਾ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਹੋਣਹਾਰ ਵਿਦਿਆਰਥੀਆਂ ਨੇ ਗੁਰਬਾਣੀ ਸ਼ਬਦ ਕੀਰਤਨ ਨਾਲ ਹੋਈ। ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਸ਼੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ ਦਾ ਜ਼ਿਕਰ ਕਰਦਿਆਂ ਫਰਮਾਇਆ ਕਿ ਗੁਰੂ ਸਾਹਿਬ ਜੀ ਨੇ 18 ਰਾਗਾਂ ਵਿੱਚ ਸ਼ਬਦ ਉਚਾਰ ਕੇ ਮਨੁੱਖਤਾ ਨੂੰ ਸਚਿਆਰਾ ਬਣਨ ਦਾ ਮਾਰਗ ਦਿਖਾਇਆ। ਬਾਬਾ ਜੀ ਨੇ ਗੁਰੂ ਸਾਹਿਬ ਜੀ ਵੱਲੋਂ ਉਚਾਰੀ ਗੁਰਬਾਣੀ ਦੇ ਹਵਾਲੇ ਨਾਲ ਸਮਝਾਇਆ ਕਿ ਗੁਰਸਿੱਖ ਅੰਮ੍ਰਿਤ ਵੇਲੇ ਉੱਠ ਇਸ਼ਨਾਨ ਕਰੇ ਅਤੇ ਚਿੱਤ ਨੂੰ ਇਕਾਗਰ ਕਰਕੇ ਨਾਮ ਸਿਮਰਨ ਕਰੇ, ਅਕਾਲ ਪੁਰਖ ਵਾਹਿਗੁਰੂ ਜੀ ਨਾਲ ਜੁੜੇ, ਸਾਧ ਸੰਗਤ ਵਿੱਚ ਰੋਜ਼ਾਨਾ ਜਾਵੇ। ਬਾਬਾ ਜੀ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਦਾ ਜ਼ਿਕਰ ਕਰਦਿਆਂ ਸਮਝਾਇਆ ਕਿ ਭੁੱਖ ਤੋਂ ਬਿਨਾਂ ਖਾਣਾ ਨਹੀਂ, ਨੀਂਦ ਤੋਂ ਬਿਨਾਂ ਸੌਣਾ ਨਹੀਂ, ਆਲਸ ਦਾ ਤਿਆਗ ਕਰਨਾ, ਸੰਸਾਰਕ ਸੁੱਖਾਂ ਵਿੱਚ ਕਦੇ ਨਹੀਂ ਉਲਝਣਾ, ਮਹਾਂਪੁਰਸ਼ਾਂ ਦੀ ਸਦਾ ਸੰਗਤ ਕਰਨੀ, ਗੁਰਬਾਣੀ ਨੂੰ ਪੜ੍ਹ ਸੁਣ ਕੇ ਪ੍ਰਸੰਨ ਤੇ ਗੁਰਬਾਣੀ 'ਤੇ ਅਮਲ ਕਰਨਾ, ਆਤਮਾ ਪਰਮਾਤਮਾ ਨੂੰ ਇੱਕ ਰੂਪ ਜਾਨਣਾ, ਗੁਰੂ ਪਰਮੇਸ਼ਰ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਹੀਂ ਕਰਨੀ, ਮੁਕਤੀ ਦੇ ਸ਼ੁੱਭ ਕਾਰਜਾਂ ਲਈ ਕੇਵਲ ਇੱਕ ਅਕਾਲ ਪੁਰਖ ਅੱਗੇ ਅਰਾਧਨਾ ਤੇ ਅਰਦਾਸ ਕਰਨੀ, ਵਿਸ਼ਵਾਸ ਕਦੇ ਨਾ ਡੋਲਣ ਦੇਣਾ। ਬਾਬਾ ਜੀ ਨੇ ਜ਼ੋਰ ਦਿੱਤਾ ਕਿ ਸਾਨੂੰ ਆਪਾ ਚੀਨਣਾ ਚਾਹੀਦਾ ਹੈ ਅਤੇ ਮਨੁੱਖ ਨੂੰ ਝੂਠੇ ਨਸ਼ਿਆਂ ਦਾ ਤਿਆਗ ਕਰਕੇ ਨਾਮ ਦੇ ਵਿੱਚ ਆਪਣੀ ਆਤਮਾ ਨੂੰ ਰੰਗਣਾ ਚਾਹੀਦਾ ਹੈ।

# ਪਿੰਡ ਬੜੈਚ ਤੋਂ ਹੜ੍ਹ ਪੀੜਤ ਇਲਾਕਿਆਂ ਲਈ ਰਸਦਾਂ ਅਤੇ ਚਾਰੇ ਦੀਆਂ ਟਰਾਲੀਆਂ ਰਵਾਨਾ

ਮੁੱਲਾਂਪੁਰ ਦਾਖਾ, 7 ਸਤੰਬਰ (ਦਵਿੰਦਰ ਸਿੰਘ ਲੰਮੇਂ): ਪੰਜਾਬ ਅੰਦਰ ਹੜ੍ਹਾਂ ਦੀ ਸਥਿਤੀ ਕਾਫੀ ਗੰਭੀਰ ਬਣੀ ਹੋਈ ਹੈ। ਸਰਕਾਰ ਅਜੇ ਤੱਕ ਵੀ ਪੰਜਾਬ ਦੇ ਉਹਨਾਂ ਹਜ਼ਾਰਾਂ ਦੇ ਕਰੀਬ ਪਿੰਡਾਂ ਲਈ ਕੁੱਝ ਖਾਸ ਨਹੀਂ ਕਰ ਰਹੀ, ਜਿਹੜੇ ਕਿ ਬੁਰੀ ਤਰ੍ਹਾਂ ਬੇਕਾਬੂ ਪਾਣੀ ਦੀ ਸਿੱਧੀ ਮਾਰ ਹੇਠਾਂ ਆ ਗਏ ਹਨ। ਕਈ ਡੈਮਾਂ ਦੇ ਲਗਾਤਾਰ ਫਲੱਡ ਗੇਟ ਖੁੱਲ੍ਹੇਛੱਡ ਦੇਣ ਅਤੇ ਕਈ ਬੰਨ੍ਹ ਟੁੱਟ ਜਾਣ ਕਾਰਨ ਆਉਣ ਵਾਲੇ ਦਿਨਾਂ ਵਿੱਚ ਕੋਈ ਬਹੁਤੀ ਰਾਹਤ ਦੀ ਸੰਭਾਵਨਾ ਵੀ ਨਜ਼ਰ ਨਹੀਂ ਆ ਰਹੀ। ਪਰ ਪੰਜਾਬ ਅਤੇ ਪੰਜਾਬੀ ਜਿਹੜੇ ਕਿ ਪੰਜਾਬ ਜਾਂ ਦੇਸ਼ ਲਈ ਹੀ ਨਹੀਂ ਸਗੋਂ ਪੂਰੀ ਦੁਨੀਆਂ ਅੰਦਰ ਲੰਗਰਾਂ ਲਈ ਆਪਣੀ ਵੱਡੀ ਤੇ ਵੱਖਰੀ ਪਛਾਣ ਲਈ ਜਾਣੇ ਜਾਂਦੇ ਹਨ।

ਹੁਣ ਉਹਨਾਂ ਨੇ ਖੁਦ ਹੀ ਮੋਰਚੇ ਸੰਭਾਲ ਲਏ ਹਨ ਅਤੇ ਇਹਨਾਂ ਪਿੰਡਾਂ ਕਸਿਬਆਂ ਦੇ ਗੁਰੂ ਘਰਾਂ ਵਿਖੇ ਅਰਦਾਸ ਕਰਨ ਉਪਰੰਤ ਹੜ੍ਹਪੀੜਤਾਂ ਲਈ ਰਸਦਾਂ ਭੇਜੀਆਂ ਜਾ ਰਹੀਆਂ ਹਨ। ਪਿੰਡ ਬੜੈਚ ਦੇ ਵਸਨੀਕਾਂ ਨੇ ਵੀ ਇਸ ਸਹਿਤਾਇਤਾ ਲਈ ਹੱਥ ਅੱਗੇ ਵਧਾਏ ਹਨ। ਜਿਹਨਾਂ ਬਾਰੇ ਜਾਣਕਾਰੀ ਦਿੰਦਿਆਂ ਲੰਬੜਦਾਰ ਸਿਤਨਾਮ ਸਿੰਘ ਬੜੈਚ ਅਤੇ ਲੰਬੜਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਅੱਜ ਡੇਰਾ ਬਾਬਾ ਨਾਨਕ ਨਜ਼ਦੀਕ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਲਾਗਲੇ ਹੜ੍ਹ ਪੀੜਤ ਪਿੰਡਾਂ ਲਈ ਗੁਰਦੁਆਰਾ ਸਾਹਿਬ ਤੋਂ ਗਿਆਨੀ ਸੁਖਵਿੰਦਰ ਸਿੰਘ ਵੱਲੋਂ ਅਰਦਾਸ ਬੇਨਤੀ ਕਰਨ ਉਪਰੰਤ ਪਸ਼ੂਆਂ ਲਈ ਅਚਾਰ, ਤੂੜੀ ਅਤੇ ਪੀੜਤਾਂ ਦੇ ਖਾਣ ਲਈ ਰਸਦਾਂ ਅਤੇ ਪਾਣੀ ਦੀਆਂ ਬੋਤਲਾਂ ਭੇਜੀਆਂ ਗਈਆਂ।

ਉਹਨਾਂ ਅਪੀਲ ਕਰਿਦਆਂ ਕਹਾ ਕਿ ਅੱਜ ਇਹਨਾਂ ਹੜ੍ਹਪੀੜਤਾਂ ਦੀ ਮਾਰ ਝੱਲ ਰਹੇ ਪਰੀਵਾਰਾਂ ਅਤੇ ਪਸ਼ੂਆਂ ਨੂੰ ਬਚਾਉਣ ਦੀ ਲੋੜ ਹੈ। ਇਸ ਲਈ ਦਿਲ ਖੋਲ੍ਹਕੇ ਮੱਦਦ ਕੀਤੀ ਜਾਵੇ। ਇਸ ਮੌਕੇ ਅਰਸ਼ਪ੍ਰੀਤ ਸਿੰਘ ਕੰਗ,ਜਗਦੇਵ ਸਿੰਘ ਬੜੈਚ,ਜਸਪ੍ਰੀਤ ਸਿੰਘ ਬੜੈਚ, ਤਰਨਨੂਰ ਸਿੰਘ ਬੜੈਚ,ਇਕਬਾਲ ਸਿੰਘ, ਲਖਬੀਰ ਸਿੰਘ ਬੜੈਚ ,ਗੁਰਮੀਤ ਸਿੰਘ, ਗੇਂਦਾ ਸਿੰਘ,ਗੁਰਦੀਪ ਸਿੰਘ ,ਦਰਸ਼ਨ ਸਿੰਘ ,ਅਵਤਾਰ ਸਿੰਘ ਫੌਜੀ,ਗੁਰਦੇਵ ਸਿੰਘ ਪੰਜੇਟਾ, ਗੱਗੂ ਬੜੈਚ, ਸਰਪ੍ਰੀਤ ਸਿੰਘ ਚੱਕ, ਇੰਦਰਪ੍ਰੀਤ ਬੜੈਚ, ਹਰਿੰਦਰ ਬੜੈਚ, ਅਕਾਸ਼ ਬੜੈਚ, ਕੁਲਵਿੰਦਰ ਸਿੰਘ ਬੜੈਚ, ਅਰਮਾਨ ਚੱਕ ਕਲਾਂ, ਸੁੱਖ ਬੜੈਚ, ਮਨਕਰਨ ਬੜੈਚ, ਜਗਦੇਵ ਸਿੰਘ, ਜੱਸਾ ਬੜੈਚ ਅਤੇ ਅਭੀ ਬੜੈਚ ਆਦਿ ਹਾਜ਼ਰ ਸਨ।


**SBI** ਰੀਟੇਲ ਅਸੈਟਸ ਸੈਂਟਰਲ ਪ੍ਰੋਸੈਸਿੰਗ ਸੈਂਟਰ, ਪਹਿਲੀ ਮੰਜ਼ਿਲ, ਮੇਨ ਬਜ਼ਾਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ

**ਸੰਕੇਤਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਖਿਲਾਫ਼ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ **ਨਿਯਮਾਂਵਲੀ** 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਕਰਜ਼ਦਾਰ(ਾਂ)/ ਜ਼ਾਮਨ (ਾਂ)/ ਦੇ ਨਾਮ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ਼੍ਰੀ ਮਯੰਕ ਸ਼ਰਮਾ ਪੁੱਤਰ ਸ਼੍ਰੀ ਪ੍ਰੇਮ ਸ਼ਰਮਾ ਮਕਾਨ ਨੰਬਰ 19 ਸੈਕਟਰ 38-39 ਅਰਬਨ ਅਸਟੇਟ ਸਮਰਾਲਾ ਰੋਡ ਲੁਧਿਆਣਾ, ਸ਼੍ਰੀ ਕਨਵ ਸ਼ਰਮਾ ਕਾਨੂੰਨੀ ਵਾਰਸ ਸ਼੍ਰੀ ਪ੍ਰੇਮ ਸ਼ਰਮਾ ਮਕਾਨ ਨੰਬਰ 19 ਸੈਕਟਰ 38-39 ਅਰਬਨ ਅਸਟੇਟ ਸਮਰਾਲਾ ਰੋਡ ਲੁਧਿਆਣਾ, ਸ਼੍ਰੀ ਮਯੰਕ ਸ਼ਰਮਾ ਕਾਨੂੰਨੀ ਵਾਰਸ ਸ਼੍ਰੀ ਪ੍ਰੇਮ ਸ਼ਰਮਾ ਮਕਾਨ ਨੰਬਰ 19 ਸੈਕਟਰ 38-39 ਅਰਬਨ ਅਸਟੇਟ ਸਮਰਾਲਾ ਰੋਡ ਲੁਧਿਆਣਾ, ਸ਼੍ਰੀਮਤੀ ਮਮਤਾ ਸ਼ਰਮਾ ਕਾਨੂੰਨੀ ਵਾਰਸ ਸ਼੍ਰੀ ਪ੍ਰੇਮ ਸ਼ਰਮਾ ਮਕਾਨ ਨੰਬਰ 19 ਸੈਕਟਰ 38-39 ਅਰਬਨ ਅਸਟੇਟ ਸਮਰਾਲਾ ਰੋਡ ਲੁਧਿਆਣਾ। | ਵਿਕਰੀ ਡੀਡ ਵਸੀਕਾ ਨੰ. 10516 ਮਿਤੀ 12.10.2009 ਅਨੁਸਾਰ ਸ਼੍ਰੀ ਪ੍ਰੇਮ ਸ਼ਰਮਾ ਪੁੱਤਰ ਜਗਦੀਸ਼ ਸ਼ਰਮਾ ਦੇ ਨਾਮ 'ਤੇ ਜਾਇਦਾਦ/ਪਲਾਟ ਨੰ-19 100 ਵਰਗ ਗਜ਼ ਦਾ ਮਾਪ ਜਿਸ ਵਿੱਚ ਸੈਕਟਰ 38-39 ਅਰਬਨ ਅਸਟੇਟ ਸਮਰਾਲਾ ਰੋਡ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਪੂਰਬ ਵੱਲ: ਗੁਆਂਢੀ 15'-0', ਪੱਛਮ ਵੱਲ: ਸੜਕ 15'-0', ਉੱਤਰ ਵੱਲ: ਹੁਸ਼ਿਆਰ ਸਿੰਘ ਮਕਾਨ ਨੰ. 20 45'0', ਦੱਖਣ ਵੱਲ: ਹਰਮਿੰਦਰ ਸਿੰਘ ਕਪੂਰ ਐੱਚ ਨੰ. 18 45'0'। | 06/03/2025 | 05/09/2025 | Rs. 12,77,819/- ਅਤੇ ਵਿਆਜ |

ਮਿਤੀ : 05.09.2025 ਸਥਾਨ : ਲੁਧਿਆਣਾ ਸਹੀ/-ਅਧਿਕਾਰਤ ਅਧਿਕਾਰੀ



**pnb ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ !
ਏਆਰਐਮਬੀ-ਜਲੰਧਰ
ਕੰਪਨੀ ਬਾਗ, ਸਿਵਲ ਲਾਈਨਜ਼, ਜਲੰਧਰ-144001
Phone: 0181-4697613, email: cs8249@pnb.co.in
**ਈ-ਨਿਲਾਮੀ ਵਿਕਰੀ ਸੂਚਨਾ**

**ਸਰਫਾਇਸੀ ਐਕਟ ਦੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6) ਦੇ ਅਧੀਨ ਆਮ ਜਨਤਾ ਲਈ ਵਿਧਾਨਕ ਵਿਕਰੀ ਸੂਚਨਾ ਅਚੱਲ ਸੰਪੱਤੀ/ਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ**

1. ਇਹ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ।
2. ਬਿਆਨਾ ਰਕਮ ਅਤੇ KYC ਪੋਰਟਲ https://baanknet.com ਰਾਹੀਂ ਔਨਲਾਈਨ ਕੀਤੇ ਜਾਣਗੇ।
3. BAANKNET ਹੈਲਪ ਡੈਸਕ ਨੰਬਰ +91 82912 20220, ਜਾਂ support.baanknet@psballiance.com 'ਤੇ ਈਮੇਲ ਲਿਖੋ।

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ "ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002" ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ (ਆਂ), ਜਿਨ੍ਹਾਂ ਦਾ ਉਸਾਰੂ/ਭੌਤਿਕ (ਜੋ ਵੀ ਲਾਗੂ ਹੋਵੇ) ਕਬਜ਼ਾ ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਨਿਮਨ ਨਾਮੀ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਤੋਂ ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਵਿਕਰੀ ਦੀ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਚੱਲ/ਅਚੱਲ ਸੰਪੱਤੀ ਦੇ ਸੰਖੇਪ ਵੇਰਵੇ ਨਿਮਨ ਦਰਸਾਏ ਅਨੁਸਾਰ ਹਨ।

| ਲੜੀ ਨੰ. | ਸੰਪੱਤੀ ਆਈਡੀ / ਖਾਤੇ ਦਾ ਨਾਮ | ਸ਼ਾਖਾ ਦਾ ਨਾਮ | ਅਚੱਲ ਸੰਪੱਤੀਆਂ ਦੀ ਗਿਰਵੀ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ. ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ ਅ. ਬਕਾਇਆ ਰਕਮ ੲ. ਸਰਫਾਇਸੀ ਐਕਟ 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ,ਸ. ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ਉਸਾਰੂ | ੳ. ਰਾਖਵੀਂ ਕੀਮਤ (ਰੁ. ਲੱਖਾਂ 'ਚ) / ਅ. ਬਿਆਨਾ ਰਕਮ / ਸ. ਬੋਲੀ ਵਾਧਾ ਰਕਮ | ਨਿਲਾਮੀ ਦੀ ਮਿਤੀ / ਨਿਲਾਮੀ ਦਾ ਸਮਾਂ |
|---|---|---|---|---|---|---|
| 1. | Lot1: PUNBANAND10710 Lot2: PUNBANAND45 / ਮੈਸ. ਆਨੰਦ ਸਟੀਲ ਟਿਊਬਜ਼ ਅਤੇ ਪੀਵੀਸੀ ਪਾਈਪਸ ਪ੍ਰੋਪਰਾਈਟਰ ਦੁਆਰਾ: ਸ਼੍ਰੀ ਰੋਮੇਸ਼ ਚੰਦਰ (ਰਮੇਸ਼ ਚੰਦਰ) ਪੁੱਤਰ ਆਨੰਦ ਪ੍ਰਕਾਸ਼ ਵਾਸੀ ਬੁਚਰਾਨ ਮੁਹੱਲਾ ਨਵਾਂਸ਼ਹਿਰ | ਨਵਾਂਸ਼ਹਿਰ ਅੰਬੇਡਕਰ ਚੌਕ 010710 | ਲਾਟ 1. ਮਾਲਕੀ ਡੀਡ ਨੰ. 4863 ਮਿਤੀ 10.01.2013 ਦੇ ਅਧੀਨ 1 ਕਨਾਲ-12 ਮਰਲੇ-7 ਸਰਸਾਈ (32.77 ਮਰਲ) ਮਾਪ ਵਾਲੀ ਵਪਾਰਕ ਜਾਇਦਾਦ ਦੀ ਈਐਮ ਭਾਵ ਪਿੰਡ ਕਰੀਅਮ, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ 10 ਕਨਾਲ-14 ਮਰਲੇ ਜ਼ਮੀਨ ਦਾ 295/1926 ਹਿੱਸਾ, ਜਿਸ ਵਿੱਚ ਖਾਤਾ ਨੰਬਰ 54/57 ਖਸਰਾ ਨੰਬਰ 57//23/2/1(1-6), 69//2/3 5-8), 3/1 (4-0) ਸ਼ਾਮਲ ਹਨ। | 1) 18.05.2021 2) 31.03.2013 ਨੂੰ ਬਕਾਇਆ ਰਕਮ ਰੁ. 89,51,297.78 + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁਟਕਲ ਫੀਸਾਂ, (3) 16.09.2021 4) ਭੌਤਿਕ ਕਬਜ਼ਾ | Rs. 32,04,000 / Rs. 3,21,000 / Rs. 20,000/- | 25.09.2025 / 11:00 AM to 04:00 PM |
| | | | ਲਾਟ: 2. ਮਾਲਕੀ ਡੀਡ ਨੰ. 563 ਮਿਤੀ 02.05.2013 ਦੇ ਅਧੀਨ ਪਿੰਡ ਕਰੀਅਮ, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ 10 ਕਨਾਲ-11 ਮਰਲੇ ਜ਼ਮੀਨ ਦਾ 274/1899 ਹਿੱਸਾ, ਜਿਸ ਵਿੱਚ ਖਾਤਾ ਨੰ. 55/58 ਖਸਰਾ ਨੰ. 69//9/1(5-12), 18/1/2(1-1), 18/2(3-18) ਸ਼ਾਮਲ ਹਨ।ਮਾਲਕੀ ਡੀਡ ਨੰ. 5468 ਮਿਤੀ 21.02.2013, ਜਿਸ ਵਿੱਚ ਖਾਤਾ ਨੰ. 55/58 ਖਸਰਾ ਨੰ. 69//9/1(5-12), 18/1/2(1-1), 18/2(3-18) ਸ਼ਾਮਲ ਪਿੰਡ ਕਰਿਆਮ, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ 10 ਕਨਾਲ-11 ਮਰਲੇ ਜ਼ਮੀਨ ਦਾ 137/1899 ਹਿੱਸਾ 0 ਕਨਾਲ- 10 ਮਰਲੇ-4 ਸਰਸਾਹੀ ਮਾਪ ਵਾਲੀ ਵਪਾਰਕ ਜਾਇਦਾਦ ਦੀ ਈਐਮ। | | Rs. 49,04,000 / Rs. 4,91,000 / Rs. 20,000/- | 25.09.2025 / 11:00 AM to 04:00 PM |
| 2. | PUNBJDB55783296 / ਸ਼੍ਰੀਮਤੀ ਅਨੀਤਾ ਪਤਨੀ ਸ਼੍ਰੀ ਰਾਜੀਵ ਕੁਮਾਰ ਪਤਾ 1: ਫਲੈਟ ਨੰਬਰ 101-ਸੀ, ਦੂਜੀ ਮੰਜ਼ਿਲ, ਗਲੇਨਮੋਰ, ਗ੍ਰੀਨਜ਼, ਕਿੰਗਰਾ, ਜਲੰਧਰ 144001 ਪਤਾ 2:- ਮਕਾਨ ਨੰ. NJ-285, ਮਿੱਠਾ ਬਾਜ਼ਾਰ, ਜਲੰਧਰ-144001 | ਚੌਕ ਸੂਦਾਂ ਜਲੰਧਰ, 023400 | ਸ਼੍ਰੀਮਤੀ ਅਨੀਤਾ ਪਤਨੀ ਸ਼੍ਰੀ ਰਾਜੀਵ ਕੁਮਾਰ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2021-22/186/1/12724 ਮਿਤੀ 23/02/2022 ਦੁਆਰਾ, ਸਬ ਰਜਿਸਟਰਾਰ ਜਲੰਧਰ-1, ਜ਼ਿਲ੍ਹਾ ਜਲੰਧਰ ਕੋਲ ਰਜਿਸਟਰਡ ਰਿਹਾਇਸ਼ੀ ਫਲੈਟ ਨੰਬਰ 101-ਸੀ ਦਾ ਬਰਾਬਰ ਗਿਰਵੀਨਾਮਾ, ਜੋ ਕਿ ਦੂਜੀ ਮੰਜ਼ਿਲ, ਗਲੇਨਮੋਰ ਗ੍ਰੀਨਜ਼, ਪਿੰਡ ਕਿੰਗਰਾ, ਜ਼ਿਲ੍ਹਾ ਜਲੰਧਰ 'ਤੇ ਸਥਿਤ ਹੈ, ਜਿਸਦਾ ਮਾਪ 1760 ਵਰਗ ਫੁੱਟ, (32'X55'), ਛੱਤ ਦੇ ਅਧਿਕਾਰਾਂ ਤੋਂ ਬਿਨਾਂ, ਖਸਰਾ ਨੰਬਰ 736/1, 739, 742, 743, 744/1, 746/1, 747, 748, 749, 1444/737/1, 1446/738, 1449/1/750, 1450/751/1, 741, 1448/740, 634, 635, 644, 645 ਵਿੱਚ ਸ਼ਾਮਲ। | 1) 22.07.2024 2) ਰੁ. 37,52,238.79 + 22.07.2024 ਤੋਂ ਭਾਵੀ ਵਿਆਜ, ਮੁਕੰਮਲ ਭੁਗਤਾਨ ਹੋਣ ਤੱਕ ਲਾਗਤ ਅਤੇ ਫੀਸਾਂ ਸਮੇਤ (3) 01.10.2024 4) ਸੰਕੇਤਕ ਕਬਜ਼ਾ | Rs. 38,90,000 / Rs. 3,89,000 / Rs. 50,000/- | 25.09.2025 / 11:00 AM to 04:00 PM |
| 3. | PUNB0235JAGJIT / ਸ਼੍ਰੀ ਜਗਜੀਤ ਸਿੰਘ ਪੁੱਤਰ ਸ਼੍ਰੀ ਸੰਤੋਖ ਸਿੰਘ (ਕਰਜ਼ਦਾਰ) ਸ਼੍ਰੀਮਤੀ ਗੁਰਪ੍ਰੀਤ ਕੌਰ ਪਤਨੀ ਜਗਜੀਤ ਸਿੰਘ (ਸਹਿ-ਕਰਜ਼ਦਾਰ) ਪਤਾ 1- ਪਿੰਡ ਅਤੇ ਡਾਕਖਾਨਾ ਸੰਮੀਪੁਰ ਤਹਿਸੀਲ ਅਤੇ ਜ਼ਿਲ੍ਹਾ ਜ਼ਿਲ੍ਹਾ ਜਲੰਧਰ 144001 ਪਤਾ 2- ਮਕਾਨ ਨੰ.53 ਟਾਵਰ ਐਨਕਲੇਵ ਫੇਜ਼ 1, ਵਡਾਲਾ ਰੋਡ ਜਲੰਧਰ 144001 | ਸਿਵਲ ਲਾਈਨਜ਼, ਜਲੰਧਰ, 023500 | ਵਿਕਰੀ ਡੀਡ ਨੰਬਰ 7181 ਮਿਤੀ 14.11.2008 ਦੇ ਅਨੁਸਾਰ ਪਲਾਟ ਨੰਬਰ 57 ਦੇ ਸਾਰੇ ਭਾਗ ਅਤੇ ਹਿੱਸੇ 27 ਮਰਲੇ ਮਾਪ, ਟ੍ਰਾਈਐਂਗੁਲਰ ਪਾਰਕ ਦੇ ਸਾਹਮਣੇ ਸਥਿਤ ਰਣਜੀਤ ਨਗਰ ਆਬਾਦੀ ਜਲੰਧਰ ਖਸਰਾ ਨੰਬਰ 24867/19259/6116,19260 /6160,24868/19261,2487 1,19262,24873/19264,24 875/19272,24877/19272, 24879/19273,24881/ 1927 4,19275/6169 ਤੋਂ 6173 ਰਜਿਸਟਰਡ ਹੈ, ਹੱਦਬੰਦੀ ਪੂਰਬ ਵੱਲੋਂ: ਇੱਕ ਹੋਰ ਜਾਇਦਾਦ, ਪੱਛਮ: ਸੜਕ, ਉੱਤਰ: ਮਕਾਨ ਨੰਬਰ 40 ਦੱਖਣ: ਮਕਾਨ ਨੰਬਰ 56 | 1) 20.07.2017 2) ਰੁ. 96,82,600.03 + 01.07.2017 ਤੋਂ ਭਾਵੀ ਵਿਆਜ, ਮੁਕੰਮਲ ਭੁਗਤਾਨ ਹੋਣ ਤੱਕ ਲਾਗਤ ਅਤੇ ਫੀਸਾਂ ਸਮੇਤ (3) 11.10.2017 4) ਭੌਤਿਕ ਕਬਜ਼ਾ | Rs. 1,53,00,000/- / Rs. 15,30,000/- / Rs. 2,00,000/- | 25.09.2025 / 11:00 AM to 04:00 PM |
| 4. | PUNB1796DURGA1 / ਦੁਰਗਾ ਪਾਈਪਜ਼ ਇਸਦੇ ਪ੍ਰੋਪਰਾਈਟਰ ਸਾਹਿਲ ਮਿੱਢਾ ਪੁੱਤਰ ਸ਼੍ਰੀ ਨਰਿੰਦਰ ਮਿੱਢਾ ਪਤਾ: ਪਿੰਡ ਅਤੇ ਡਾਕਖਾਨਾ ਰਾਓਵਾਲੀ, ਪਠਾਨਕੋਟ ਰੋਡ, ਜਲੰਧਰ ਏ.ਐਸ.ਕੇ. ਇੰਟਰਪ੍ਰਾਈਜ਼ਿਜ਼ ਦੇ ਪਿੱਛੇ ਪਿੰਨ ਕੋਡ-144012 ਸ਼੍ਰੀਮਤੀ ਵਿਧੀ ਮਿੱਢਾ ਪਤਨੀ ਸਾਹਿਲ ਮਿੱਢਾ ਸ਼੍ਰੀਮਤੀ ਸਰਲਾ ਮਿੱਢਾ ਪਤਨੀ ਨਰਿੰਦਰ ਕੁਮਾਰ ਮਿੱਢਾ ਪਤਾ : ਮਕਾਨ ਨੰ: 27, ਸੇਠ ਹੁਕਮ ਚੰਦ ਕਾਲੋਨੀ ਜਲੰਧਰ-144008 (ਗਿਰਵੀਕਾਰ/ਜ਼ਾਮਨ) | ਜਲੰਧਰ, ਟਾਂਡਾ ਰੋਡ-179600 | ਸਬ-ਰਜਿਸਟਰਾਰ ਜਲੰਧਰ-2 ਕੋਲ ਵਿਕਰੀ ਡੀਡ ਨੰ. 5136 ਮਿਤੀ 24.10.2007 ਦੇ ਅਧਾਰ 'ਤੇ ਪੰਜੀਕ੍ਰਿਤ ਸਾਲ 2001-2002 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਖਤੌਨੀ ਨੰ. 186/243, ਖਸਰਾ ਨੰ. 28//3/2, 4, 6/2/3, 7/1, 8/1, 8/2, 9/1, 11, 12, 13/1, 13/2, 13/3, 14/2, 15, 17, 18/1, 18/2, 19, 22, 23, ਹੱਦਬਸਤ ਨੰ. 205 ਵਿੱਚ ਸ਼ਾਮਲ ਸ਼੍ਰੀਮਤੀ ਸਰਲਾ ਮਿੱਢਾ ਸੁਪਤਨੀ ਸ਼੍ਰੀ ਨਰਿੰਦਰ ਕੁਮਾਰ ਮਿੱਢਾ ਅਤੇ ਸ਼੍ਰੀਮਤੀ ਵਿਧੀ ਮਿੱਢਾ ਸੁਪਤਨੀ ਸਾਹਿਲ ਮਿੱਢਾ ਨਾਲ ਸੰਬੰਧਤ 14 ਮਰਲੇ 132 ਵਰਗ ਫੁੱਟ ਮਾਪ ਵਾਲਾ ਪਿੰਡ ਰਾਓਵਾਲੀ, ਜਲੰਧਰ ਵਿਖੇ ਸਥਿਤ ਉਦਯੋਗਿਕ ਪਲਾਟ।ਹੱਦਬੰਦੀ: ਪੂਰਬ: ਹੋਰਨਾਂ ਦਾ ਪਲਾਟ, ਪੱਛਮ: ਸੁਰਿੰਦਰ ਦੇਵੀ ਦਾ ਪਲਾਟ, ਉੱਤਰ: ਸੜਕ, ਦੱਖਣ: ਰਾਮ ਲਾਲ ਦਾ ਮਕਾਨ। | 1) 08.04.2024 2) ਰੁ. 1,06,70,906.95 + 01.04.2024 ਤੋਂ ਭਾਵੀ ਵਿਆਜ, ਮੁਕੰਮਲ ਭੁਗਤਾਨ ਹੋਣ ਤੱਕ ਲਾਗਤ ਅਤੇ ਫੀਸਾਂ ਸਮੇਤ (3) 14.06.2024 4) ਭੌਤਿਕ ਕਬਜ਼ਾ | Rs. 29,12,000/-- / Rs. 2,91,2,00/- / Rs. 50,000/- | 25.09.2025 / 11:00 AM to 04:00 PM |

**ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ:-** ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 1. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 2. ਅਧਿਕਾਰਤ ਅਧਿਕਾਰੀ ਜਾਂ ਬੈਂਕ ਜਾਇਦਾਦਾਂ (ਈ-ਨਿਲਾਮੀ) ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ, ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਣਗੇ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਬੋਝ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ, ਜਾਇਦਾਦ ਟੈਕਸ ਦੇ ਬਕਾਏ, ਬਿਜਲੀ ਬਕਾਏ ਆਦਿ ਸ਼ਾਮਲ ਹਨ। 3. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਖਰਚੇ, ਸਟੈਂਪ ਡਿਊਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। ਜੇਕਰ ਬੋਲੀਕਾਰ ਦੇ ਨਾਮ 'ਤੇ ਕੋਈ ਜਾਇਦਾਦ ਆਈਡੀ/ਐਨਓਸੀ/ਕਲੀਅਰੈਂਸ/ਆਈਪੀ ਦੀ ਰਜਿਸਟ੍ਰੇਸ਼ਨ ਲਈ ਲੋੜੀਂਦੀ ਕੋਈ ਹੋਰ ਰਸਮੀ ਕਾਰਵਾਈ ਹੈ, ਤਾਂ ਰਸਮੀ ਕਾਰਵਾਈਆਂ ਅਤੇ ਖਰਚੇ ਬੋਲੀਕਾਰ ਦੁਆਰਾ ਸਹਿਣ ਕੀਤੇ ਜਾਣੇ ਚਾਹੀਦੇ ਹਨ। ਜੇਕਰ ਆਈਪੀ ਪ੍ਰਤੀਕਾਤਮਕ ਕਬਜ਼ੇ 'ਤੇ ਵੇਚਿਆ ਜਾਂਦਾ ਹੈ ਤਾਂ ਆਈਪੀ ਦਾ ਭੌਤਿਕ ਕਬਜ਼ਾ ਪ੍ਰਦਾਨ ਕਰਨਾ ਬੈਂਕ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਬੈਂਕ ਵਿਕਰੀ ਤੋਂ ਬਾਅਦ ਆਈਪੀ ਦਾ ਸਿਰਫ ਪ੍ਰਤੀਕਾਤਮਕ ਕਬਜ਼ਾ ਦੇਵੇਗਾ। 4. ਇਹ ਇੱਛੁਕ ਬੋਲੀਕਾਰ(ਆਂ) ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਮਦਦ ਮੈਨੂਅਲ ਨੂੰ ਸਹੀ ਢੰਗ ਨਾਲ ਪੜ੍ਹਨ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਨ। 5. ਬੋਲੀਕਾਰ ਨੂੰ ਸਹੀ ਇੰਟਰਨੈਟ ਕਨੈਕਟੀਵਿਟੀ, ਪਾਵਰ ਬੈਕ-ਅੱਪ ਆਦਿ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇੰਟਰਨੈਟ ਫੇਲ੍ਹ ਹੋਣ, ਬਿਜਲੀ ਫੇਲ੍ਹ ਹੋਣ ਜਾਂ ਤਕਨੀਕੀ ਕਾਰਨਾਂ ਜਾਂ ਈ-ਨਿਲਾਮੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਸੰਕਟਕਾਲਾਂ ਕਾਰਨ ਬੈਂਕ ਕਿਸੇ ਵੀ ਰੁਕਾਵਟ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 6. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ ਅਤੇ ਈਮੇਲ-ਆਈਡੀ ਦੀ ਵਰਤੋਂ ਕਰਕੇ ਪੋਰਟਲ https://baanknet.com 'ਤੇ ਰਜਿਸਟਰ ਕਰਨ। ਇਸ ਤੋਂ ਇਲਾਵਾ, ਉਹ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨਗੇ। ਇੱਕ ਵਾਰ ਜਦੋਂ KYC ਦਸਤਾਵੇਜ਼ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਤਸਦੀਕ ਹੋ ਜਾਂਦੇ ਹਨ (ਇਸ ਵਿੱਚ 2 ਜਾਂ ਵੱਧ ਕੰਮਕਾਜੀ ਦਿਨ ਲੱਗ ਸਕਦੇ ਹਨ), ਤਾਂ ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਆਪਣੇ ਗਲੋਬਲ EMD ਵਾਲੇਟ ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ EMD ਰਕਮ ਟ੍ਰਾਂਸਫਰ ਕਰਨੀ ਪਵੇਗੀ। ਆਪਣੇ ਵਾਲੇਟ ਵਿੱਚ ਕਾਫ਼ੀ EMD ਹੋਣ ਤੋਂ ਬਾਅਦ ਹੀ, ਵਿਆਜ ਬੋਲੀਕਾਰ ਈ-ਨਿਲਾਮੀ ਦੀ ਮਿਤੀ 'ਤੇ ਬੋਲੀ ਲਗਾਉਣ ਦੇ ਯੋਗ ਹੋਵੇਗਾ। 7. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25%, ਜਮ੍ਹਾ ਕੀਤੀ ਗਈ EMD ਰਕਮ ਨੂੰ ਘਟਾ ਕੇ, ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਜਮ੍ਹਾ ਕਰਵਾਉਣਾ ਹੋਵੇਗਾ ਅਤੇ ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ, 8. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ ਜਾਂ ਸਾਡੇ ਦਫ਼ਤਰ ARMB ਜਲੰਧਰ, ਅਧਿਕਾਰਤ ਦਫ਼ਤਰ, ਈ-ਮੇਲ ਆਈਡੀ: cs82490pnb.co.in ਨਾਲ ਸੰਪਰਕ ਕਰੋ।
**ਸਰਫਾਇਸੀ ਐਕਟ ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਕਾਨੂੰਨੀ 15/30 ਦਿਨਾਂ ਦੀ ਵਿਕਰੀ ਨੋਟਿਸ।**

ਮਿਤੀ: 06.09.2025 ਸਥਾਨ: ਜਲੰਧਰ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

# ਗੁਰਤੇਜ ਸਿੰਘ ਅਤਲਾ ਦਾ ਪਿੰਡ ਵਾਸੀਆਂ ਵੱਲੋਂ ਵਿਸ਼ੇਸ਼ ਸਨਮਾਨ

## ਪਿੰਡ ਵਾਸੀਆਂ ਦਾ ਹਮੇਸ਼ਾ ਰਿਣੀ ਰਹਾਂਗਾ : ਅਤਲਾ



ਮਾਨਸਾ, 7 ਸਤੰਬਰ (ਚ.ਨ.ਸ.) : ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਪਾਰਟੀ ਵਿਸਥਾਰ ਮੌਕੇ ਅਕਾਲੀ ਦਲ ਦੇ ਸਰਗਰਮ ਆਗੂ ਗੁਰਤੇਜ ਸਿੰਘ ਅਤਲਾ ਨੂੰ ਪਾਰਟੀ ਦੇ ਐਸ.ਸੀ ਵਿੰਗ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਸੀ, ਜਿਸ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੇ ਜੱਦੀ ਪਿੰਡ ਅਤਲਾ ਖੁਰਦ ਦੀ ਸੰਗਤ, ਗੁਰਦੁਆਰਾ ਬਾਬਾ ਜੀਵਨ ਸਿੰਘ ਕਮੇਟੀ ਤੇ ਨਗਰ ਪੰਚਾਇਤ ਵੱਲੋਂ ਅੱਜ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਗੁਰੂ ਘਰ ਵਿੱਚ ਕਰਵਾਏ ਸਮਾਗਮ ਮੌਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਗੁਰਤੇਜ ਸਿੰਘ ਅਤਲਾ ਨੇ ਕਿਹਾ ਕਿ ਭਾਵੇਂ ਅੱਜਕੱਲ੍ਹ ਉਹ ਰੋਜ਼ੀ ਰੋਟੀ ਦੇ ਚੱਕਰ ਵਿੱਚ ਪਟਿਆਲਾ ਵਿਖੇ ਰਹਿ ਰਿਹਾ ਹੈ। ਪਰ ਉਸਦੀ ਰੂਹ ਹਮੇਸ਼ਾ ਆਪਣੇ ਪਿੰਡ ਨਾਲ ਜੁੜੀ ਹੋਈ ਹੈ। ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਕੁਝ ਮੁਸ਼ਕਲਾਂ ਵੀ ਦੱਸੀਆਂ ਗਈਆਂ, ਜਿਸ ਬਾਰੇ ਉਹਨਾਂ ਕਿਹਾ ਕਿ ਉਹ ਇਸ ਸਬੰਧੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਗੱਲ ਕਰਨਗੇ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਸਾਂਸਦ ਦੇ ਵੀ ਧਿਆਨ ਵਿੱਚ ਲਿਆਉਣਗੇ। ਉਨ੍ਹਾਂ ਲੋਕਾਂ ਨੂੰ ਡੇਢ ਸਾਲ ਹੋਰ ਸਬਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ 2027 ਵਿਚ ਉਨ੍ਹਾਂ ਦੀ ਆਪਣੀ ਅਕਾਲੀ ਦਲ ਦੀ ਸਰਕਾਰ ਬਣਨ ਉਪਰੰਤ ਉਨ੍ਹਾਂ ਦੀ ਹਰ ਸਮੱਸਿਆ ਦਾ ਹੱਲ ਕੱਢਿਆ ਜਾਵੇਗਾ ਅਤੇ ਪਿੰਡ ਦੇ ਵਿਕਾਸ ਲਈ ਦਿਲ ਖੋਲ੍ਹਕੇ ਗ੍ਰਾਂਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਅੰਤ ਵਿਚ ਜਨਰਲ ਸਕੱਤਰ ਵਰਗੇ ਵੱਕਾਰੀ ਅਹੁਦੇ ਨਾਲ ਸਨਮਾਨਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਂਸਦ ਹਰਸਿਮਰਤ ਕੌਰ ਬਾਦਲ, ਹਲਕਾ ਮਾਨਸਾ ਦੇ ਇੰਚਾਰਜ ਵਿਨਰਜੀਤ ਗੋਲਡੀ, ਅਕਾਲੀ ਦਲ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਅਤੇ ਪ੍ਰੇਮ ਕੁਮਾਰ ਅਰੋੜਾ ਦੇ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸਨਮਾਨ ਕਰਨ ਵਾਲਿਆਂ ਵਿਚ ਪਿੰਡ ਦੇ ਸਰਪੰਚ ਜਸਪਾਲ ਸਿੰਘ, ਰਾਗੀ ਭਾਈ ਜਗਸੀਰ ਸਿੰਘ, ਰਣਜੀਤ ਸਿੰਘ ਸਾਮ੍ਹਾਂ, ਬਲਦੇਵ ਸਿੰਘ ਸਾਬਕਾ ਮੈਂਬਰ, ਬਲਜੀਤ ਸਿੰਘ ਸਾਬਕਾ ਸਰਪੰਚ, ਅਜੈਬ ਸਿੰਘ ਖਜ਼ਾਨਚੀ, ਗੁਰਨੇਕ ਸਿੰਘ, ਮੇਜਰ ਸਿੰਘ ਅਤੇ ਗੁਰਦੀਪ ਸਿੰਘ ਸਾਬਕਾ ਮੈਂਬਰ ਆਦਿ ਹਾਜ਼ਰ ਸਨ।

## ਕਰੋੜਾਂ ਦੇ ਤੇਲ ਤੇ ਮੁਰੰਮਤ ਘਪਲੇ ਦਾ ਖਦਸ਼ਾ

# ਵਿਜੀਲੈਂਸ ਦੀ ਰਾਡਾਰ 'ਤੇ ਬਠਿੰਡਾ ਨਿਗਮ




ਬਠਿੰਡਾ, 7 ਸਤੰਬਰ (ਦੀਪਕ ਸ਼ਰਮਾ) :ਸ਼ਹਿਰ ਵਿੱਚ ਲੰਬੇ ਸਮੇਂ ਤੋਂ ਘਰਾਂ ਅਤੇ ਦੁਕਾਨਾਂ ਤੋਂ ਕੂੜਾ ਨਾ ਚੁੱਕਣ ਅਤੇ ਲੋਕਾਂ ਤੋਂ ਹਰ ਮਹੀਨੇ ਫੀਸ ਵਸੂਲਣ ਦੇ ਮਾਮਲੇ ਵਿੱਚ ਵਿਜੀਲੈਂਸ ਵਿਭਾਗ ਨੇ ਨਗਰ ਨਿਗਮ ਅਧਿਕਾਰੀਆਂ ਤੋਂ ਜਵਾਬ ਮੰਗਿਆ ਹੈ। ਇਸ ਸਬੰਧੀ ਸਥਾਨਕ ਸਰਕਾਰ ਵਿਭਾਗ ਨੂੰ ਪੱਤਰ ਲਿਖ ਕੇ ਮਾਮਲੇ ਵਿੱਚ ਵੱਡੇ ਘਪਲੇ ਦੀ ਸ਼ੰਕਾ ਜਤਾਉਂਦੇ ਹੋਏ ਜਨਹਿੱਤ ਵਿੱਚ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਗਈ ਸੀ। ਨਗਰ ਨਿਗਮ ਵੱਲੋਂ ਘਰਾਂ ਤੋਂ ਰੋਜ਼ਾਨਾ ਕੂੜਾ ਇਕੱਠਾ ਕਰਕੇ ਸਾਲਿਡ ਵੇਸਟ ਪਲਾਂਟ ਤੱਕ ਪਹੁੰਚਾਉਣ ਲਈ ਹਰ ਸਾਲ ਕਰੋੜਾਂ ਰੁਪਏ ਦਾ ਬਜਟ ਜਾਰੀ ਕੀਤਾ ਜਾਂਦਾ ਹੈ। ਇਸ ਦੇ ਬਾਵਜੂਦ ਸ਼ਹਿਰ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਕਈ ਦਿਨਾਂ ਤੱਕ ਕੂੜਾ ਚੁੱਕਣ ਲਈ ਕਰਮਚਾਰੀ ਨਹੀਂ ਪਹੁੰਚ ਰਹੇ ਸਨ। ਇੰਨਾ ਹੀ ਨਹੀਂ, ਕਰਮਚਾਰੀਆਂ ਦੀ ਹੜਤਾਲ ਕਾਰਨ ਦੋ ਤੋਂ ਤਿੰਨ ਮਹੀਨਿਆਂ ਤੱਕ ਘਰਾਂ ਤੋਂ ਕੂੜਾ ਨਹੀਂ ਚੁੱਕਿਆ ਗਿਆ, ਪਰ ਲੋਕਾਂ ਨੂੰ ਹਰ ਮਹੀਨੇ ਬਿੱਲ ਭੇਜਣ ਦੇ ਨਾਲ-ਨਾਲ ਬਕਾਇਆ ਨਾ ਭਰਨ 'ਤੇ ਕਾਨੂੰਨੀ ਕਾਰਵਾਈ ਕਰਨ ਦੇ ਨੋਟਿਸ ਜਾਰੀ ਕੀਤੇ ਜਾਂਦੇ ਹਨ। ਇਸ ਸਬੰਧੀ ਸਮਾਜ ਸੇਵੀ ਅਤੇ ਆਰਟੀਆਈ ਕਾਰਕੁੰਨ ਸੰਜੀਵ ਗੋਇਲ ਵੱਲੋਂ ਪੰਜਾਬ ਸਰਕਾਰ ਦੇ ਨਾਲ-ਨਾਲ ਸਥਾਨਕ ਸਰਕਾਰ ਵਿਭਾਗ ਨੂੰ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ। ਇਸ ਸ਼ਿਕਾਇਤ ਵਿੱਚ ਕਿਹਾ ਗਿਆ ਸੀ ਕਿ ਜਦੋਂ ਘਰਾਂ ਤੋਂ ਕੂੜਾ ਨਹੀਂ ਚੁੱਕਿਆ ਜਾ ਰਿਹਾ, ਤਾਂ ਨਗਰ ਨਿਗਮ ਕਰੋੜਾਂ ਰੁਪਏ ਕਿਉਂ ਖਰਚ ਕਰ ਰਿਹਾ ਹੈ। ਇਸ ਤੋਂ ਇਲਾਵਾ, ਕੂੜਾ ਚੁੱਕੇ ਬਿਨਾਂ ਹੀ ਲੋਕਾਂ ਨੂੰ ਬਿੱਲ ਭੇਜ ਕੇ ਜ਼ਬਰਦਸਤੀ ਵਸੂਲੀ ਕਿਉਂ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਪਿਛਲੇ ਕਈ ਸਾਲਾਂ ਤੋਂ ਘਰਾਂ, ਦੁਕਾਨਾਂ ਆਦਿ ਤੋਂ ਕੂੜੇ ਦੀ ਕੁਲੈਕਸ਼ਨ ਨਗਰ ਨਿਗਮ ਆਪਣੇ ਪੱਧਰ 'ਤੇ ਕਰਵਾ ਰਿਹਾ ਹੈ, ਜਿਸ ਲਈ ਹਰ ਸਾਲ ਭਾਰਤ ਸਵੱਛਤਾ ਅਭਿਆਨ ਤਹਿਤ ਮਿਲਣ ਵਾਲੇ ਕਰੋੜਾਂ ਰੁਪਏ ਦੇ ਫੰਡ ਵੀ ਖਰਚ ਕੀਤੇ ਜਾ ਰਹੇ ਹਨ। ਇਸ ਵਿੱਚ ਮਸ਼ੀਨਰੀ, ਮਜ਼ਦੂਰੀ, ਤੇਲ ਅਤੇ ਪਹਿਲਾਂ ਦੀ ਤਰ੍ਹਾਂ ਬਿੱਲ ਬਣਾ ਕੇ ਉਨ੍ਹਾਂ ਦਾ ਭੁਗਤਾਨ ਵੀ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਨਗਰ ਨਿਗਮ ਬਠਿੰਡਾ ਲੋਕਾਂ ਤੋਂ ਹਰ ਮਹੀਨੇ ਗਾਰਬੇਜ ਕੁਲੈਕਸ਼ਨ ਦੇ ਨਾਂ 'ਤੇ ਵਸੂਲੀ ਕਰ ਰਿਹਾ ਹੈ। 95 ਫੀਸਦੀ ਲੋਕ ਨਗਰ ਨਿਗਮ ਬਠਿੰਡਾ ਦੀ ਇਸ ਗਾਰਬੇਜ ਕੁਲੈਕਸ਼ਨ ਦੀ ਸੇਵਾ ਤੋਂ ਸੰਤੁਸ਼ਟ ਨਹੀਂ ਹਨ, ਕਿਉਂਕਿ ਜ਼ਿਆਦਾਤਰ ਲੋਕਾਂ ਦੀ ਸ਼ਿਕਾਇਤ ਹੈ ਕਿ ਗਾਰਬੇਜ ਕੁਲੈਕਸ਼ਨ ਦੇ ਚਾਰਜ ਤਾਂ ਹਰ ਮਹੀਨੇ 30 ਦਿਨਾਂ ਦੇ ਵਸੂਲੇ ਜਾਂਦੇ ਹਨ, ਪਰ ਗਾਰਬੇਜ ਦੀ ਕੁਲੈਕਸ਼ਨ ਸਿਰਫ 10 ਤੋਂ 15 ਦਿਨਾਂ ਦੀ ਹੀ ਕੀਤੀ ਜਾਂਦੀ ਹੈ। ਕੁਝ ਇਲਾਕਿਆਂ ਵਿੱਚ ਤਾਂ ਹਫ਼ਤੇ ਵਿੱਚ 1-2 ਵਾਰ ਹੀ ਗਾਰਬੇਜ ਕੁਲੈਕਟ ਕਰਨ ਆਉਂਦੇ ਹਨ, ਇਸ ਦੇ ਪਿੱਛੇ ਬਹੁਤ ਵੱਡੇ ਪੱਧਰ 'ਤੇ ਹੋ ਰਹੇ ਘਪਲੇ ਦੀ ਵੀ ਸ਼ੰਕਾ ਹੈ। ਕਿਉਂਕਿ ਗਾਰਬੇਜ ਦੀ ਕੁਲੈਕਸ਼ਨ ਰੋਜ਼ਾਨਾ ਨਾ ਕਰਕੇ ਵੱਡੀ ਮਾਤਰਾ ਵਿੱਚ ਵਾਹਨਾਂ ਵਿੱਚ ਪੈਣ ਵਾਲੇ ਤੇਲ ਨੂੰ ਬਚਾਇਆ ਜਾ ਰਿਹਾ ਹੈ। ਇਸ ਵਿੱਚ ਤਤਕਾਲੀਨ ਨਗਰ ਨਿਗਮ ਕਮਿਸ਼ਨਰ ਨੇ ਤੇਲ ਚੋਰੀ ਅਤੇ ਘਪਲੇ ਨੂੰ ਲੈ ਕੇ ਵਿਜੀਲੈਂਸ ਬਿਊਰੋ ਨੂੰ ਜਾਂਚ ਦੀ ਸਿਫ਼ਾਰਸ਼ ਵੀ ਕੀਤੀ ਸੀ, ਪਰ ਇਹ ਜਾਂਚ ਵੀ ਕਾਗਜ਼ਾਂ ਵਿੱਚ ਹੀ ਦੱਬੀ ਰਹਿ ਗਈ। ਇਸ ਵਿੱਚ ਸਿਰਫ ਇੱਕ ਸਾਲ ਵਿੱਚ ਹੀ ਦੋ ਤੋਂ ਢਾਈ ਕਰੋੜ ਦੇ ਤੇਲ ਘਪਲੇ ਦੀ ਸ਼ੰਕਾ ਜਤਾਈ ਗਈ। ਨਿਗਮ ਬਠਿੰਡਾ ਵੱਲੋਂ ਨਵੇਂ ਖਰੀਦੇ ਗਏ ਗਾਰਬੇਜ ਕੁਲੈਕਸ਼ਨ ਵਾਲੇ ਟਿੱਪਰਾਂ ਵਿੱਚੋਂ ਕਈ ਟਿੱਪਰ ਮੌਜੂਦਾ ਸਮੇਂ ਵਿੱਚ ਖਰਾਬ ਅਤੇ ਖੰਡਰ ਖੜ੍ਹੇ ਹਨ, ਜਦਕਿ ਲੱਖਾਂ ਰੁਪਏ ਇਨ੍ਹਾਂ ਟਿੱਪਰਾਂ ਦੀ ਮੁਰੰਮਤ 'ਤੇ ਖਰਚ ਕੀਤੇ ਜਾ ਚੁੱਕੇ ਹਨ।

# ਵਿਧਾਇਕ ਬਲਕਾਰ ਸਿੱਧੂ ਵੱਲੋਂ ਮੀਂਹ ਪੀੜਤ ਪਿੰਡਾਂ ਦਾ ਦੌਰਾ

## ਮੁਆਵਜ਼ੇ ਅਤੇ ਨਿੱਜੀ ਸਹਾਇਤਾ ਦਾ ਐਲਾਨ



ਰਾਮਪੁਰਾ ਫੂਲ, 7 ਸਤੰਬਰ (ਮਨਪ੍ਰੀਤ ਮਿੱਟੂ): ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਵਿੱਚ ਪਿਛਲੇ ਦਿਨੀਂ ਪਈ ਤਿੱਖੀ ਬਾਰਸ਼ ਨੇ ਕਈ ਪਿੰਡਾਂ ਵਿੱਚ ਨੁਕਸਾਨ ਕੀਤਾ। ਮੀਂਹ ਕਾਰਨ ਕਈ ਘਰ ਢਹਿ ਗਏ ਅਤੇ ਲੋਕਾਂ ਦਾ ਆਮ ਜੀਵਨ ਪ੍ਰਭਾਵਿਤ ਹੋਇਆ। ਇਸ ਸਥਿਤੀ ਨੂੰ ਨਜਿੱਠਣ ਅਤੇ ਪੀੜਤ ਲੋਕਾਂ ਨੂੰ ਸਹਾਰਾ ਦੇਣ ਲਈ ਵਿਧਾਇਕ ਬਲਕਾਰ ਸਿੱਧੂ ਨੇ ਅੱਜ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਸਿੱਧੂ ਨੇ ਢਿਪਾਲੀ, ਬੁਰਜ ਗਿੱਲ, ਭਾਈ ਰੂਪਾ, ਕੋਠੇ ਸੁਖਾਨੰਦ, ਹਮੀਰਗੜ੍ਹ, ਭਗਤਾ ਭਾਈਕਾ ਅਤੇ ਦਿਆਲਪੁਰਾ ਮਿਰਜ਼ਾ ਸਮੇਤ ਕਈ ਪਿੰਡਾਂ ਵਿੱਚ ਪਹੁੰਚ ਕੇ ਘਰਾਂ ਦੇ ਨੁਕਸਾਨ ਦਾ ਮੁਆਇਨਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪ੍ਰਭਾਵਿਤ ਪਰਿਵਾਰਾਂ ਨਾਲ ਮਿਲ ਕੇ ਉਨ੍ਹਾਂ ਦੇ ਦੁੱਖ-ਦਰਦ ਸਾਂਝੇ ਕੀਤੇ। ਵਿਧਾਇਕ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਬਲਕਾਰ ਸਿੱਧੂ ਨੇ ਨਿੱਜੀ ਪੱਧਰ 'ਤੇ ਵੀ ਮੱਦਦ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਤਰਫੋਂ ਘਰਾਂ ਦੇ ਮੁੜ-ਨਿਰਮਾਣ ਲਈ ਆਰਥਿਕ ਸਹਾਇਤਾ ਪ੍ਰਦਾਨ ਕਰਨਗੇ, ਜਿਸ ਨਾਲ ਪਿੰਡ ਵਾਸੀਆਂ ਵਿੱਚ ਨਵੀਂ ਉਮੀਦ ਜਾਗੀ ਹੈ। ਲੋਕਾਂ ਨੇ ਵਿਧਾਇਕ ਦੀ ਇਸ ਮਨੁੱਖਤਾ-ਪ੍ਰੇਰਿਤ ਕਦਮ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਇਸ ਮੌਕੇ ਬਲਕਾਰ ਸਿੱਧੂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਪੰਜਾਬ ਹਮੇਸ਼ਾਂ ਖੁਸ਼ਹਾਲ ਅਤੇ ਰੰਗਲਾ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਸਮਾਜ ਦੇ ਸਹਿਯੋਗ ਨਾਲ ਕੋਈ ਵੀ ਪਰਿਵਾਰ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਨਹੀਂ ਕਰੇਗਾ। ਵਿਧਾਇਕ ਸਿੱਧੂ ਦਾ ਇਹ ਦੌਰਾ ਨਾ ਸਿਰਫ਼ ਰਾਜਨੀਤਿਕ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ, ਸਗੋਂ ਇੱਕ ਕਲਾਕਾਰ ਦੇ ਦਿਲ ਵਿੱਚ ਵੱਸਦੀਆਂ ਮਾਨਵੀ ਭਾਵਨਾਵਾਂ ਨੂੰ ਵੀ ਪ੍ਰਗਟ ਕਰਦਾ ਹੈ। ਮੀਂਹ ਪੀੜਤ ਪਰਿਵਾਰਾਂ ਲਈ ਕੀਤਾ ਗਿਆ ਇਹ ਐਲਾਨ ਲੋਕਾਂ ਲਈ ਵੱਡਾ ਸਹਾਰਾ ਸਾਬਤ ਹੋਵੇਗਾ। ਇਸ ਮੌਕੇ ਉਹਨਾਂ ਨਾਲ ਮਾਲ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਮੌਜੂਦ ਸਨ।

# ਸਾਹਿਤਕ ਅਤੇ ਬੁੱਧੀਜੀਵੀ ਸਭਾ ਨਿਹਾਲ ਸਿੰਘ ਵਾਲਾ ਨੇ ਸਨਮਾਨ ਸਮਾਰੋਹ ਕਰਵਾਇਆ



ਭਗਤਾ ਭਾਈ ਕਾ, 7 ਸਤੰਬਰ (ਸਵਰਨ ਸਿੰਘ ਭਗਤਾ):ਸਭਾ ਸਾਹਿਤਕ ਅਤੇ ਬੁੱਧੀਜੀਵੀ ਸਭਾ ਨਿਹਾਲ ਸਿੰਘ ਵਾਲਾ ਵੱਲੋਂ ਪਿੰਡ ਗਾਜੀਆਣਾ ਵਿਖੇ ਜਗਤ ਪ੍ਰਸਿੱਧ ਉੱਘੇ ਕਬੱਡੀ ਖਿਡਾਰੀ ਕਾਲਾ,ਜੀਤਾ ਅਤੇ ਰਾਜੇ ਦੇ ਗ੍ਰਹਿ ਵਿਖੇ ਇੱਕ ਸਾਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯਸ਼ ਪੱਤੋ ਨੇ ਦੱਸਿਆ ਕਿ ਇਸ ਮੌਕੇ ਲੇਖਕਾਂ ਅਤੇ ਬੁੱਧੀਜੀਵੀਆਂ ਵੱਲੋਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਦੀ ਅਰਦਾਸ ਕੀਤੀ। ਉਪਰੰਤ ਕੁਝ ਵਿੱਛੜੀਆਂ ਰੂਹਾਂ ਜਸਵਿੰਦਰ ਸਿੰਘ ਭੱਲਾ, ਮਾਤਾ ਗੁਰਚਰਨ ਕੌਰ ਅਤੇ ਮਾਤਾ ਸੁਰਜੀਤ ਕੌਰ ਜੋ ਕਿ ਕ੍ਰਮਵਾਰ ਸਾਹਿਤਕਾਰ ਪ੍ਰਗਟ ਸਿੰਘ ਸਮਾਧ ਭਾਈ ਅਤੇ ਕੁਲਵੰਤ ਮਾਨ ਭਾਦੌੜ ਮਾਤਾਵਾਂ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾਇਆ ਅਤੇ ਸ਼ਰਧਾਂਜਲੀ ਭੇਂਟ ਕੀਤੀ। ਇਸ ਉਪਰੰਤ ਸਮਾਗਮ ਦੇ ਪ੍ਰਧਾਨਗੀ ਦੀ ਸੇਵਾ ਨਿਭਾਅ ਰਹੇ ਮੰਚ ਪ੍ਰਧਾਨ ਸੁਖਦੇਵ ਸਿੰਘ ਖਾਲਸਾ ਵੱਲੋਂ ਵਿਸ਼ੇਸ਼ ਸੱਦੇ 'ਤੇ ਪਹੁੰਚੇ ਮਹਿਮਾਨਾਂ ਨਾਲ ਜਾਣ ਪਹਿਚਾਣ ਕਰਵਾਈ। ਇਸ ਮੌਕੇ ਉੱਘੇ ਹਾਸਰਸ ਕਲਾਕਾਰ ਜਗਸੀਰ ਸਿੰਘ ਲੁਹਾਰਾ ਉਰਫ਼ ਜਾਗਰ ਅਮਲੀ ਅਤੇ ਅਨੇਕਾਂ ਪੁਸਤਕਾਂ ਦੇ ਰਚੇਤਾ ਉੱਘੇ ਵਿਅੰਗਕਾਰ ਉਸਤਾਦ ਸਵਰਨ ਸਿੰਘ ਪਤੰਗ ਨੂੰ ਸਿਰੋਪਾਓ ਅਤੇ ਯਾਦਗਰੀ ਚਿੰਨ੍ਹ ਭੇਂਟ ਕੀਤੇ। ਉਪਰੰਤ ਦੋਵੇਂ ਮਹਿਮਾਨਾਂ ਵੱਲੋਂ ਆਪਣੇ ਤਜਰਬੇ ਸਾਂਝੇ ਕੀਤੇ ਗਏ । ਇਸ ਮੌਕੇ ਸੁਖਦੇਵ ਸਿੰਘ ਖਾਲਸਾ ਵੱਲੋਂ ਉਹਨਾਂ ਦੀ ਕਾਰਗੁਜ਼ਾਰੀ 'ਤੇ ਵੀ ਚਾਨਣਾ ਪਾਇਆ। ਇਸ ਮੌਕੇ ਪਰਮਜੀਤ ਸਿੰਘ ਰਾਜਗੜ੍ਹ ਵੱਲੋਂ ਉਸਤਾਦ ਪਤੰਗ ਅਤੇ ਜਗਸੀਰ ਲੁਹਾਰਾ ਨੂੰ ਪੰਜਾਬੀ ਸਰੋਤਿਆਂ ਦੇ ਬਾਦਸ਼ਾਹ ਦੱਸਿਆ,ਪੰਜਾਬੀ ਲਿਖਾਰੀ ਸਭਾ ਨਿਹਾਲ ਦੇ ਪ੍ਰਧਾਨ ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ ਵੱਲੋਂ ਜਿੱਥੇ ਸਮੁੱਚੇ ਗਾਜੀਆਣਾ ਪਰਿਵਾਰ ਦਾ ਵਧੀਆ ਪ੍ਰਬੰਧਾਂ ਲਈ ਧੰਨਵਾਦ ਕੀਤਾ। ਉੱਥੇ ਦੋਵੇਂ ਮਹਿਮਾਨਾਂ ਨੂੰ ਜੀਓ ਆਇਆਂ ਆਖਿਆ। ਮੰਚ ਦਾ ਸੰਚਾਲਨ ਉੱਘੇ ਕਲਮਕਾਰ ਯਸ਼ ਪੱਤੋ ਵੱਲੋਂ ਬਹੁਤ ਵਧੀਆ ਢੰਗ ਨਾਲ ਨਿਭਾਇਆ ਗਿਆ। ਇਸ ਮੌਕੇ ਡਾਕਟਰ ਗੁਰਜੀਤ ਸਿੰਘ ਖਾਈ, ਸੋਨੂੰ ਪੱਤੋਂ, ਲਖਵਿੰਦਰ ਸਿੰਘ ਲੁਹਾਰਾ,ਰਾਜਿੰਦਰ ਸਿੰਘ ਮਾਣੂਕੇ, ਜਸਵੀਰ ਸਿੰਘ ਧੂੜਕੋਟ,ਲੱਖੀ ਬਰਾੜ ਗਾਜੀਆਣਾ, ਲੋਕ ਗਾਇਕ ਐਸ ਸੁਖਵੀਰ ,ਸੀਰਾ ਖ਼ਾਨ, ਯਸ਼ ਪੱਤੋ ਅਤੇ ਜੀਤ ਗਾਜੀਆਣਾ ਨੇ ਆਪਣੀਆਂ ਰਚਨਾਵਾਂ ਰਾਹੀਂ ਚਾਰ ਚੰਨ ਲਾਏ। ਪ੍ਰੋਗਰਾਮ ਦੀ ਸਮਾਪਤੀ 'ਤੇ ਸਭਾ ਦੇ ਪ੍ਰਧਾਨ ਸੁਖਦੇਵ ਸਿੰਘ ਖਾਲਸਾ ਵੱਲੋਂ ਹਾਜ਼ਰ ਹੋਏ ਲੇਖਕਾਂ ਬੁੱਧੀਜੀਵੀਆਂ ਅਤੇ ਗਾਇਕ ਕਲਾਕਾਰਾਂ ਤੋਂ ਇਲਾਵਾ ਕਬੱਡੀ ਜਗਤ ਦੇ ਧਰੂ ਤਾਰੇ ਸਮੁੱਚੇ ਗਾਜੀਆਣਾ ਪਰਿਵਾਰ ਦਾ ਧੰਨਵਾਦ ਕੀਤਾ।

# ਵਿਧਾਇਕ ਦੇ ਵਤੀਰ ਦੀ ਆਗੂਆਂ ਵੱਲੋਂ ਪੁਰਜ਼ੋਰ ਨਿੰਦਾ

ਜੋਗਾ,7 ਸਤੰਬਰ (ਵਿਰੇਂਦਰਪਾਲ ਮੰਤਰੋ): ਹਲਕਾ ਨਕੋਦਰ ਦੀ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਵੱਲੋਂ ਬੰਨ੍ਹ ਦੇ ਕੀਤੇ ਜਾ ਰਹੇ ਦੌਰੇ ਦੌਰਾਨ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਮਰੀਕ ਸਿੰਘ ਭਾਰਸਿੰਗਪੁਰ ਨਾਲ ਕੀਤੇ ਦੁਰਵਿਹਾਰ 'ਤੇ ਇਤਰਾਜ਼ ਕਰਦੇ ਹੋਏ ਬਲਾਕ ਭੀਖੀ ਦੇ ਆਗੂਆਂ ਅਵਤਾਰ ਸਿੰਘ ਤੇ ਅਜੈਬ ਸਿੰਘ ਰੱਲਾ, ਗੁਰਨਾਮ ਸਿੰਘ ਭੀਖੀ ਤੇ ਮਲਕੀਤ ਰਾਮ ਭੀਖੀ ਅਤੇ ਬਲਦੇਵ ਸਿੰਘ ਫਰਮਾਹੀਂ ਨੇ ਕਿਹਾ, ਕਿ ਇੱਕ ਜ਼ਿੰਮੇਵਾਰ ਲੀਡਰ ਨੂੰ ਇਸ ਤਰ੍ਹਾਂ ਦੀ ਸ਼ਬਦਾਵਲੀ ਸ਼ੋਭਾ ਨਹੀਂ ਦਿੰਦੀ। ਉਹਨਾਂ ਹੋਰ ਕਿਹਾ ਕਿ ਵਿਧਾਇਕਾ ਬਣਨ ਤੋਂ ਬਾਅਦ ਐਮ ਐਲ ਏ ਸਾਹਿਬਾ ਨੂੰ ਇਕੱਠਾਂ 'ਚ ਵਿਚਰ ਕੇ ਲੋਕਾਂ ਨਾਲ ਗੱਲਬਤ ਕਰਨ ਲਈ ਕਿਸੇ ਉੱਚ ਕੋਟੀ ਦੇ ਸਿਆਸਤਦਾਨ ਤੋਂ ਸਿੱਖਿਆ ਲੈਣੀ ਚਾਹੀਦੀ ਸੀ। ਕਿਉਂਕਿ ਵਧੀਆ ਆਗੂ ਸਵਾਲ ਕਰਨ ਵਾਲਿਆਂ ਨਾਲ ਬਹਿਸ ਨਹੀਂ ਕਰਦੇ ਬਲਕਿ ਪਬਲਿਕ ਦੀ ਆਪਣੀਆਂ ਦਲੀਲਾਂ ਨਾਲ ਤਸੱਲੀ ਕਰਵਾਉਂਦੇ ਹਨ। ਇਸ ਲਈ ਅਸੀਂ ਵਿਧਾਇਕਾ ਵੱਲੋਂ ਕਿਸਾਨ ਆਗੂ ਨਾਲ ਕੀਤੇ ਇਸ ਘਟੀਆ ਵਤੀਰੇ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਅਤੇ ਐਮ ਐਲ ਏ ਸਾਹਿਬ ਨੂੰ ਵਾਰਨਿੰਗ ਦਿੰਦੇ ਹਾਂ, ਕਿ ਜੇਕਰ ਆਪਣੇ ਇਸ ਘਟੀਆ ਵਤੀਰੇ ਲਈ ਜਨਤਕ ਤੌਰ 'ਤੇ ਮੁਆਫੀ ਨਾ ਮੰਗੀ ਤਾਂ ਜਥੇਬੰਦੀ ਦੀ ਸੂਬਾ ਕਮੇਟੀ ਵੱਲੋਂ ਇਸ ਬਾਰੇ ਐਕਸ਼ਨ ਲਿਆ ਜਾਵੇਗਾ। ਜ਼ਿਲ੍ਹਾ ਕਮੇਟੀ ਮਾਨਸਾ ਦੇ ਸਹਿਯੋਗ ਨਾਲ ਬਲਾਕ ਭੀਖੀ ਵੱਲੋਂ ਵੱਡਾ ਯੋਗਦਾਨ ਪਾਇਆ ਜਾਵੇਗਾ।

# ਗਰੀਬ ਪਰਿਵਾਰ ਦੇ ਕਮਰੇ ਢਹਿ ਢੇਰੀ, ਸਰਕਾਰ ਤੋਂ ਲਗਾਈ ਮੱਦਦ ਦੀ ਗੁਹਾਰ



ਲਹਿਰਾਗਾਗਾ, 7 ਸਤੰਬਰ (ਗੁਰਦੀਪ ਸਿੰਘ): ਪਿਛਲੇ ਲੱਗਭੱਗ ਪੰਦਰਾਂ ਦਿਨਾਂ ਤੋਂ ਹੋ ਰਹੀ ਭਾਰੀ ਬਾਰਿਸ਼ ਕਾਰਨ ਪੰਜਾਬ ਵਿੱਚ ਕੋਹਰਾਮ ਮੱਚਿਆ ਹੋਇਆ ਹੈ, ਜਿਸ ਕਰਕੇ ਸਮੁੱਚੇ ਪੰਜਾਬੀਆਂ ਦਾ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਪਿਆ ਹੈ। ਭਾਰੀ ਬਾਰਿਸ਼ ਹੋਣ ਕਾਰਨ ਜਿੱਥੇ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉੱਥੇ ਗਰੀਬ ਲੋਕਾਂ ਦੇ ਘਰ ਢਹਿਣ ਨਾਲ ਉਨ੍ਹਾਂ ਨੂੰ ਵੱਡੀ ਪੱਧਰ 'ਤੇ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਪਿਛਲੇ ਦਿਨੀਂ ਲਹਿਰਾ ਇਲਾਕੇ ਵਿੱਚ ਮੋਹਲੇਧਾਰ ਬਾਰਿਸ਼ ਪੈਣ ਕਾਰਨ ਪਿੰਡ ਕੋਟੜਾ ਲਹਿਲ ਦੇ ਇੱਕ ਗਰੀਬ ਦਲਿਤ ਪਰਿਵਾਰ ਮੇਜਰ ਸਿੰਘ ਸਪੁੱਤਰ ਲਛਮਣ ਸਿੰਘ ਦੇ ਦੋਨੋਂ ਕਮਰੇ ਢਹਿ ਢੇਰੀ ਹੋ ਗਏ ਹਨ, ਜਿਸ ਕਾਰਨ ਉਹ ਪਰਿਵਾਰ ਪਿੰਡ ਦੀ ਧਰਮਸ਼ਾਲਾ ਵਿੱਚ ਸ਼ਰਨ ਲਈ ਬੈਠਾ ਹੈ। ਇਹ ਪਰਿਵਾਰ ਮਿਹਨਤ ਮਜ਼ਦੂਰੀ ਕਰਨ ਵਾਲਾ ਪਰਿਵਾਰ ਹੈ, ਜੋ ਆਰਥਿਕ ਤੰਗੀ ਹੋਣ ਕਾਰਨ ਆਪਣਾ ਮਕਾਨ ਦੁਬਾਰਾ ਨਹੀਂ ਬਣਾ ਸਕਦਾ। ਇਸ ਤੋਂ ਇਲਾਵਾ ਤੇਜੋ ਕੌਰ ਵਿਧਵਾ ਮੱਘਰ ਸਿੰਘ, ਰਾਜੂ ਸਿੰਘ ਅਤੇ ਮਾਘੀ ਸਿੰਘ ਤੋਂ ਇਲਾਵਾ ਹੋਰ ਘਰਾਂ ਨੂੰ ਵੀ ਕਾਫੀ ਨੁਕਸਾਨ ਪੁੱਜਿਆ ਹੈ। ਇਹਨਾਂ ਸਾਰੇ ਪਰਿਵਾਰਾਂ ਦੀ ਆਰਥਿਕ ਸਥਿਤੀ ਬਹੁਤ ਮਾੜੀ ਹੈ। ਪਿੰਡ ਕੋਟੜਾ ਲਹਿਲ ਤੋਂ ਅਮਨਦੀਪ ਸਿੰਘ ਪੰਚ,ਯੂਥ ਆਗੂ ਨਿਰਮਲ ਸਿੰਘ, ਬਾਰੂ ਸਿੰਘ ਪੰਚ, ਭੁਵਿੰਦਰ ਸਿੰਘ ਪੰਚ, ਜਗਦੇਵ ਸਿੰਘ ਪੰਚ ਤੇ ਕ੍ਰਿਸ਼ਨ ਸਿੰਘ ਪੰਚ ਨੇ ਪੰਜਾਬ ਸਰਕਾਰ ਤੋਂ ਮੱਦਦ ਦੀ ਗੁਹਾਰ ਲਾਉਂਦੇ ਹੋਏ ਕਿਹਾ ਕਿ ਇਨ੍ਹਾਂ ਲੋੜਵੰਦ ਪਰਿਵਾਰਾਂ ਲਈ ਮਕਾਨ ਦੀ ਉਸਾਰੀ ਵਾਸਤੇ ਮਾਲੀ ਮੱਦਦ ਕੀਤੀ ਜਾਵੇ, ਤਾਂ ਕਿ ਇਹ ਪਰਿਵਾਰ ਆਪਣਾ ਰਹਿਣ ਬਸੇਰਾ ਬਣਾ ਕੇ ਉਸ ਵਿੱਚ ਆਪਣੇ ਬੱਚਿਆਂ ਨੂੰ ਲੈ ਕੇ ਬੈਠ ਸਕਣ।

# ਸਰਕਾਰ ਨੁਕਸਾਨੇ ਨਰਮੇ ਦੀ ਸਪੈਸ਼ਲ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦੇਵੇ : ਭੂੰਦੜ



ਸਰਦੂਲਗੜ੍ਹ, 7 ਸਤੰਬਰ ( ਲਛਮਣ ਸਿੱਧੂ):ਹਲਕਾ ਸਰਦੂਲਗੜ੍ਹ ਦੇ ਵਿੱਚ ਘੱਗਰ ਦਰਿਆ ਦੀ ਮਾਰ ਦਾ ਖ਼ਤਰਾ ਬਣਿਆ ਹੋਇਆ ਹੈ । ਜਿਸ ਤੋਂ ਬਚਣ ਲਈ ਇਲਾਕੇ ਦੇ ਲੋਕ ਦਿਨ ਰਾਤ ਜੱਦੋ ਜਹਿਦ ਕਰ ਰਹੇ ਹਨ । ਕੁਦਰਤ ਕ੍ਰਿਪਾ ਕਰੇ ਇਲਾਕੇ ਦੇ ਲੋਕਾਂ ਦੀ ਸਖ਼ਤ ਮਿਹਨਤ ਨੂੰ ਫ਼ਲ ਲੱਗੇ ਤੇ ਪੁੱਤਾਂ ਵਾਂਗ ਪਾਲੀ ਫ਼ਸਲ ਨੂੰ ਨੁਕਸਾਨ ਨਾ ਪਹੁੰਚੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਭਾਰੀ ਬਰਸਾਤ ਦੇ ਨਾਲ ਨਰਮਾ ਪੱਟੀ ਦੇ ਪਿੰਡਾਂ ਵਿੱਚ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ । ਨਰਮੇ ਦੀ ਫਸਲ ਤਬਾਹ ਹੋ ਚੁੱਕੀ ਹੈ । ਇਸ ਲਈ ਸਰਕਾਰ ਨੂੰ ਸਪੈਸ਼ਲ ਗਿਰਦਾਵਰੀ ਕਰਵਾ ਕੇ ਨਰਮੇ ਦੇ ਬਾਰਿਸ਼ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਦੇਣਾ ਚਾਹੀਦਾ ਹੈ। ਇਸ ਮੌਕੇ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ ਸਰਦੂਲਗੜ੍ਹ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਗਿਆ ਹੈ ਕਿ ਭਾਰੀ ਬਰਸਾਤ ਕਾਰਨ ਇਲਾਕੇ ਦੇ ਪਿੰਡਾਂ ਵਿੱਚ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ । ਨੁਕਸਾਨੇ ਘਰਾਂ ਕਾਰਨ ਆਮ ਲੋਕਾਂ ਦਾ ਘਰਾਂ ਵਿੱਚ ਰਹਿਣਾ ਮੁਸ਼ਕਿਲ ਹੋ ਗਿਆ ਹੈ । ਪੰਜਾਬ ਦੀ ਮੌਜੂਦਾ ਸਰਕਾਰ ਨੂੰ ਤੁਰੰਤ ਪਿੰਡਾਂ ਵਿੱਚ ਗਰੀਬਾਂ ਦੇ ਘਰਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੇ ਉਹਨਾਂ ਦੀ ਮੁਰੰਮਤ ਤੇ ਮੁੜ ਉਸਾਰੀ ਲਈ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ । ਇਸ ਮੌਕੇ ਉਹਨਾਂ ਨਾਲ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੁਰਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਲਦੇਵ ਸਿੰਘ ਮੀਰਪੁਰ, ਤਰਸੇਮ ਚੰਦ ਭੋਲੀ , ਮੇਵਾ ਸਿੰਘ ਸਰਪੰਚ, ਨਿਰਮਲ ਸਿੰਘ ਨਾਹਰਾ, ਸ਼ੇਰ ਸਿੰਘ ਸਰਪੰਚ , ਸੰਦੀਪ ਸਿੰਘ ਗਾਗੋਵਾਲ , ਬੋਘਾ ਸਿੰਘ ਗੇਹਲੇ , ਕਸ਼ਮੀਰ ਸਿੰਘ ਚਹਿਲ ਆਦਿ ਹਾਜ਼ਰ ਸਨ ।

# ਵੈਟਰਨਰੀ ਅਫ਼ਸਰ ਅਤੇ ਡਾਕਟਰ ਵੀ ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਆਏ ਅੱਗੇ




ਸੰਗਰੂਰ, 7 ਸਤੰਬਰ (ਹਰਕੰਵਲ ਸਿੰਘ ਹੈਪੀ):ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰੇਰਨਾ ਸਦਕਾ ਜ਼ਿਲ੍ਹਾ ਸੰਗਰੂਰ ਦੇ ਵੈਟਰਨਰੀ ਅਫ਼ਸਰਾਂ ਅਤੇ ਡਾਕਟਰਾਂ ਨੇ ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਹਰ ਸੰਭਵ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਉਹਨਾਂ ਅੱਜ ਸਥਾਨਕ ਰੈਸਟ ਹਾਊਸ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਦਾ ਟਰੱਕ ਵੀ ਭੇਜਿਆ, ਜਿਸ ਨੂੰ ਹਰਪਾਲ ਸਿੰਘ ਚੀਮਾ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਚੀਮਾ ਨੇ ਕਿਹਾ ਕਿ ਅੱਜ ਪੰਜਾਬ ਅਤੇ ਪੰਜਾਬੀ ਲੋਕ ਬਹੁਤ ਹੀ ਕੁਦਰਤੀ ਮਾਰ ਦਾ ਸਾਹਮਣਾ ਕਰ ਰਹੇ ਹਨ। ਇਸ ਔਖੀ ਘੜੀ ਵਿੱਚ ਪੀੜ੍ਹਤ ਲੋਕਾਂ ਨਾਲ ਪੂਰਾ ਪੰਜਾਬ ਚੱਟਾਨ ਵਾਂਗ ਖੜ੍ਹਾ ਹੈ। ਉਹਨਾਂ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਵੱਲੋਂ ਪਹਿਲੇ ਦਿਨ ਤੋਂ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ, ਉੱਥੇ ਹੀ ਆਮ ਲੋਕਾਂ ਵੱਲੋਂ ਵੀ ਪੰਜਾਬ ਸਰਕਾਰ ਦੀ ਅਪੀਲ ਉੱਤੇ ਪੀੜ੍ਹਤ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਕੰਮ ਕਰਦੇ ਸਮੂਹ ਵੈਟਰਨਰੀ ਅਫ਼ਸਰਾਂ ਅਤੇ ਡਾਕਟਰਾਂ ਨੇ ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਹਰ ਸੰਭਵ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ, ਜੋ ਕਿ ਬਹੁਤ ਹੀ ਵਧੀਆ ਉਪਰਾਲਾ ਹੈ। ਉਹਨਾਂ ਕਿਹਾ ਕਿ ਸਮੂਹ ਵੈਟਰਨਰੀ ਅਫ਼ਸਰਾਂ ਅਤੇ ਡਾਕਟਰਾਂ ਨੇ ਇਕੱਠੇ ਹੋ ਕੇ ਹੜ੍ਹ ਦੌਰਾਨ ਅਤੇ ਹੜ੍ਹ ਉਪਰੰਤ ਲੋੜ ਪੈਣ ਵਾਲੀਆਂ ਦਵਾਈਆਂ, ਪਸ਼ੂਆਂ ਲਈ ਫੀਡ ਅਤੇ ਹੋਰ ਰਾਹਤ ਸਮੱਗਰੀ ਇਕੱਤਰ ਕਰਕੇ ਅੱਜ ਇਕ ਟਰੱਕ ਪ੍ਰਭਾਵਿਤ ਇਲਾਕਿਆਂ ਲਈ ਭੇਜਿਆ ਹੈ। ਇਸਦੇ ਨਾਲ ਹੀ ਸਮੂਹ ਵੈਟਰਨਰੀ ਅਫ਼ਸਰਾਂ ਅਤੇ ਡਾਕਟਰਾਂ ਨੇ ਫੈਸਲਾ ਕੀਤਾ ਹੈ ਕਿ ਉਹ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਨਿਰਸਵਾਰਥ ਸੇਵਾ ਕਰਨਗੇ । ਚੀਮਾ ਨੇ ਸਮੂਹ ਵੈਟਰਨਰੀ ਅਫ਼ਸਰਾਂ ਅਤੇ ਡਾਕਟਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਸੀਬਤ ਦੀ ਘੜੀ ਵਿੱਚ ਪੀੜਤ ਲੋਕਾਂ ਦੀ ਮੱਦਦ ਲਈ ਅੱਗੇ ਆਉਣ। ਇਸ ਮੌਕੇ ਵਿੱਤ ਮੰਤਰੀ ਦੇ ਓ ਐਸ ਡੀ ਐਡਵੋਕੇਟ ਤਪਿੰਦਰ ਸਿੰਘ ਸੋਹੀ, ਡਾ ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੰਗਰੂਰ, ਡਾ ਪਰਮਿੰਦਰ ਸਿੰਘ ਚੋਪੜਾ, ਡਾ ਜਸਕਰਨ ਸਿੰਘ ਐਸ ਵੀ ਓਂ ਧੂਰੀ, ਡਾ ਦੁਸਯੰਤ, ਬਲਜਿੰਦਰ ਸਿੰਘ ਚੰਗਾਲ, ਡਾਕਟਰ ਪਰਮਿੰਦਰਜੀਤ ਸਿੰਘ ਐਸਡੀਓ ਸੰਗਰੂਰ, ਡਾਕਟਰ ਕਿਰਨਜੀਤ ਸਿੰਘ, ਡਾਕਟਰ ਪ੍ਰਭਜੋਤ ਸਿੰਘ, ਡਾ ਟੀ ਪੀ ਸਿੰਘ ਧੂਰੀ, ਡਾ ਅਤਰੀ, ਡਾ ਸਿਮਰਜੋਤ, ਰਵਿੰਦਰ ਸਿੰਘ ਜੌਹਲ ਅਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਵਿੱਤ ਮੰਤਰੀ ਦੇ ਓ ਐਸ ਡੀ ਐਡਵੋਕੇਟ ਤਪਿੰਦਰ ਸਿੰਘ ਸੋਹੀ, ਡਾ ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੰਗਰੂਰ, ਡਾ ਪਰਮਿੰਦਰ ਸਿੰਘ ਚੋਪੜਾ, ਡਾ ਜਸਕਰਨ ਸਿੰਘ ਐਸ ਵੀ ਓ ਧੂਰੀ, ਡਾ ਦੁਸਯੰਤ, ਬਲਜਿੰਦਰ ਸਿੰਘ ਚੰਗਾਲ, ਡਾਕਟਰ ਪਰਮਿੰਦਰਜੀਤ ਸਿੰਘ ਐਸਡੀਓ ਸੰਗਰੂਰ, ਡਾਕਟਰ ਕਿਰਨਜੀਤ ਸਿੰਘ, ਡਾਕਟਰ ਪ੍ਰਭਜੋਤ ਸਿੰਘ, ਡਾ ਟੀ ਪੀ ਸਿੰਘ ਧੂਰੀ, ਡਾ ਅਤਰੀ, ਡਾ ਸਿਮਰਜੋਤ, ਰਵਿੰਦਰ ਸਿੰਘ ਜੌਹਲ ਅਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬਿਕਰਮ ਸਿੰਘ ਮੋਫਰ ਨੇ ਬੰਨ੍ਹਾਂ ਦਾ ਲਿਆ ਜਾਇਜ਼ਾ



ਸਰਦੂਲਗੜ੍ਹ, 7 ਸਤੰਬਰ ( ਲਛਮਣ ਸਿੱਧੂ ):ਹਲਕਾ ਸਰਦੂਲਗੜ੍ਹ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਤੇ ਸਾਬਕਾ ਜ਼ਿਲ੍ਹਾ ਪਰਿਸ਼ਦ ਚੇਅਰਮੈਨ ਬਿਕਰਮ ਸਿੰਘ ਮੋਫਰ ਅਤੇ ਡੇਰਾ ਬਾਬਾ ਭਾਈ ਗੁਰਦਾਸ ਦੇ ਮੁਖੀ ਮਹੰਤ ਕੇਸ਼ਵ ਮੁਨੀ ਨੇ ਘੱਗਰ ਦੇ ਨਾਲ ਲੱਗਦੇ ਪਿੰਡਾਂ ਸਾਧੂਵਾਲਾ ,ਫੂਸ ਮੰਡੀ ,ਆਲੂਪੁਰ ,ਸਰਦੂਲਗੜ੍ਹ ,, ਕਾਨੇਵਾਲਾ, ਭੂੰਦੜ ,ਰਣਜੀਤਗੜ੍ਹ ਬਾਂਦਰ ਆਦਿ ਦੇ ਬੰਨ੍ਹਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਉਹਨਾਂ ਕਿਹਾ ਕਿ ਸਥਾਨਕ ਲੋਕਾਂ ਵੱਲੋਂ ਆਪੋ ਆਪਣੇ ਪਿੰਡਾਂ ਨੂੰ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸਰਾਹਣਾ ਕੀਤੀ ਅਤੇ ਪਿੰਡ ਵਾਲਿਆਂ ਦੀ ਜ਼ਰੂਰਤ ਮੁਤਾਬਕ ਹਰ ਪਿੰਡ ਨੂੰ ਬਿਕਰਮ ਸਿੰਘ ਮੋਫਰ ਵੱਲੋਂ ਡੀਜਲ ਤੇਲ ਦੀ ਸੇਵਾ ਕੀਤੀ ਗਈ। ਇਸ ਮੌਕੇ ਉਹਨਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਹਰ ਕੋਈ ਮਨੁੱਖਤਾ ਦੇ ਨਾਂ 'ਤੇ ਆਪਣਾ ਫਰਜ਼ ਨਿਭਾਏ ਤਾਂ ਹੀ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਉਹਨਾਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਇੱਕਜੁੱਟ ਹੋ ਕੇ ਹੜ੍ਹਾਂ ਦੀ ਇਸ ਜੰਗ ਨੂੰ ਜਿੱਤਣ ਦਾ ਸੁਨੇਹਾ ਦਿੱਤਾ। ਮੋਫਰ ਵੱਲੋਂ ਲੋਕਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਮੋਫਰ ਪਰਿਵਾਰ ਹਰ ਸਮੇਂ ਆਪਣੇ ਇਲਾਕੇ ਲੋਕਾਂ ਦੇ ਨਾਲ ਖੜ੍ਹਾ ਹੈ। ਉਹਨਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਪੀੜਤਾਂ ਦੀ ਆਵਾਜ਼ ਬਣੀ ਹੈ ਅਤੇ ਅਗਾਂਹ ਵੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਠਾਉਂਦੀ ਰਹੇਗੀ। ਇੱਥੇ ਜ਼ਿਕਰ ਯੋਗ ਹੈ ਕਿ ਘੱਗਰ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਾਰੇ ਆਗੂ ਇਸ ਤਰ੍ਹਾਂ ਅੱਗੇ ਆਉਣ ਤਾਂ ਹੜ੍ਹ ਕਾਰਨ ਪੈਦਾ ਹੋ ਰਹੀਆਂ ਮੁਸ਼ਕਿਲਾਂ ਦਾ ਹੱਲ ਕੱਢਿਆ ਜਾ ਸਕਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਯੂਥ ਕਾਂਗਰਸ ਸਰਦੂਲਗੜ੍ਹ ਦੇ ਹਲਕਾ ਪ੍ਰਧਾਨ ਲਛਮਣ ਸਿੰਘ ਦਸੌਂਦੀਆ,ਸੀਨੀਅਰ ਆਗੂ ਸਤਪਾਲ ਵਰਮਾ ,ਜਗਸੀਰ ਸਿੰਘ ਜੱਗੀ ਜੱਫਾ ਐਮ ਸੀ ਸਰਦੂਲਗੜ੍ਹ, ਸੁਖਵਿੰਦਰ ਸਿੰਘ ਸੁੱਖਾ ਭਾਊ,ਬਲਵੰਤ ਸਿੰਘ ਕੋਰਵਾਲਾ ਬਲਾਕ ਪ੍ਰਧਾਨ ਝਨੀਰ , ਜਸਵਿੰਦਰ ਸਿੰਘ ਮਾਨ ਕੌਰਵਾਲਾ,ਮਾਸਟਰ ਨਿਰਮਲ ਸਿੰਘ ਰਣਜੀਤਗੜ੍ਹ ਬਾਂਦਰਾ ,ਐਡਵੋਕੇਟ ਭੁਪਿੰਦਰ ਸਿੰਘ ਸਰਾਂ, ਐਡਵੋਕੇਟ ਕ੍ਰਿਸ਼ਨ ਬਾਠ ,ਸ਼ਹਿਰੀ ਪ੍ਰਧਾਨ ਮਾਥਰਾ ਦਾਸ ਗਰਗ ,ਸੀਨੀਅਰ ਕਾਂਗਰਸੀ ਆਗੂ ਮੱਖਣ ਸਿੰਘ ਭੂੰਦੜ, ਐਸ. ਸੀ ਵਿੰਗ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਮੀਰਪੁਰ ,ਬਿੰਦਰ ਸਿੰਘ ਸਾਧੂਵਾਲਾ,ਅਤੇ ਸਮੂਹ ਪਿੰਡਾਂ ਦੀਆਂ ਪੰਚਾਇਤਾਂ ਅਤੇ ਕਾਂਗਰਸ ਪਾਰਟੀ ਦੇ ਮੋਹਤਬਰ ਆਗੂ ਹਾਜ਼ਰ ਸਨ।

# ਡਾ. ਅੰਬੇਡਕਰ ਸਟੂਡੈਂਟ ਫਰੰਟ ਆਫ ਇੰਡੀਆ ਵੱਲੋਂ ਪੰਜਾਬ ਰਾਜ ਦੀ ਨਵੀਂ ਟੀਮ ਦਾ ਐਲਾਨ

ਅਰਨੋ, 7 ਸਤੰਬਰ (ਕਰਮਵੀਰ ਸਿੰਘ): ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ ਟੀਮ ਜੋ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਲਗਾਤਾਰ ਲੰਬੇ ਸਮੇਂ ਤੋਂ ਵਿਦਿਆਰਥੀਆਂ ਦੇ ਹੱਕ ਅਧਿਕਾਰਾਂ ਲਈ ਲੜਾਈ ਲੜਦੀ ਆ ਰਹੀ ਹੈ। ਦੇਸ਼ ਦੇ ਬਹੁਤ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀਆਂ ਟੀਮਾਂ ਬਣੀਆਂ ਹਨ। ਇਸੇ ਤਰਜ਼ 'ਤੇ ਹੁਣ ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ ਦੇ ਰਾਸ਼ਟਰੀ ਪ੍ਰਧਾਨ ਮਾਨਯੋਗ ਪ੍ਰੀਤ ਕਾਸ਼ੀ ਅਤੇ ਸਮੂਹ ਰਾਸ਼ਟਰੀ ਟੀਮ ਵੱਲੋਂ ਸਬਰ ਸਹਿਮਤੀ ਨਾਲ ਅੱਜ ਪੰਜਾਬ ਸੂਬੇ ਦੀ ਨਵੀਂ ਟੀਮ ਦੀ ਚੋਣ ਕੀਤੀ ਗਈ। ਰਾਸ਼ਟਰੀ ਪ੍ਰਧਾਨ ਮਾਨਯੋਗ ਪ੍ਰੀਤ ਕਾਸ਼ੀ ਅਤੇ ਸਮੂਹ ਰਾਸ਼ਟਰੀ ਟੀਮ ਦਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਪੰਜਾਬ ਰਾਜ ਦੀ ਟੀਮ ਘੋਸ਼ਿਤ ਕੀਤੀ। ਪੰਜਾਬ ਦੀ ਨਵੀਂ ਚੁਣੀ ਗਈ ਟੀਮ ਵਿੱਚ ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ ਦੇ ਪੰਜਾਬ ਸੂਬੇ ਦੇ ਪ੍ਰਧਾਨ ਵਜੋਂ ਗਗਨਦੀਪ ਸਿੰਘ ਨੂੰ ਚੁਣਿਆ ਗਿਆ,ਜੋ ਕਾਫ਼ੀ ਸਮੇਂ ਤੋਂ ਟੀਮ ਵਿੱਚ ਕੰਮ ਕਰ ਰਹੇ ਹਨ। ਪਹਿਲਾਂ ਯੂਨੀਵਰਸਿਟੀ ਕਾਲਜ ਮੂਣਕ ਦੇ ਅਤੇ ਪੰਜਾਬ ਦੇ ਸਾਬਕਾ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਦੁਬਾਰਾ ਪੰਜਾਬ ਸੂਬੇ ਦੇ ਪ੍ਰਧਾਨ ਚੁਣੇ ਗਏ। ਪੰਜਾਬ ਸੂਬਾ ਉਪ-ਪ੍ਰਧਾਨ ਵਜੋਂ ਸਾਥੀ ਅਭਿਸ਼ੇਕ ਅੰਬੇਡਕਰ ਅਤੇ ਮਨਪ੍ਰੀਤ ਸਿੰਘ ਠਸਕਾ ਨੂੰ ਚੁਣਿਆ ਗਿਆ। ਮੁੱਖ ਜਨਰਲ ਸੈਕਟਰੀ ਵਜੋਂ ਗੁਰਪ੍ਰੀਤ ਸਿੰਘ ਜੀ ਅਤੇ ਸੈਕਟਰੀ ਵਜੋਂ ਰਾਹੁਲ ਜਨਾਗਲ, ਗੁਰਮੀਤ ਸਿੰਘ, ਨਾਇਬ ਸਿੰਘ ਜੀ ਨੂੰ ਅਹੁਦਾ ਦਿੱਤਾ ਗਿਆ। ਐਡਵੋਕੇਟ ਜਸਪ੍ਰੀਤ ਕੌਰ ਜੀ ਨੂੰ ਟੀਮ ਦੇ ਕਾਨੂੰਨੀ ਸਲਾਹਕਾਰ ਅਤੇ ਸੋਨੂੰ ਖੁਸ਼ ਜੀ ਨੂੰ ਟੀਮ ਦੇ ਮੀਡੀਆ ਇੰਚਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ। ਸਾਰੇ ਚੁਣੇ ਗਏ ਸਾਥੀ ਬਹੁਤ ਹੀ ਕਾਬਿਲ, ਸੂਝਵਾਨ ਅਤੇ ਪੜ੍ਹੇ ਲਿਖੇ ਹਨ, ਜੋ ਕਾਫ਼ੀ ਸਮੇਂ ਤੋਂ ਅਲੱਗ ਅਲੱਗ ਕਾਲਜਾਂ, ਯੂਨੀਵਰਸਿਟੀਆਂ ਅਤੇ ਸਮਾਜ ਸੇਵਾ ਵਜੋਂ ਕੰਮ ਕਰ ਰਹੇ ਹਨ, ਹੁਣ ਪੰਜਾਬ ਦੀ ਮੁੱਖ ਟੀਮ ਵਿੱਚ ਵਿੱਚ ਰਹਿ ਕੇ ਪੰਜਾਬ ਦੇ ਹੋਰ ਵੀ ਕਾਲਜ, ਯੂਨੀਵਰਸਿਟੀਆਂ, ਜ਼ਿਲ੍ਹਿਆਂ ਵਿੱਚ ਨਵੀਆਂ ਟੀਮਾਂ ਬਣਾਉਣੀ, ਪੰਜਾਬ ਵਿੱਚ ਰਾਜ ਪੱਧਰ, ਕਾਲਜ,ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ, ਸਮਾਜ ਸੇਵਾ ਲਈ ਕੰਮ ਕਰੇਗੀ। ਪੰਜਾਬ ਦੀ ਚੁਣੀ ਗਈ ਨਵੀਂ ਟੀਮ ਵੱਲੋਂ ਵੀ ਇਹ ਵਿਸ਼ਵਾਸ ਦਿਵਾਇਆ ਗਿਆ,ਕਿ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਅਤੇ ਸੰਗਠਨ ਪੂਰੀ ਲਗਨ,ਇਮਾਨਦਾਰੀ ਅਤੇ ਸਮਰਪਣ ਨਾਲ ਕੰਮ ਕਰਕੇ ਸੰਗਠਨ ਨੂੰ ਹੋਰ ਉਚਾਈਆਂ ਤੱਕ ਲੈ ਕੇ ਜਾਣਗੇ।

# ਮਜ਼ਦੂਰ ਦੇ ਕਮਰੇ ਦੀ ਛੱਤ ਡਿੱਗੀ



ਸਰਦੂਲਗੜ੍ਹ, 7 ਸਤੰਬਰ ( ਲਛਮਣ ਸਿੱਧੂ ):ਪਿਛਲੇ ਦਿਨੀਂ ਲਗਾਤਾਰ ਹੋਈ ਬਰਸਾਤ ਦੇ ਕਾਰਨ ਸਰਦੂਲਗੜ੍ਹ ਦੇ ਪਿੰਡ ਮੀਰਪੁਰ ਖੁਰਦ ਵਿਖੇ ਮਜ਼ਦੂਰ ਪਰਿਵਾਰ ਦੇ ਕਮਰੇ ਦੀ ਛੱਤ ਅਚਾਨਕ ਡਿੱਗ ਗਈ। ਜਿਸ ਨਾਲ ਕਮਰੇ ਦੇ ਅੰਦਰ ਖੜ੍ਹੀ ਬੱਕਰੀ ਦੀ ਮੌਤ ਹੋ ਗਈ ਤੇ ਬਾਕੀ ਦਾ ਸਮਾਨ ਮਲਬੇ ਹੇਠ ਆਉਣ ਨਾਲ ਨੁਕਸਾਨਿਆ ਗਿਆ। ਪੀੜਤ ਛੋਟਾ ਸਿੰਘ ਪੁੱਤਰ ਸਰਬਣ ਸਿੰਘ ਦਾ ਪਰਿਵਾਰ ਮਿਹਨਤ ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਚਲਾਉਂਦਾ ਹੈ। ਪਿੰਡ ਦੇ ਸਰਪੰਚ ਸੁਖਚੈਨ ਸਿੰਘ, ਬੂਟਾ ਸਿੰਘ, ਅਮਰੀਕ ਸਿੰਘ, ਕੌਰ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਪੀੜਤ ਪਰਿਵਾਰ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।

# ਕੌਂਸਲਰ ਦੇ ਪਤੀ 'ਤੇ ਨਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦਾ ਦੋਸ਼, ਅਸ਼ਲੀਲ ਵੀਡੀਓ ਬਣਾ ਕੇ ਕਰਦਾ ਰਿਹਾ ਬਲੈਕ ਮੇਲ

ਬਠਿੰਡਾ, 7 ਸਤੰਬਰ (ਦੀਪਕ ਸ਼ਰਮਾ):ਸਥਾਨਕ ਸ਼ਹਿਰ ਦੇ ਇੱਕ ਕਾਂਗਰਸੀ ਆਗੂ ਵੱਲੋਂ ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਉਂਦਿਆਂ ਹੀ, ਸਿਆਸੀ ਹਲਕਿਆਂ ਵਿੱਚ ਹਲਚਲ ਮਚ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਆਗੂ ਨੇ ਪੀੜਤਾ ਦੀ ਅਸ਼ਲੀਲ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕੀਤਾ ਅਤੇ ਕਈ ਵਾਰ ਜਬਰੀ ਸ਼ਰੀਰਕ ਸਬੰਧ ਬਣਾਏ। ਸਥਾਨਕ ਪੁਲਿਸ ਵੱਲੋਂ ਪੀੜਤਾ ਦੀ ਮਾਂ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਹੋਇਆਂ ਕਥਿਤ ਆਗੂ ਖਿਲਾਫ ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਗੱਲ ਦੀ ਪੁਸ਼ਟੀ ਕਰਦਿਆਂ ਹੋਇਆਂ ਪੁਲਿਸ ਕਪਤਾਨ ਅਮਨੀਤ ਕੌਂਡਲ ਨੇ ਦੱਸਿਆ ਹੈ ਕਿ ਉਕਤ ਮਾਮਲੇ ਵਿੱਚ ਪੀੜਤਾਂ ਦੀ ਮਾਂ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਕਥਿਤ ਦੋਸ਼ੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੀੜਤ ਲੜਕੀ ਦੀ ਮਾਂ ਵੱਲੋਂ ਇਸ ਸਬੰਧੀ ਮਹਿਲਾ ਕਮਿਸ਼ਨ ਕੋਲ ਵੀ ਪਹੁੰਚ ਕੀਤੀ ਗਈ ਹੈ। ਸੂਚਨਾ ਮੁਤਾਬਕ ਸਥਾਨਕ ਵਾਰਡ ਨੰਬਰ 23 ਦੀ ਮਹਿਲਾ ਕੌਂਸਲਰ ਦੇ ਪਤੀ ਅਤੇ ਕਾਂਗਰਸ ਦੇ ਆਗੂ, ਗੁਰਪ੍ਰੀਤ ਸਿੰਘ ਬੰਟੀ ਤੇ ਇੱਕ ਨਾਬਾਲਿਗ ਲੜਕੀ ਨੂੰ ਬਲੈਕਮੇਲ ਕਰਕੇ ਉਸ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਲੱਗੇ ਹਨ। ਦੋਸ਼ਾਂ ਅਨੁਸਾਰ, ਆਰੋਪੀ ਨੇ ਲੜਕੀ ਦੀ ਇੱਕ ਨਿੱਜੀ ਵੀਡੀਓ ਬਣਾ ਕੇ ਉਸ ਨੂੰ ਡਰਾਇਆ-ਧਮਕਾਇਆ ਅਤੇ ਫਿਰ ਇਸ ਘਿਨੌਣੀ ਵਾਰਦਾਤ ਨੂੰ ਅੰਜ਼ਾਮ ਦਿੱਤਾ। ਪੁਲਿਸ ਨੇ ਲੜਕੀ ਦੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਪੀੜਤਾ ਦੀ ਮਾਂ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਬੰਟੀ ਦਾ ਉਨ੍ਹਾਂ ਦੇ ਘਰ ਆਉਣਾ-ਜਾਣਾ ਸੀ। ਇਸ ਦੌਰਾਨ ਬੰਟੀ ਨੂੰ ਲੜਕੀ ਦੇ ਇੱਕ ਦੋਸਤ ਬਾਰੇ ਪਤਾ ਲੱਗਿਆ। ਜਿਸ ਅਧਾਰ 'ਤੇ ਬੰਟੀ ਲੜਕੀ ਨੂੰ ਬਦਨਾਮ ਕਰਨ ਦੀਆਂ ਧਮਕੀਆਂ ਦੇਣ ਲੱਗ ਗਿਆ। ਇਸ ਦੌਰਾਨ ਉਕਤ ਵਿਅਕਤੀ ਨੇ ਲੜਕੀ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਅਤੇ ਧਮਕੀਆਂ ਦੇ ਕੇ ਉਸ ਨਾਲ ਜਬਰੀ ਸਰੀਰਕ ਸਬੰਧ ਬਣਾ ਲਏ। ਕਥਿਤ ਦੋਸ਼ੀ ਨੇ ਇਸ ਦੌਰਾਨ ਲੜਕੀ ਦੀ ਇਤਰਾਜਯੋਗ ਵੀਡੀਓ ਬਣਾਈ ਅਤੇ ਉਸ ਵੀਡੀਓ ਦੇ ਅਧਾਰ 'ਤੇ ਲਗਾਤਾਰ ਜ਼ੋਰ ਜ਼ਬਰਦਸਤੀ ਕਰਦਾ ਰਿਹਾ। ਬਿਆਨ ਵਿੱਚ ਪੀੜਤਾ ਨੇ ਦੱਸਿਆ ਹੈ ਇਸ ਦੌਰਾਨ ਉਸ ਦੀ ਲੜਕੀ ਨੇ ਇੱਕ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ ਅਤੇ ਉੱਥੇ ਰਹਿ ਕੇ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਪਰ ਕਥਿਤ ਦੋਸ਼ੀ ਉੱਥੇ ਵੀ ਲੜਕੀ ਨੂੰ ਤੰਗ ਪਰੇਸ਼ਾਨ ਕਰਦਾ ਰਿਹਾ। ਪੀੜਤ ਅਨੁਸਾਰ ਬੰਟੀ ਤੋਂ ਤੰਗ ਆ ਕੇ ਲੜਕੀ ਨੇ ਉਸ ਦਾ ਮੋਬਾਇਲ ਨੰਬਰ ਬਲੈਕ ਲਿਸਟ ਵਿੱਚ ਪਾ ਦਿੱਤਾ। ਜਿਸ ਤੋਂ ਬਾਅਦ ਬੰਟੀ ਨੇ ਬਦਲੇ ਦੀ ਭਾਵਨਾ ਨਾਲ ਲੜਕੀ ਦੀ ਅਸ਼ਲੀਲ ਵੀਡੀਓ ਉਸ ਦੀ ਵੱਡੀ ਭੈਣ ਨੂੰ ਭੇਜ ਦਿੱਤੀ। ਪੀੜਤ ਔਰਤ ਨੇ ਦੱਸਿਆ ਹੈ ਕਿ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਹੀ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਪਤਾ ਲੱਗਿਆ ਕਿ ਲੜਕੀ ਨਾਲ ਕੀ ਕੁਝ ਹੋ ਰਿਹਾ ਹੈ। ਜਿਸ ਤੋਂ ਬਾਅਦ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਪੁਲਿਸ ਕਪਤਾਨ ਅਮਨੀਤ ਕੌਂਡਲ ਅਨੁਸਾਰ ਕਥਿਤ ਦੋਸ਼ੀ ਦੇ ਖਿਲਾਫ ਪੋਸਕੋ ਐਕਟ, ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਅਤੇ ਹੋਰ ਵੱਖ ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨਾਂ ਦੱਸਿਆ ਕਿ ਪੀੜਤਾ ਦੀ ਮਾਂ ਵੱਲੋਂ ਪੰਜਾਬ ਮਹਿਲਾ ਕਮਿਸ਼ਨ ਕੋਲ ਵੀ ਸ਼ਿਕਾਇਤ ਦਰਜ ਕਰਵਾਈ ਗਈ ਹੈ, ਅਤੇ ਮੰਗ ਕੀਤੀ ਹੈ ਕਿ ਕਥਿਤ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਈ ਜਾਏ।

# ਇੱਕ ਦਿਨ ਦੀ ਤਨਖ਼ਾਹ ਹੜ੍ਹ ਪੀੜਤਾਂ ਦੀ ਮੱਦਦ ਲਈ ਦੇਣ ਦਾ ਐਲਾਨ

ਭਗਤਾ ਭਾਈ ਕਾ, 7 ਸਤੰਬਰ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿਖੇ ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਕੌਰ ਦੀ ਦੇਖ ਰੇਖ ਹੇਠ ਸਮੂਹ ਸਟਾਫ ਮੈਂਬਰਾਂ ਨੇ ਹੜ੍ਹ ਪੀੜਤਾਂ ਦੀ ਮੱਦਦ ਲਈ ਆਪਣੀ ਇੱਕ ਦਿਨ ਦੀ ਤਨਖਾਹ ਦੇਣ ਦਾ ਐਲਾਨ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਅੰਦਰ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਥਿਤੀ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਹੀ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੀ ਹੈ। ਉਹ ਸਮੇਂ ਸਮੇਂ 'ਤੇ ਲੰਗਰ,ਸੁੱਕੇ ਕੱਪੜੇ,ਰਾਸ਼ਨ ,ਡੀਜ਼ਲ, ਤਰਪਾਲਾਂ, ਪਸ਼ੂਆਂ ਲਈ ਹਰਾ ਚਾਰਾ ਅਤੇ ਮੈਡੀਕਲ ਸਹੂਲਤਾਂ ਲੋਕਾਂ ਨੂੰ ਸਮੇਂ ਸਮੇਂ 'ਤੇ ਮੁੱਹਈਆ ਕਰਵਾ ਰਹੀ ਹੈ ਅਤੇ ਲਗਾਤਾਰ ਆਪਣੀਆਂ ਸੇਵਾਵਾਂ ਨਿਭਾਅ ਰਹੀ ਹੈ। ਇਸੇ ਸੇਵਾ ਨੂੰ ਅੱਗੇ ਵਧਾਉਂਦੇ ਹੋਏ ਮਾਨਯੋਗ ਸਕੱਤਰ ਵਿੱਦਿਆ ਇੰਜੀਨੀਅਰ ਸੁਖਵਿੰਦਰ ਸਿੰਘ ਦੀ ਯੋਗ ਰਹਿਨੁਮਾਈ ਅਤੇ ਹੱਲਾਸ਼ੇਰੀ ਸਦਕਾ ਸ਼੍ਰੋਮਣੀ ਕਮੇਟੀ ਦੇ ਸਮੂਹ ਵਿੱਦਿਅਕ ਅਦਾਰਿਆਂ ਦੇ ਸਟਾਫ ਮੈਂਬਰਾਂ ਵੱਲੋਂ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਉਂਦਿਆਂ ਇੱਕ ਦਿਨ ਦੀ ਤਨਖਾਹ ਸੇਵਾ ਦੇ ਰੂਪ ਵਿੱਚ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਸੇਵਾ ਨੂੰ ਅੱਗੇ ਵਧਾਉਂਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਦੇ ਮਲੂਕਾ ਦੇ ਸਮੂਹ ਸਟਾਫ ਅਤੇ ਪ੍ਰਿੰਸੀਪਲ ਵੱਲੋਂ ਆਪਣੀ ਤਨਖਾਹ ਵਿੱਚੋਂ ਇੱਕ ਦਿਨ ਦੀ ਤਨਖਾਹ ਸੇਵਾ ਦੇ ਰੂਪ ਵਿੱਚ ਦਿੱਤੀ ਗਈ ਹੈ। ਸਮੂਹ ਸਟਾਫ ਅਤੇ ਪ੍ਰਿੰਸੀਪਲ ਦੀ ਬਣਦੀ ਤਨਖਾਹ ਦੇ ਚੈੱਕ ਡਾਇਰੈਕਟੋਰੇਟ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਦਫਤਰ ਵਿੱਚ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੇ ਇਹ ਚੈੱਕ ਜਮ੍ਹਾਂ ਕਰਵਾਏ । ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਨੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਅਤੇ ਆਸ ਕੀਤੀ ਕੀ ਅਗਰ ਅੱਗੇ ਵੀ ਹੋਰ ਲੋੜ ਪੈਂਦੀ ਹੈ ਤਾਂ ਅਸੀਂ ਆਪਣੀਆਂ ਸੇਵਾਵਾਂ ਜ਼ਰੂਰ ਨਿਭਾਵਾਂਗੇ ।ਉਨ੍ਹਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਜਲਦੀ ਹੀ ਪੰਜਾਬ ਵਿੱਚ ਹੜ੍ਹ ਦੇ ਹਾਲਾਤ ਜਲਦੀ ਕਾਬੂ ਵਿੱਚ ਆ ਜਾਣ ਅਤੇ ਲੋਕਾਂ ਦੀ ਜ਼ਿੰਦਗੀ ਰੋਜ਼ਾਨਾ ਦੀ ਤਰ੍ਹਾਂ ਸ਼ੁਰੂ ਹੋ ਜਾਵੇ।

# ਵੈਂਟੀਲੇਟਰ 'ਤੇ ਬਰਨਾਲਾ ਦਾ ਸਿਵਲ ਹਸਪਤਾਲ: ਮਰੀਜ਼ ਚਿੱਕੜ 'ਚ ਰਹਿਣ ਲਈ ਮਜਬੂਰ, ਹੋ ਸਕਦੈ ਵੱਡਾ ਹਾਦਸਾ



ਬਰਨਾਲਾ, 7 ਸਤੰਬਰ (ਹਿਮਾਂਸ਼ੂ ਗਰਗ): ਇੱਕ ਪਾਸੇ ਪੰਜਾਬੀ ਇਨ੍ਹੀਂ ਦਿਨੀਂ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਤਾਂ ਉੱਥੇ ਹੀ ਜਿਨ੍ਹਾਂ ਹਸਪਤਾਲਾਂ ਵਿਚ ਮਰੀਜ਼ਾਂ ਦੇ ਇਲਾਜ ਹੋਣੇ ਹਨ। ਉਹ ਹਸਪਤਾਲ ਖੁਦ ਬਿਮਾਰ ਨਜ਼ਰ ਆ ਰਹੇ ਹਨ। ਜ਼ਿਲ੍ਹੇ ਭਰ ਦੇ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਦੇਣ ਵਾਲਾ ਸਰਕਾਰੀ ਹਸਪਤਾਲ ਖੁਦ ਐਮਰਜੈਂਸੀ ਵਰਗੀਆਂ ਹਾਲਾਤਾਂ ਨਾਲ ਜੂਝ ਰਿਹਾ ਹੈ। ਹਸਪਤਾਲ ਦੀ ਇਮਾਰਤ ਇਕ ਤਰ੍ਹਾਂ ਨਾਲ ਵੈਂਟੀਲੇਟਰ 'ਤੇ ਲੱਗ ਚੁੱਕੀ ਹੈ। ਮੀਂਹ ਦੇ ਦਿਨਾਂ ਵਿਚ ਜਿੱਥੇ ਪੰਜਾਬ ਵਿਚ ਹੜ੍ਹ ਦੇ ਹਾਲਾਤ ਹਨ ਤੇ ਹਰ ਕੋਈ ਪ੍ਰਭਾਵਿਤ ਹੈ। ਉੱਥੇ ਬਰਨਾਲਾ ਦੇ ਸਰਕਾਰੀ ਹਸਪਤਾਲ ਦੀ ਇਮਾਰਤ ਪੂਰੀ ਤਰ੍ਹਾਂ ਨਾਲ ਖ਼ਸਤਾਹਾਲ ਬਣ ਚੁੱਕੀ ਹੈ। ਸਰਕਾਰੀ ਹਸਪਤਾਲ ਦੀ ਇਮਾਰਤ ਦੇ ਹਰ ਹਿੱਸੇ ਵਿਚ ਛੱਤ ਤੋਂ ਪਾਣੀ ਚੋਅ ਰਿਹਾ ਹੈ ਤੇ ਛੱਤਾਂ ਤੋਂ ਸੀਮਿੰਟ ਡਿੱਗਣਾ ਸ਼ੁਰੂ ਹੋ ਗਿਆ ਹੈ। ਹੋਰ ਤਾਂ ਹੋਰ ਐਮਰਜੈਂਸੀ ਵਾਰਡ ਵਿਚ ਵੀ ਵੱਖ-ਵੱਖ ਥਾਵਾਂ ਤੋਂ ਪਾਣੀ ਡਿੱਗ ਰਿਹਾ ਹੈ। ਅਜਿਹੇ ਹਾਲਾਤਾਂ ਵਿਚ ਹਸਪਤਾਲ ਦੀ ਖ਼ਸਤਾਹਾਲ ਇਮਾਰਤ ਕਿਸੇ ਵੀ ਵੇਲੇ ਵੱਡੇ ਹਾਦਸੇ ਨੂੰ ਅੰਜ਼ਾਮ ਦੇ ਸਕਦੀ ਹੈ। ਹਸਪਤਾਲ ਵਿਚ ਇਲਾਜ ਕਰਵਾਉਣ ਆਏ ਮਰੀਜ਼ ਇਸ'ਤੇ ਤੁਰੰਤ ਧਿਆਨ ਦੇਣ ਦੀ ਮੰਗ ਕਰ ਰਹੇ ਹਨ। ਉੱਥੇ ਹਸਪਤਾਲ ਦੇ ਪ੍ਰਬੰਧਕ ਡਾਕਟਰ ਅਨੁਸਾਰ ਇਹ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆ ਦਿੱਤਾ ਗਿਆ ਹੈ। ਅਜਿਹੇ ਹਾਲਾਤਾਂ ਵਿਚ ਹਸਪਤਾਲ ਵਿਚ ਸਿਰਫ ਓਪੀਡੀ ਤੇ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਹਸਪਤਾਲ ਵਿਚ ਦਵਾਈ ਲੈਣ ਆਏ ਮਰੀਜ਼ ਗੁਰਜੀਤ ਸਿੰਘ ਤੇ ਕਮਲਜੀਤ ਸਿੰਘ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਦੀ ਇਮਾਰਤ ਬੁਰੀ ਤਰ੍ਹਾਂ ਨਾਲ ਖ਼ਸਤਾਹਾਲ ਬਣ ਚੁੱਕੀ ਹੈ। ਹਸਪਤਾਲ ਦੀ ਛੱਤ ਤੋਂ ਜਗ੍ਹਾ-ਜਗ੍ਹਾ ਤੋਂ ਪਾਣੀ ਰਿਸ ਰਿਹਾ ਹੈ ਤੇ ਸੀਮਿੰਟ ਡਿੱਗਣਾ ਸ਼ੁਰੂ ਹੋ ਗਿਆ ਹੈ। ਹਸਪਤਾਲ ਦਾ ਹਰ ਹਿੱਸਾ ਪਾਣੀ ਨਾਲ ਰਿਸ ਰਿਹਾ ਹੈ ਤੇ ਹਸਪਤਾਲ ਵਿਚ ਵੀ ਪਾਣੀ ਖੜ੍ਹਾ ਹੈ। ਹਸਪਤਾਲ ਵਿਚ ਐਮਰਜੈਂਸੀ ਵਾਰਡ, ਮਰੀਜ਼ ਵਾਰਡ, ਜਨ ਔਸ਼ਧੀ ਵਾਰਡ ਆਦਿ ਸਾਰੀਆਂ ਥਾਵਾਂ ਤੋਂ ਪਾਣੀ ਡਿੱਗ ਰਿਹਾ ਹੈ। ਕਿਸੇ ਵੇਲੇ ਵੀ ਕੋਈ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ। ਡਿਪਟੀ ਕਮਿਸ਼ਨਰ ਟੀ. ਬੈਨਥ ਨੇ ਕਿਹਾ ਕਿ ਬਰਨਾਲਾ ਵਿਚ ਲਗਾਤਾਰ ਮੀਂਹ ਪੈਣ ਕਾਰਨ ਸਾਰੀਆਂ ਹੀ ਇਮਾਰਤਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਵੀ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ। ਉਸਦੀ ਅਸੈਸਮੈਂਟ ਲਗਵਾ ਕੇ ਤੁਰੰਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

**—ਅਸੁਰੱਖਿਅਤ ਐਲਾਨੀ ਜਾਵੇ ਹਸਪਤਾਲ ਦੀ ਇਮਾਰਤ:** ਲੋਕਾਂ ਨੇ ਕਿਹਾ ਕਿ ਇਸ ਹਸਪਤਾਲ ਵਿਚ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਲੋੜਵੰਦ ਪਰਿਵਾਰਾਂ ਦੇ ਲੋਕ ਹੀ ਦਵਾਈਆਂ ਲੈਣ ਆਉਂਦੇ ਹਨ। ਪਹਿਲਾਂ ਤੋਂ ਹੀ ਦਾਖ਼ਲ ਚੱਲ ਰਹੇ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਇੱਥੇ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਜਿਸ ਕਰਕੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਤੁਰੰਤ ਇਸ ਹਸਪਤਾਲ ਦੀ ਇਮਾਰਤ ਨੂੰ ਅਸੁਰੱਖਿਅਤ ਦਾ ਐਲਾਨ ਕਰਕੇ ਇਸ ਦੀ ਥਾਂ 'ਤੇ ਨਵੇਂ ਸਿਰੇ ਤੋਂ ਹਸਪਤਾਲ ਦੀ ਨਵੀਂ ਬਿਲਡਿੰਗ ਬਣਾਈ ਜਾਵੇ।

—1970 ਤੋਂ ਬਣੀ ਇਮਾਰਤ ਦਾ ਹੁਣ ਖਤਰਾ। ਇਸ ਮੌਕੇ ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਅਜੇ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਦੇ ਓਪੀਡੀ, ਆਪਰੇਸ਼ਨ ਥੀਏਟਰ, ਜਨਰਲ ਵਾਰਡ ਐਮਰਜੈਂਸੀ, ਸਪੈਸ਼ਲ ਰੂਮ ਸਮੇਤ ਸਾਰੀ ਹੀ ਇਮਾਰਤ ਮੀਂਹ ਦੇ ਪਾਣੀ ਕਾਰਨ ਰਿਸ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਹਸਪਤਾਲ ਵਿਚ 2001 ਤੋਂ ਕੰਮ ਕਰ ਰਹੇ ਹਨ ਤੇ ਇਸ ਦੀ ਇਮਾਰਤ ਕਰੀਬ 1970 ਵੇਲੇ ਦੀ ਬਣੀ ਹੈ। ਉਹ ਲਗਾਤਾਰ ਹਸਪਤਾਲ ਵਿਚ ਪਾਣੀ ਕੱਢਣ ਦਾ ਕੰਮ ਕਰ ਰਹੇ ਹਨ। —ਮੀਂਹ ਕਾਰਨ ਬਣੀ ਸਮੱਸਿਆ ਸਰਕਾਰੀ ਹਸਪਤਾਲ ਦੇ ਜਨਰਲ ਸਰਜਨ ਡਾਕਟਰ ਰਾਜ ਕੁਮਾਰ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਦੀ ਇਮਾਰਤ ਕਰੀਬ 50-60 ਸਾਲ ਪੁਰਾਣੀ ਹੈ। ਪੰਜਾਬ ਵਿਚ ਲਗਾਤਾਰ ਬਹੁਤ ਜਿਆਦਾ ਮੀਂਹ ਪੈ ਰਹੇ ਹਨ। ਜਿਸ ਕਰਕੇ ਇਹ ਸਮੱਸਿਆ ਬਣੀ ਹੈ। ਹਸਪਤਾਲ ਦੀ ਇਮਾਰਤ ਨੂੰ ਧਿਆਨ ਵਿਚ ਰੱਖਦੇ ਹੋਏ ਇੱਥੇ ਸਿਰਫ਼ ਓਪੀਡੀ ਤੇ ਐਮਰਜੈਂਸੀ ਸੇਵਾਵਾਂ ਹੀ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਸਪਤਾਲ ਦੀ ਇਮਾਰਤ ਉੱਪਰ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ। ਜਿਸ ਲਈ ਉਹ ਲਗਾਤਾਰ ਯਤਨ ਕਰ ਰਹੇ ਹਨ।

## ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਵੇਗਾ - ਮੱਟੂ

ਬਰਨਾਲਾ, 7 ਸਤੰਬਰ (ਬਘੇਲ ਸਿੰਘ ਧਾਲੀਵਾਲ/ਅਮਨਦੀਪ ਸਿੰਘ): ਰੰਘਰੇਟੇ ਗੁਰੂ ਕੇ ਬੇਟੇ ਦਾ ਅਸ਼ੀਰਵਾਦ ਪ੍ਰਾਪਤ ਸ਼੍ਰੋਮਣੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ 3 64 ਵਾਂ ਜਨਮ ਦਿਹਾੜਾ ਸਥਾਨਕ ਸੰਧੂ ਪੱਤੀ ਬਰਨਾਲਾ ਵਿਖੇ ਨੌਜਵਾਨ ਸਭਾ ਸੰਧੂ ਪੱਤੀ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਅੱਜ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ (ਬ)ਦੇ ਪੰਜਾਬ ਸਕੱਤਰ ਬੀਬਾ ਅਨੀਤਾ ਮੱਟੂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਇਸ ਸਾਲ ਵੀ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਅਤੇ ਸੰਗਤਾਂ ਵੱਧ ਚੜ੍ਹ ਕੇ ਤਨੋ ਮਨੋ ਧਨੋ ਸੇਵਾ ਕਰਦੀਆਂ ਹਨ। ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 5 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਾਹਿਬ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ, ਜਿਸਦੇ ਭੋਗ 7 ਸਤੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਗਏ। ਸਮੂਹ ਨਿਵਾਸ ਸਭਾ ਗੁਰਦੁਆਰਾ ਅਤੇ ਪ੍ਰਬੰਧਕ ਕਮੇਟੀ ਬਾਬਾ ਜੀਵਨ ਸਿੰਘ ਜੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਵਿੱਤਰ ਦਿਹਾੜੇ 'ਤੇ ਹੁੰਮ ਹੁਮਾ ਕੇ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

# ਹੜ੍ਹ ਪੀੜਤਾਂ ਦੀ ਮੱਦਦ ਲਈ ਆਕਸਫੋਰਡ ਸਕੂਲ ਦੇ ਅਧਿਆਪਕਾਂ ਵੱਲੋਂ ਯੋਗਦਾਨ



ਭਗਤਾ ਭਾਈ ਕਾ, 7 ਸਤੰਬਰ (ਸਵਰਨ ਸਿੰਘ ਭਗਤਾ):ਦ ਆਕਸਫੋਰਡ ਸਕੂਲ ਆਫ ਐਜੂਕੇਸ਼ਨ ਭਗਤਾ ਭਾਈ ਕਾ,ਇੱਕ ਅਜਿਹੀ ਮਾਣਮੱਤੀ ਵਿਦਿਅਕ ਸੰਸਥਾ ਹੈ, ਜੋ ਹਰ ਖੇਤਰ ਵਿੱਚ ਪਹਿਲ ਕਦਮੀ ਦੇ ਅਧਾਰ 'ਤੇ ਕਦਮ ਵਧਾ ਰਹੀ ਹੈ। ਇਹ ਸੰਸਥਾ ਸਮੇਂ- ਸਮੇਂ ਉੱਤੇ ਸਮਾਜ ਸੇਵੀ ਕੰਮਾਂ ਲਈ ਵੀ ਹਮੇਸ਼ਾ ਤੱਤਪਰ ਰਹਿੰਦੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕਿਸ ਤਰ੍ਹਾਂ ਚਾਰੇ ਪਾਸੇ ਹੜ੍ਹਾਂ ਦੇ ਕਾਰਨ ਮਾੜੂ ਸਥਿਤੀ ਬਣੀ ਹੋਈ ਹੈ ਅਤੇ ਸਾਡੇ ਸਾਰੇ ਪੰਜਾਬੀ ਭੈਣ- ਭਾਈ ਘਰੋ- ਬੇਘਰ ਹੋਏ ਪਏ ਹਨ। ਉਹਨਾਂ ਦੀ ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਯੋਗਦਾਨ ਪਾਇਆ ਗਿਆ ਅਤੇ ਅਧਿਆਪਕਾਂ ਵੱਲੋਂ ਵੀ ਇੱਕ ਦਿਨ ਦੀ ਤਨਖਾਹ ਇਸ ਨੇਕ ਕੰਮ ਦੇ ਲੇਖੇ ਲਾਈ ਗਈ ਹੈ। ਅਧਿਆਪਕਾਂ ਨੇ ਕਿਹਾ ਕਿ ਮਾੜਾ ਸਮਾਂ ਹੈ, ਨਿੱਕਲ ਹੀ ਜਾਣਾ ਹੈ। ਪਰ ਜੇਕਰ ਅਸੀਂ ਸਾਰੇ ਇੱਕਜੁੱਟ ਹੋ ਜਾਈਏ, ਤਾਂ ਇਹ ਸਮਾਂ ਸੌਖਾ ਲੰਘ ਜਾਵੇਗਾ ਹੈ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਅਤੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ(ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ( ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ (ਵਾਈਸ ਚੇਅਰਮੈਨ) ਅਤੇ ਮੈਨੇਜਮੈਂਟ ਮੈਂਬਰ ਸਾਹਿਬਾਨ ਨੇ ਅਪੀਲ ਕੀਤੀ ਹੈ ਕਿ ਸਾਨੂੰ ਇਸ ਔਖੀ ਘੜੀ ਵਿੱਚ ਲੋਕਾ ਨੂੰ ਹੜ੍ਹ ਪੀੜਤਾਂ ਦੀ ਵੱਧ-ਚੜ੍ਹ ਕੇ ਸਹਾਇਤਾ ਕਰਨੀ ਚਾਹੀਦੀ ਹੈ ।

# ਵਿਦਿਆਰਥੀਆਂ ਨੇ ਨੈਤਿਕ ਪ੍ਰੀਖਿਆ ਵਿੱਚ ਕੀਤਾ ਪਹਿਲੇ ਸਥਾਨਾਂ 'ਤੇ ਕਬਜ਼ਾ

ਭਗਤਾ ਭਾਈ ਕਾ, 7 ਸਤੰਬਰ (ਸਵਰਨ ਸਿੰਘ ਭਗਤਾ): ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੇਂਦਰੀ ਦਫਤਰ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਫਰੀਦਕੋਟ ਬਠਿੰਡਾ ਮੁਕਤਸਰ ਜ਼ੋਨ ਦੇ ਖੇਤਰ ਭਗਤਾ ਭਾਈ ਕਾ ਵੱਲੋਂ ਪਿਛਲੇ ਦਿਨੀਂ ਖੇਤਰ ਦੇ ਵੱਖ-ਵੱਖ ਸਕੂਲਾਂ ਵਿੱਚ ਕਰਵਾਈ ਗਈ ਨੈਤਿਕ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ। ਇਹਨਾਂ ਨਤੀਜਿਆਂ ਵਿੱਚ ਡਾਕਟਰ ਬਲਬੀਰ ਸਿੰਘ ਸਕੂਲ ਆਫ ਐਕਸੀਲੈਂਸ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ।ਖੇਤਰ ਦੇ ਸਰਪ੍ਰਸਤ ਡਾਕਟਰ ਨਿਰਭੈ ਸਿੰਘ ਭਗਤਾ, ਜਨਰਲ ਸਕੱਤਰ ਸੁਖਦੇਵ ਸਿੰਘ ਫੌਜੀ ਤੇ ਪ੍ਰਧਾਨ ਇੰਦਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਲੱਗਭੱਗ 18 ਸਕੂਲਾਂ ਦੇ 1000 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।ਨਤੀਜਿਆਂ ਦੌਰਾਨ ਦਰਜਾ ਪਹਿਲਾ(ਤੀਜੀ ਤੋਂ ਪੰਜਵੀਂ ਜਮਾਤ)ਦੇ ਵਿਦਿਆਰਥੀਆਂ ਵਿੱਚੋਂ ਗੁਰਕੀਰਤ ਸਿੰਘ ਜਮਾਤ ਤੀਜੀ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਇਸੇ ਤਰ੍ਹਾਂ ਨਵਦੀਪ ਕੌਰ ਦਰਜਾ ਦੂਜਾ(ਛੇਵੀਂ ਜਮਾਤ ਤੋਂ ਅੱਠਵੀਂ ਜਮਾਤ)ਨੇ ਵੀ ਪਹਿਲਾ ਸਥਾਨ ਹਾਸਿਲ ਕਰਕੇ ਆਪਣੀ ਕਾਬਲੀਅਤ ਸਾਬਤ ਕੀਤੀ।ਇਸ ਮੌਕੇ 'ਤੇ ਵਧਾਈ ਦਿੰਦਿਆਂ ਸਕੂਲ ਦੇ ਚੇਅਰਮੈਨ ਡਾ.ਪ੍ਰਨੀਤ ਕੌਰ ਦਿਓਲ ਨੇ ਕਿਹਾ ਕਿ ਇਹ ਸਫਲਤਾਵਾਂ ਸਾਬਤ ਕਰਦੀਆਂ ਹਨ, ਕਿ ਮਨ ਲਾਕੇ ਮਿਹਨਤ ਕਰਨ ਵਾਲੇ ਵਿਦਿਆਰਥੀ ਹਮੇਸ਼ਾ ਤਰੱਕੀ ਦੇ ਰਸਤੇ 'ਤੇ ਅੱਗੇ ਵਧਦੇ ਹਨ।ਸਕੂਲ ਦੇ ਪ੍ਰਿੰਸੀਪਲ ਸੁਖਜੀਤ ਕੌਰ ਬਰਾੜ ਨੇ ਵੀ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੇ ਉੱਜਲ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟਾਈਆਂ।ਉਹਨਾਂ ਨੇ ਹੋਰਾਂ ਵਿਦਿਆਰਥੀਆਂ ਨੂੰ ਵੀ ਉਹਨਾਂ ਵਾਂਗ ਮਿਹਨਤ ਕਰਨ ਲਈ ਪ੍ਰੇਰਿਆ।ਇਸ ਸਮੇਂ ਜਨਰਲ ਸਕੱਤਰ ਸੁਖਦੇਵ ਸਿੰਘ ਫੌਜੀ ਨੇ ਦੱਸਿਆ ਕਿ ਜਲਦੀ ਹੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਭਗਤਾਂ ਵੱਲੋਂ ਇਕ ਅੰਤਰ ਯੁਵਕ ਸਕੂਲ ਮੇਲਾ ਕਰਵਾਇਆ ਜਾ ਰਿਹਾ ਹੈ।ਜਿਸ ਵਿੱਚ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਮੈਰਿਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਜਾਵੇਗਾ।



# ਬਰਸਾਤ ਕਾਰਨ ਹੋਏ ਘਰ ਦੇ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵਗੀ : ਮੀਤ ਹੇਅਰ



ਬਰਨਾਲਾ, 7 ਸਤੰਬਰ (ਬਘੇਲ ਸਿੰਘ ਧਾਲੀਵਾਲ): ਹੜ੍ਹ ਦੀ ਕੁਦਰਤੀ ਕਰੋਪੀ ਅਤ ਭਾਰੀ ਮੀਂਹ ਨਾਲ ਸਾਡ ਸੂਬ ਦ ਸਾਰ ਜ਼ਿਲ੍ਹ ਪ੍ਰਭਾਵਿਤ ਹੋਏ ਹਨ। ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਸੂਬਾ ਵਾਸੀਆਂ ਨਾਲ ਹੈ ਅਤੇ ਗ਼ਰੀਬ ਦ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵਗੀ। ਇਸ ਤੋਂ ਇਲਾਵਾ ਇਥੇ ਜਿਹੜੇ ਘਰਾਂ ਦੀਆਂ ਛੱਤਾਂ ਡਿੱਗਣ ਨਾਲ ਨੁਕਸਾਨ ਹੋਇਆ ਹੈ, ਓਥੇ ਉਹ ਖੁਦ ਅਤ ਦਾਨੀ ਸੱਜਣਾ ਦੇ ਸਹਿਯੋਗ ਨਾਲ ਲੋੜਵੰਦਾਂ ਦੇ ਮਕਾਨਾਂ ਦਾ ਕੰਮ ਕਰਵਾਉਣਗੇ ਜੋ ਕੋਈ ਵੀ ਗਰੀਬ ਬਿਨਾ ਛੱਤ ਤੋਂ ਨਾ ਰਹੇ। ਇਹ ਪ੍ਰਗਟਾਵਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇੱਥੇ ਬਰਨਾਲਾ ਸ਼ਹਿਰ ਵਿਚ ਘਰ ਦੀਆਂ ਛੱਤਾਂ ਡਿੱਗਣ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿਚ ਪੀੜਤ ਪਰਿਵਾਰਾ ਨਾਲ ਮੁਲਾਕਾਤ ਕਰਨ ਮੌਕੇ ਕੀਤਾ। ਓਨ੍ਹਾਂ ਬਾਜ਼ੀਗਰ ਬਸਤੀ ਵਿਚ ਛੱਤ ਡਿੱਗਣ ਨਾਲ ਹੋਈ ਮੌਤ ਦੇ ਮਾਮਲੇ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਰਾਮਗੜ੍ਹੀਆ ਰੋਡ 'ਤ ਘਰਾਂ ਦੇ ਨੁਕਸਾਨ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਸ ਆਫ਼ਤ ਦੀ ਸਥਿਤੀ ਦੌਰਾਨ ਗਰੀਬ ਘਰਾਂ ਦੀਆ ਛੱਤਾਂ ਡਿੱਗਣ, ਕੰਧਾਂ ਡਿੱਗਣ ਤੇ ਨੁਕਸਾਨ ਹੋ ਜਾਣ ਕਾਰਨ ਕਈ ਕੀਮਤੀ ਜਾਨਾਂ ਚਲੀਆਂ ਗਈਆਂ ਹਨ। ਓਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ਵਿਚ ਪ੍ਰਸ਼ਾਸਨ ਨੂੰ ਤੁਰੰਤ ਮੁਆਵਜ਼ਾ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹੋਏ ਹਨ। ਤੇ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਜਿਹੜੇ ਵੱਡੀ ਗਿਣਤੀ ਘਰਾ ਦੀਆਂ ਛੱਤਾਂ ਡਿੱਗਣ ਕਾਰਨ ਮਾਲੀ ਨੁਕਸਾਨ ਹੋਇਆ ਹੈ, ਓਨ੍ਹਾਂ ਮਾਮਲਿਆਂ ਵਿਚ ਵੀ ਮੁਆਇਨਾ ਕਰਕ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੁਆਵਜ਼ਾ ਦਣ ਦ ਨਿਰਦਸ਼ ਦਿੱਤ ਹਨ। ਇਸ ਤੋਂ ਇਲਾਵਾ ਉਹ ਖੁਦ ਇਨ੍ਹਾਂ ਪਰਿਵਾਰਾਂ ਦੀ ਜ਼ਿੰਮਵਾਰੀ ਚੁੱਕਣਗ ਅਤ ਜਿੱਥ ਜਿੱਥ ਬੱਚਿਆਂ ਦੀ ਪੜ੍ਹਾਈ ਜਾਂ ਹੋਰ ਕਿਸ ਵੀ ਮਦਦ ਦੀ ਲੋੜ ਹੈ, ਉਹ ਸਹਯੋਗੀਆਂ ਅਤ ਦਾਨੀ ਸੰਸਥਾਵਾਂ ਦੀ ਮਦਦ ਨਾਲ ਕਰਵਾਈ ਜਾਵਗੀ। ਓਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਆਫ਼ਤ ਦੀ ਸਥਿਤੀ ਨਾਲ ਨਜਿੱਠਣ ਲਈ ਸੂਬ ਵਿੱਚ 71 ਕਰੋੜ ਰੁਪਏ ਜਾਰੀ ਕੀਤ ਗਏ ਹਨ ਅਤ ਜ਼ਿਲ੍ਹਾ ਬਰਨਾਲਾ ਨੂੰ 1 ਕਰੋੜ ਰੁਪਏ ਜਾਰੀ ਕੀਤ ਗਏ ਹਨ ਅਤ ਲੋੜਵੰਦਾਂ ਦੀ ਮਦਦ ਲਈ ਹੋਰ ਰਾਸ਼ੀ ਵੀ ਜਾਰੀ ਕੀਤੀ ਜਾਵਗੀ। ਓਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਖੁਦ ਵੀ 25 ਲੱਖ ਰੁਪਏ ਦੀ ਗ੍ਰਾਂਟ ਹੜ੍ਹ ਪੀੜਤਾਂ ਇਲਾਕਿਆਂ ਲਈ ਐਲਾਨੀ ਗਈ ਹੈ ਅਤ ਉਹ ਲਗਾਤਾਰ ਰਾਹਤ ਕਾਰਜ ਦੀ ਨਜ਼ਰਸਾਨੀ ਕਰ ਰਹ ਹਨ ਅਤ ਡਟ ਹੋਏ ਹਨ। ਓਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਭ ਨੂੰ ਹੜ੍ਹ ਪੀੜਤਾਂ ਲਈ ਅੱਗ ਆਉਣ ਦੀ ਲੋੜ ਹੈ। ਇਸ ਮੌਕ ਹਲਕਾ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ, ਚਅਰਮੈਨ ਨਗਰ ਸੁਧਾਰ ਟਰੱਸਟ ਬਰਨਾਲਾ ਸ੍ਰੀ ਰਾਮ ਤੀਰਥ ਮੰਨਾ ਅਤ ਹੋਰ ਆਗੂ ਤ ਪਤਵੰਤ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਭਾਰੀ ਮੀਂਹ ਤੋਂ ਪ੍ਰਭਾਵਿਤ ਬਡਬਰ ਤੇ ਭੂਰ ਦਾ ਦੌਰਾ



ਬਰਨਾਲਾ, 7 ਸਤੰਬਰ (ਬਘੇਲ ਸਿੰਘ ਧਾਲੀਵਾਲ):ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਭਾਰੀ ਮੀਂਹ ਤੋਂ ਪ੍ਰਭਾਵਤ ਇਲਾਕਿਆਂ ਦਾ ਦੌਰਾ ਕੀਤਾ। ਉਨ੍ਹਾਂ ਪਿੰਡ ਹਿੰਮਤਪੁਰਾ ਬਸਤੀ ਬਡਬਰ ਅਤੇ ਭੂਰ ਵਿਖੇ ਅਸੁਰੱਖਿਅਤ ਇਮਾਰਤਾਂ ਦਾ ਦੌਰਾ ਕੀਤਾ ਅਤੇ ਇਨ੍ਹਾਂ ਪਿੰਡਾਂ 'ਚ ਲਗਾਏ ਗਏ ਰਾਹਤ ਕੈਂਪਾਂ 'ਚ ਲੋਕਾਂ ਨੂੰ ਮਿਲੇ ।ਉਨ੍ਹਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਕੱਚੇ ਘਰਾਂ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਅਸੁਰੱਖਿਅਤ ਥਾਂਵਾਂ ਛੱਡ ਕੇ ਆਪਣੇ-ਆਪਣੇ ਪਿੰਡਾਂ 'ਚ ਬਣੇ ਰਾਹਤ ਕੇਂਦਰ ਵਿਖੇ ਸ਼ਿਫਟ ਹੋ ਜਾਣ। ਇਸ ਵਾਰੀ ਲਗਾਤਾਰ ਮੀਂਹ ਪੈਣ ਕਰਕੇ ਮਕਾਨਾਂ ਨੂੰ ਜ਼ਿਆਦਾ ਨੁਕਸਾਨ ਪੁੱਜ ਰਿਹਾ ਹੈ। ਖਾਸ ਕਰਕ ਜਿਹੜੇ ਕੱਚੇ ਘਰ ਹਨ। ਜੋ ਬਾਲਿਆਂ ਵਾਲੀਆਂ ਛੱਤਾਂ ਹਨ ਜੋ ਕਮਜ਼ੋਰ ਹਨ, ਓਥੇ ਛੱਤ ਜਾਂ ਕੰਧਾਂ ਡਿੱਗਣ ਦਾ ਖਤਰਾ ਬਣਿਆ ਰਹਿਣਾ ਹੈ। ਉਨ੍ਹਾਂ ਜ਼ਿਲ੍ਹਾ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਿਹੜੇ ਮਕਾਨ ਕੱਚੇ ਹਨ, ਜੋ ਅਣ ਸੁਰੱਖਿਅਤ ਹਨ। ਉਹ ਪਰਿਵਾਰ ਮੀਂਹ ਦੇ ਦਿਨਾਂ ਵਿਚ ਅਜਿਹੇ ਘਰਾਂ ਵਿੱਚ ਰਹਿਣ ਦੀ ਬਜਾਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਏ ਨੇੜਲੇ ਰਾਹਤ ਕੈਂਪਾਂ ਵਿੱਚ ਆ ਕੇ ਰਹਿ ਸਕਦੇ ਹਨ, ਜਿੱਥੇ ਸਾਰੀਆਂ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਵਾਰ ਪਿੰਡਾਂ ਵਿਚ ਸਰਪੰਚ, ਪਟਵਾਰੀ ਜਾਂ ਪੰਚਾਇਤ ਸਕੱਤਰ ਨੂੰ ਦੱਸਿਆ ਜਾਵੇ। ਸ਼ਹਿਰ ਵਿੱਚ ਨਗਰ ਕੌਂਸਲ ਦੇ ਈ ਓ ਆਪਣੇ ਵਾਰਡ ਦੇ ਐਮ ਸੀ ਨੂੰ ਸੂਚਿਤ ਕੀਤਾ ਜਾਵੇ, ਜੋ ਕਿਸੇ ਵੀ ਤਰ੍ਹਾਂ ਦੇ ਜਾਨੀ - ਮਾਲੀ ਨੁਕਸਾਨ ਤੋਂ ਬਚਾਅ ਕੀਤਾ ਜਾ ਸਕੇ। ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਨੰਬਰ ਵੀ ਜਾਰੀ ਕੀਤਾ ਗਿਆ ਹੈ, ਕਿਸੇ ਵੀ ਤਰ੍ਹਾਂ ਦੀ ਲੋੜ ਪੈਣ 'ਤੇ ਤੁਸੀ 01679-233031 'ਤੇ ਸੰਪਰਕ ਕਰ ਸਕਦੇ ਹੋ। ਉਨ੍ਹਾਂ ਦੱਸਿਆ ਕਿ ਜਿਹੜੀਆਂ ਇਮਾਰਤਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਇਮਾਰਤਾਂ ਦੇ ਮਾਲਕਾਂ ਨੂੰ ਸਰਕਾਰ ਵੱਲੋਂ ਬਣਦੇ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ।

## ਸਰਕਾਰ ਅਤੇ ਪ੍ਰਸ਼ਾਸਨ ਹੜ੍ਹਾਂ ਕਾਰਨ ਡਿੱਗੇ ਹੋਏ ਘਰਾਂ ਲਈ ਜਾਰੀ ਕਰੇ ਮੁਆਵਜ਼ਾ :ਵਿਨਰਜੀਤ ਸਿੰਘ ਗੋਲਡੀ

ਸੁਨਾਮ ਊਧਮ ਸਿੰਘ ਵਾਲਾ 7 ਸਤੰਬਰ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ)ਹੜ੍ਹਾਂ ਤੋਂ ਬਾਅਦ ਘਰਾਂ ਦਾ ਨੁਕਸਾਨ ਬਹੁਤ ਜਿਆਦਾ ਹੋਇਆ ਹੈ ਕੀ ਗਰੀਬ ਕੀ ਅਮੀਰ ਪਾਣੀ ਦੇ ਲੈਵਲ ਨੇ ਇਹ ਵੀ ਨਹੀਂ ਦੇਖਿਆ ਅਤੇ ਬਾਅਦ ਚ ਬਰਬਾਦੀ ਹੀ ਸਾਹਮਣੇ ਆਈ ਹੈ ਸੁਨਾਮ ਚ ਇੰਦਰਾ ਵਸਤੀ ਦੇ ਸਾਬਕਾ ਕੌਂਸਲਰ ਕ੍ਰਿਸ਼ਨ ਜੋ ਕਿ ਪੁਰਾਣੇ ਸਮੇਂ ਵਿੱਚ ਇਹਨਾਂ ਨੇ ਇਲਾਕੇ ਦੀ ਸੇਵਾ ਕੀਤੀ ਸੀ ਉਹਨਾਂ ਦਾ ਘਰ ਵੀ ਖਸਤਾ ਹਾਲਤ ਵਿੱਚ ਹੈ ਅਤੇ ਹੋਰ ਇਲਾਕੇ ਵਿੱਚ ਵੀ ਕਈ ਘਰ ਅਤੇ ਛੱਤਾਂ ਡਿੱਗੀਆਂ ਪਈਆਂ ਹਨ !ਇਸ ਸਬੰਧੀ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਵਿਨਰਜੀਤ ਸਿੰਘ ਗੋਲਡੀ ਮੌਕੇ ਤੇ ਪਹੁੰਚੇ ਉਹਨਾਂ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲੋਕਾਂ ਦੇ ਘਰਾਂ ਦਾ ਮੁਆਵਜ਼ਾ ਪ੍ਰਸ਼ਾਸਨ ਜਲਦੀ ਦੇਵੇ ਤਾਂ ਜੋ ਉਹ ਆਪਣੇ ਘਰਾਂ ਵਿੱਚ ਸੁਰੱਖਿਤ ਰਹਿ ਸਕਣ ! ਉਹ ਹੁਣ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਕੈਬਨਟ ਮੰਤਰੀ ਅਮਨ ਅਰੋੜਾ ਦੇ ਸ਼ਹਿਰ ਸੁਨਾਮ ਚ ਕਿੰਨੇ ਹੀ ਘਰ ਡਿੱਗੇ ਪਏ ਹਨ ਕਿਸੇ ਵਾ ਵੱਲ ਕੋਈ ਪ੍ਰਸ਼ਾਸਨ ਅਧਿਕਾਰੀ ਨਹੀਂ ਆਇਆ ਅਤੇ ਨਾ ਹੀ ਕੋਈ ਰਾਹਤ ਅਤੇ ਡਿੱਗੇ ਮਕਾਨਾਂ ਦੀ ਸਾਰ ਲੈਣ ਦੀ ਖੇਚਲ ਕੀਤੀ ਜਾਵੇ ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੁਰਗੀਆਂ ਬੱਕਰੀਆਂ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ ਜੋ ਕਿ ਸਿਰਫ ਐਲਾਨ ਹੀ ਸਨ ਹਕੀਕਤ ਵਿੱਚ ਕੁਝ ਵੀ ਸਾਹਮਣੇ ਨਹੀਂ ਆਇਆ ਇਸ ਕਰਕੇ ਮੇਰੀ ਦੁਬਾਰਾ ਫਿਰ ਬੇਨਤੀ ਹੈ ਕਿ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਗਰੀਬ ਲੋਕਾਂ ਦੇ ਡਿੱਗੇ ਮਕਾਨਾਂ ਦੀ ਸਾਰ ਲੈ ਕੇ ਉਨਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰੇ

# ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਿਪਤ ਤਿੰਨ ਰੋਜ਼ਾ ਧਾਰਮਿਕ ਸਮਾਗਮ ਕਰਵਾਇਆ



ਤਪਾ ਮੰਡੀ, 7 ਸਤੰਬਰ (ਰਾਜੂ ਮਹਿਰਾ)ਤਿਹਸੀਲ ਕੰਪਲੈਕਸ ਨਜ਼ਦੀਕ ਸਿਥਤ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜੀਵਨ ਸੰਘ ਦੇ ਪ੍ਰਕਾਸ਼ ਦਹਾੜੇ ਨੂੰ ਸਮਰਿਪਤ ਤੰਨ ਰੋਜਾ ਧਾਰਿਮਕ ਸਮਾਗਮ ਕਰਵਾਇਆ ਗਆ । ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਰਾਗੀ ਸੰਘਾਂ ਨੇ ਰਸਿਭੰਨਾ ਕੀਰਤਨ ਕਰਕੇ ਸੰਗਤ ਨੂੰ ਨਹਾਲ ਕੀਤਾ। ਸਮਾਗਮ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਮਿਹਲ ਕਲਾਂ ਇੰਚਾਰਜ ਨਾਥ ਸੰਘ ਹਮੀਦੀ, ਸੀਨੀਅਰ ਅਕਾਲੀ ਆਗੂ ਤਰਲੋਚਨ ਬਾਂਸਲ, ਯੂਥ ਅਕਾਲੀ ਦਲ ਦੇ ਜ਼ਲਾ ਪ੍ਰਧਾਨ ਸੰਦੀਪ ਸੰਘ ਸੀਪਾ, ਸੀਨੀਅਰ ਅਕਾਲੀ ਆਗੂ ਭਗਵਾਨ ਸੰਘ ਭਾਨਾ, ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਡੋਗਰ ਸੰਘ, ਸਾਬਕਾ ਕੌਂਸਲਰ ਗੁਰਮੀਤ ਸੰਘ ਰੋੜ,ਹਰਦੀਪ ਸੰਘ ਛੰਨਾ ਸੁਖਿਜੰਦਰ ਸੰਘ,ਲੱਖੀ ਛੰਨਾ ਅਤੇ ਇਸਤਰੀ ਅਕਾਲੀ ਦਲ ਦੀ ਆਗੂ ਬੀਬਾ ਜਸਿਵੰਦਰ ਕੌਰ ਸ਼ੇਰਿਗੱਲ ਆਦਿ ਨੇ ਵਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਲਵਾਈ। ਸਮਾਗਮ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਹਾਜ਼ਰ ਪਤਵੰਤਿਆਂ ਨੂੰ ਸਰੋਪਾਓ ਦੇ ਕੇ ਸਨਮਾਨਿਤ ਕੀਤਾ ਗਆ । ਇਸ ਮੌਕੇ ਭਗਵੰਤ ਸੰਘ ਚੱਠਾ ਅਕਾਲੀ ਆਗੂ, ਬਹੁਜਨ ਸਮਾਜ ਪਾਰਟੀ ਦਾ ਹਲਕਾ ਪ੍ਰਧਾਨ ਦਰਸ਼ਨ ਸੰਘ ਦਰਸ਼ੀ, ਜੋਗਿੰਦਰ ਸੰਘ ਮੋਗਾ ਪ੍ਰਧਾਨ ਨਾਮਦੇਵ ਗੁਰੂਦੁਆਰਾ ਸਾਿਹਬ, ਸੁਖਿਵੰਦਰ ਸੰਘ ਢੋਲੂ, ਦਲਬਾਰਾ ਸੰਘ,ਗੁਰਮੇਲ ਸੰਘ ਕਮੇਟੀ ਗੁਰਦੁਆਰਾ ਸਾਹਿਬ ਆਦਿ ਵੱਡੀ ਗਣਤੀ 'ਚ ਸੰਗਤ ਹਾਜ਼ਰ ਸੀ।

# ਪੰਜਾਬ ਸਰਕਾਰ ਨੂੰ ਮਰੀਜ਼ਾਂ ਨਾਲੋਂ ਜ਼ਿਆਦਾ ਫਿਕਰ ਅਮਲੀਆਂ ਦੀ , ਡਿਲੀਵਰੀ ਕੇਸ ਵੀ ਬੰਦ




ਭਦੌੜ, 6 ਸਤੰਬਰ (ਸੁਖਿਵੰਦਰ ਪਲਾਹਾ):ਿ ਇੱਕ ਪਾਸੇ ਪੂਰਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ, ਅਤੇ ਪੰਜਾਬ ਅੰਦਰ ਕੰਨੇ ਹੀ ਗਰੀਬਾਂ ਦੇ ਘਰ ਪਾਣੀ ਵੱਚ ਡੁੱਬ ਗਏ ਹਨ ਅਤੇ ਕੁਝ ਘਰਾਂ ਦੀ ਛੱਤਾਂ ਡੱਗਣ ਕਾਰਨ ਭਾਰੀ ਮਾਤਰਾ ਵੱਚ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ । ਇਥੋਂ ਤੱਕ ਕ ਕੁੱਝ ਗਰੀਬ ਲੋਕਾਂ ਦੇ ਘਰਾਂ ਵੱਚ ਖਾਣ ਨੂੰ ਵੀ ਕੁਝ ਨਹੀਂ ਬਿਚਆ, ਗਰੀਬਾਂ ਦਾ ਸਭ ਕੁਝ ਪਾਣੀ ਰੋੜ ਕੇ ਲੈ ਗਆ ਜਾਂ ਸਭ ਕੁੱਝ ਖ਼ਰਾਬ ਹੋ ਗਆ ਹੈ ਪਰ ਪੰਜਾਬ ਸਰਕਾਰ ਵੱਲੋਂ ਕੋਈ ਵੀ ਠੋਸ ਕਦਮ ਨਾ ਚੁੱਕੇ ਜਾਣ ਕਾਰਨ ਲੋਕਾਂ ਅੰਦਰ ਭਾਰੀ ਰੋਸ ਪਾਇਆ ਜਾ ਰਹਾ ਹੈ, ਜੇਕਰ ਗੱਲ ਕਰੀਏ ਪੀ ਐਚ ਸੀ ਭਦੌੜ ਦੀ ਤਾਂ ਇਸ ਸਰਕਾਰੀ ਹਸਪਤਾਲ ਵੱਚ ਤਕਰੀਬਨ 5 ਫੁੱਟ ਪਾਣੀ ਜਮ ?ਹਾਂ ਹੋ ਚੁੱਕਿਆ ਸੀ ਜਸ ਕਾਰਨ ਸਰਕਾਰੀ ਹਸਪਤਾਲ ਭਦੌੜ ਨੂੰ ਆਰਜ਼ੀ ਤੌਰ ਤੇ ਬੰਦ ਕਰਕੇ ਕਰ ਦੱਤਾ ਗਆ। ਪਰ ਸਦਕੇ ਜਾਈਏ ਪੰਜਾਬ ਸਰਕਾਰ ਦੇ ਜੱਥੇ ਹੈਲਥ ਵਭਾਗ ਵੱਲੋਂ ਬੇਸ਼ੱਕ ਮਰੀਜ਼ਾਂ ਨੂੰ ਚੈੱਕ ਕਰਨ ਵਾਸਤੇ ਭਦੌੜ ਵੱਚ ਇੱਕੋ ਇੱਕ ਬਣਾਏ ਗਏ ਦੋ ਕਮਿਰਆਂ ਦੇ ਮੁਹੱਲਾ ਕਲੀਨਕ ਵੱਚ ਸ਼ਫਟ ਕਰ ਦੱਤਾ ਗਆ ਪਰ ਮਰੀਜ਼ਾਂ ਨਾਲੋਂ ਜਆਦਾ ਤਰਜੀਹ ਅਮਲੀਆਂ ਨੂੰ ਦੱਤੀ ਗਈ,ਿ ਕਉਿਕ ਅਮਲੀਆਂ ਵੱਲੋਂ ਖਾਣ ਵਾਲੀਆਂ ਜੀਭ ਵਾਲੀਆਂ ਗੋਲੀਆਂ ਨਰਿਵਘਨ ਜਾਰੀ ਰਹੀਆਂ ਅਤੇ ਮੁਹੱਲਾ ਕਲੀਨਕ ਦੇ ਅੱਗੇ ਬਹੁਤ ਵੱਡੀਆਂ ਵੱਡੀਆਂ ਲੰਬੀਆਂ ਲਾਈਨਾਂ ਲੱਗ ਗਈਆਂ । ਇੱਥੇ ਸੋਚਣ ਵਾਲੀ ਗੱਲ ਇਹ ਹੈ ਕ ਇੱਕ ਪਾਸੇ ਪੰਜਾਬ ਸਰਕਾਰ ਸਹਤ ਵਭਾਗ ਰਾਹੀਂ ਆਮ ਲੋਕਾਂ ਨੂੰ ਵਧੀਆ ਸਹੂਲਤਾਂ ਦੇਣ ਲਈ ਵਚਨਬੱਧ ਅਖਵਾਉਂਦੀ ਹੈ, ਪਰ ਇਸਦੀ ਤਾਜ਼ਾ ਮਸਾਲ ਭਦੌੜ ਤੋਂ ਮਲਦੀ ਹੈ ਜੱਥੇ ਸਹਤ ਸਹੂਲਤਾਂ ਤੋਂ ਵੱਧ ਕੇ ਅਮਲੀਆਂ ਨੂੰ ਤਰਜੀਹ ਦੱਤੀ ਜਾ ਰਹੀ ਹੈ ਕਉਿਕ ਜੀਭ ਵਾਲੀਆਂ ਗੋਲੀਆਂ ਅਮਲੀਆਂ ਲਈ ਇੱਕ ਦਨ ਵੀ ਬੰਦ ਨਹੀਂ ਹੋਈਆਂ, ਪਰ ਮਰੀਜ਼ਾਂ ਦਾ ਚੈੱਕ ਅਪ ਰੱਬ ਆਸਰੇ ਚੱਲ ਰਹਾ ਹੈ । ਇਸ ਸਬੰਧੀ ਸਰਕਾਰੀ ਹਸਪਤਾਲ ਭਦੌੜ ਵੱਚ ਇੰਚਾਰਜ ਡਾਕਟਰ ਬਾਂਕੇ ਬਹਾਰੀ ਨਾਲ ਜਦ ਗੱਲ ਕੀਤੀ ਤਾਂ ਉਹਨਾਂ ਦੱਸਿਆ ਕ ਹਸਪਤਾਲ ਵੱਚ ਪਾਣੀ ਭਰ ਜਾਣ ਕਾਰਨ ਹਸਪਤਾਲ ਨੂੰ ਆਰਜ਼ੀ ਤੌਰ ਤੇ ਬੰਦ ਕਰਨਾ ਪਆ ਅਤੇ ਇੱਥੋਂ ਕੁਝ ਸਮਾਨ ਸ਼ਫਟ ਕਰਕੇ ਮੁਹੱਲਾ ਕਲੀਨਕ ਵੱਚ ਰੱਖ ਦੱਤਾ ਗਆ ਸੀ ।ਉਹਨਾਂ ਦੱਸਿਆ ਕ ਹਸਪਤਾਲ ਵੱਚ ਪਆ ਸਰਕਾਰੀ ਰਕਾਰਡ, ਫਾਈਲਾਂ ਅਤੇ ਰਿਜਸਟਰਾਂ ਨੂੰ ਵੀ ਕਾਫੀ ਨੁਕਸਾਨ ਪੁੱਜਾ ਹੈ ਅਤੇ ਕੁਝ ਰਕਾਰਡ ਬਲਕੁਲ ਖਤਮ ਹੋ ਗਆ ਹੈ। ਉਹਨਾਂ ਦੱਸਿਆ ਕ ਲੇਬਰ ਰੂਮ ਮੁਕੰਮਲ ਤੌਰ ਤੇ ਬੰਦ ਕੀਤਾ ਹੋਇਆ ਹੈ ਜਦ ਤੱਕ ਸਰਕਾਰੀ ਹਸਪਤਾਲ ਭਦੌੜ ਦੁਬਾਰਾ ਚਾਲੂ ਨਹੀਂ ਹੁੰਦਾ ਤਦ ਤੱਕ ਲੇਬਰ ਰੂਮ ਵੱਚ ਕੋਈ ਵੀ ਡਲੀਵਰੀ ਨਹੀਂ ਕੀਤੀ ਜਾ ਸਕਦੀ ।ਡਾਕਟਰ ਬਾਂਕੇ ਬਹਾਰੀ ਨੇ ਦੱਸਿਆ ਕ ਅਜੇ ਮਸ਼ੀਨਾਂ ਅਤੇ ਕੰਪਿਊਟਰ ਵਗੈਰਾ ਚਲਾ ਕੇ ਵੇਖਣੇ ਪੈਣਗੇ ਕ ਉਹਨਾਂ ਨੂੰ ਕੰਨਾ ਕੁ ਨੁਕਸਾਨ ਪੁੱਜਾ ਹੈ ਅਤੇ ਦੋ ਚਾਰ ਦਨ ਸਾਨੂੰ ਸਭ ਕੁੱਝ ਠੀਕ ਕਰਨ ਵੱਚ ਹੋਰ ਲੱਗ ਸਕਦੇ ਹਨ। ਡਾਕਟਰ ਬਣ ਕੇ ਭਰੀ ਨੇ ਦੱਸਿਆ ਕ ਸਰਕਾਰੀ ਹਸਪਤਾਲ ਵੱਚ ਮੌਜੂਦ ਪੁਰਾਣੀ ਬਲਿਡੰਗ ਨੂੰ ਤੋੜ ਕੇ ਉਸ ਜਗ ?ਹਾ ਤੇ ਸਰਕਾਰ ਵੱਲੋਂ ਨਵੀਂ ਬਲਿਡੰਗ ਬਣਾਈ ਜਾਵੇਗੀ ਜਸ ਦਾ ਸਭ ਕੁੱਝ ਕੰਮ ਮੁਕੰਮਲ ਹੋ ਚੁੱਕਾ ਹੈ ਪਰ ਨਕਸ਼ੇ ਨੂੰ ਲੈ ਕੇ ਕੁਝ ਦੱਕਤ ਚੱਲ ਰਹੀ ਹੈ ਜਸ ਨੂੰ ਜਲਦੀ ਹੀ ਸੁਲਝਾ ਕੇ ਪਾਣੀ ਦਾ ਲੈਵਲ ਕੱਢ ਕੇ ਬਲਿਡੰਗ ਨੂੰ ਉੱਚਾ ਕਰਕੇ ਬਣਾਇਆ ਜਾਵੇਗਾ ।ਹੁਣ ਸੋਚਣ ਵਾਲੀ ਗੱਲ ਇਹ ਹੈ ਕ ਅਗਰ ਕਸੇ ਗਰੀਬ ਗਰਭਵਤੀ ਔਰਤ ਨੂੰ ਸਰਕਾਰੀ ਹਸਪਤਾਲ ਭਦੌੜ ਵਖੇ ਆਪਣੀ ਡਲੀਵਰੀ ਕਰਾਉਣ ਦੀ ਲੋੜ ਪੈ ਜਾਵੇ ਤਾਂ ਉਹ ਕੱਥੋਂ ਕਰਵਾਵੇਗੀ ?ਿ ਇਸ ਵੱਚ ਸਰਫ ਇੱਕ ਹੀ ਰਸਤਾ ਬਚਦਾ ਹੈ ਕ ਉਸ ਔਰਤ ਉਸ ਨੂੰ ਤਪਾ ਮੰਡੀ ਜਾਂ ਸਵਲ ਹਸਪਤਾਲ ਬਰਨਾਲਾ ਵੱਚ ਸ਼ਫਟ ਕਰਨਾ ਪਵੇਗਾ । ਇੱਥੇ ਹਰ ਇੱਕ ਇਨਸਾਨ ਦੇ ਦਮਾਗ ਵੱਚ ਸਵਾਲ ਜਰੂਰ ਪੈਦਾ ਹੋ ਜਾਂਦਾ ਹੈ ਕ ਭਦੌੜ ਦੇ ਹਸਪਤਾਲ ਵੱਚ ਡਿਲਵਰੀ ਤਾਂ ਨਹੀਂ ਹੋ ਸਕਦੀ ਪਰ ਜੀਭ ਵਾਲੀਆਂ ਗੋਲੀਆਂ ਜਰੂਰ ਮਲ ਸਕਦੀਆਂ ਹਨ ।,ਇਹ ਹੈ ਸਾਡੇ ਪੰਜਾਬ ਦਾ ਅੱਜ ਦਾ ਦੁਖਾਂਤ, ਲੋੜ ਹੈ ਸਾਡੀਆਂ ਸਰਕਾਰਾਂ ਨੂੰ ਲੋਕਾਂ ਲਈ ਸੋਚਣ ਦੀ ਨਾ ਕ ਵੋਟਾਂ ਵੇਲੇ ਆਮ ਗਰੀਬ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਉਹਨਾਂ ਨੂੰ ਭਰਮਾਉਣ ਦੀ।

# ਪਟਵਾਰੀ/ਕਾਨੂੰਗੋ ਵੈੱਲਫੇਅਰ ਐਸੋਸੀਏਸ਼ਨ ਦੀ ਹੋਈ ਮਹੀਨਾਵਾਰ ਮੀਟਿੰਗ



ਬਰਨਾਲਾ, 7 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) ਦਾ ਰਿਟਾਇਰਡ ਰੈਵਨਿਊ ਕਾਨੂੰਗੋ/ਪਟਵਾਰੀ ਵੈਲਫਅਰ ਐਸੋਸੀਏਸ਼ਨ ਜ਼ਿਲ੍ਹਾ ਬਰਨਾਲਾ ਦੀ ਮਹੀਨਾਵਾਰ ਮੀਟਿੰਗ ਕਾਰਜਕਾਰੀ ਕਮਟੀ ਦ ਮੈਂਬਰਾਨ ਪਟਵਾਰੀ ਸਤਪਾਲ ਬਾਂਸਲ ਕਾਨੂੰਗੋ, ਰਾਜ ਕੁਮਾਰ ਸ਼ਰਮਾਂ ਅਤ ਦਰਸ਼ਨ ਸਿੰਘ ਗਿੱਲ ਦੀ ਪ੍ਰਧਾਨਗੀ ਹਠ ਗੁਰੂ ਦੁਆਰਾ ਸਾਹਿਬ ਸਿੰਘ ਸਭਾ ਬਰਨਾਲਾ ਵਿਖ ਹੋਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਪਟਵਾਰੀ ਅਤ ਕਾਨੂੰਗੋ ਸ਼ਾਮਲ ਹੋਏ। ਇਸ ਮੌਕ ਸਦਰ ਕਾਨੂੰਗੋ ਦਰਸ਼ਨ ਸਿੰਘ ਗੁਰੂ ਅਤ ਭੁਪਿੰਦਰ ਸਿੰਘ ਕਾਨੂੰਗੋ ਨ ਪੰਜਾਬ ਵਿੱਚ ਆਏ ਹੜ੍ਹ ਪੀੜ੍ਹਤ ਦੀ ਯੋਗ ਸਹਾਇਤਾ ਕਰਨ ਲਈ ਆਪਣ ਵਿਚਾਰ ਅਤ ਸੁਝਾਅ ਦਿੱਤ। ਪਟਵਾਰੀ ਕਰਨੈਲ ਸਿੰਘ ਕੈਰ ਤ ਗੁਲਜਾਰ ਸ਼ਾਹ ਨ ਕਮਾਈ ਛੁੱਟੀ ਦ ਬਕਾਏ ਸਬੰਧੀ ਦੱਸਿਆ ਕਿ ਜੱਥਬੰਦੀ ਦ ਕਵਲ 10-12 ਕਰਮਚਾਰੀਆਂ ਦੀ ਹੀ ਪਹਿਲੀ ਕਿਸ਼ਤ ਹੀ ਅਦਾ ਕੀਤੀ ਗਈ ਜਦੋਂ ਕਿ ਅਪਰੈਲ ਤੱਕ ਸਾਰਿਆਂ ਦੀ ਹੀ ਅਦਾਇਗੀ ਹੋਣੀ ਚਾਹੀਦੀ ਸੀ। ਇਸ ਬਾਰ ਸਬੰਧਿਤ ਅਧਿਕਾਰੀ ਅਤ ਕਰਮਚਾਰੀਅ ਪਤੀ ਤਿੱਖਾ ਰੋਸ ਪ ?ਗਟ ਕੀਤਾ। ਇਸ ਮੌਕ ਕਾਨੂੰਗੋ ਬਚਨ ਸਿੰਘ ਨ 2023 ਤੋਂ ਬਕਾਇਆ ਪਏ ਮੈਡੀਕਲ ਬਿਲਾਂ ਦੀ ਅਦਾਇਗੀ ਨਾ ਕਰਨ ਤ ਰੋਸ ਪ੍ਰਗਟ ਕਰਦਿਅ ਕਿਹਾ ਕਿ ਅਸੀਂ ਕਈ ਵਾਰ ਅਧਿਕਾਰੀਅ ਨੂੰ ਬਨਤੀ ਕੀਤੀ ਪਰ ਅਜ ਤੱਕ ਸਾਡ ਪਹਿਲ ਪਾਸ ਹੋਏ ਬਿਲ ਦੀ ਅਦਾਇਗੀ ਨਹੀਂ ਕੀਤੀ ਗਈ। ਉਨਾਂ ਜੋਰਦਾਰ ਮੰਗ ਕੀਤੀ ਕਿ ਸਾਡ ਪੈਂਡਿੰਗ ਪਏ ਸਾਰ ਬਿਲਾਂ ਦੀ ਤੁਰੰਤ ਅਦਾਇਗੀ ਕੀਤੀ ਜਾਵ। ਹਾਜ਼ਰ ਕਾਨੂੰਗੋ ਬਚਨ ਸਿੰਘ, ਭੁਪਿੰਦਰ ਸਿੰਘ, ਰਾਜ ਕੁਮਾਰ, ਪਰਮਿੰਦਰ ਸਿੰਘ ਕਾਨੂੰਗੋ ਭਦੌੜ ਪਟਵਾਰੀ ਦਰਸ਼ਨ ਸਿੰਘ ਕਰਨੈਲ ਸਿੰਘ ਸੁਰਜੀਤ ਸਿੰਘ ਭੱਟੀ ਆਦਿਕ ਅਤ ਹੋਰ ਸਾਥੀ ਮੀਟਿੰਗ ਵਿੱਚ ਹਾਜਰ ਆਏ। ਸਟਜ ਸਕੱਤਰ ਦੀ ਭੂਮਿਕਾ ਕਾਨੂੰਗੋ ਰਾਜਸ਼ ਭੁਟਾਨੀ ਨ ਬਾਖੂਬੀ ਨਿਭਾਈ ਅਤ ਅੰਤ ਚ ਮੀਟਿੰਗ ਵਿੱਚ ਹਾਜ਼ਰ ਸਾਰ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਫੋਟੋ 7 ਬੀਐਨਐਲ 10 ਕੈਪਸ਼ਨ: ਪਟਵਾਰੀ/ਕਾਨੂੰਗੋ ਵੈੱਲਫਅਰ ਐਸੋਸੀਏਸ਼ਨ ਦੀ ਮੀਟਿੰਗ ਸਮੇਂ ਹਾਜ਼ਰੀਨ।

# ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਹੜ੍ਹ ਨਾਲ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦਣ ਦੀ ਮੰਗ



ਬਰਨਾਲਾ, 7 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ ) ਬਹੁਜਨ ਸਮਾਜ ਪਾਰਟੀ ਦ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਦ ਦਿਸ਼ਾ ਨਿਰਦਸ਼ਾਂ ਅਨੁਸਾਰ ਪੰਜਾਬ ਸੰਭਾਲੋ ਮੁਹਿੰਮ ਤਹਿਤ ਸੁਖਵਿੰਦਰ ਸਿੰਘ ਢੋ ਹਲਕਾ ਪ੍ਰਧਾਨ ਭਦੌੜ ਦੀ ਪ੍ਰਧਾਨਗੀ ਹਠ ਬਰਨਾਲਾ ਵਿਖ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਲੈਕਚਰਾਰ ਅਮਰਜੀਤ ਸਿੰਘ ਝਰ, ਸੂਬਾ ਜਨਰਲ ਸਕੱਤਰ ਤ ਜੋਨ ਇੰਚਾਰਜ ਪਟਿਆਲਾ, ਡਾਕਟਰ ਸਰਬਜੀਤ ਸਿੰਘ ਖੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਬਰਨਾਲਾ ਵਿਸ਼ਸ਼ ਤੌਰ ਤ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਹਲਕ ਵਿੱਚ ਭਾਰੀ ਬਾਰਸ਼ ਤੋਂ ਪ੍ਰਭਾਵਿਤ ਲੋਕ ਦ ਔਖ ਸਮਾਂ ਵਿਚ ਸ਼ਾਮਿਲ ਹੋਣ ਲਈ ਡਿਊਟੀਅ ਲਗਾਈਅ ਗਈਅ ਅਤ ਸੈਕਟਰ ਪੱਧਰ ਦ ਢਾਂਚ ਨੂੰ ਜਲਦੀ ਮੁਕੰਮਲ ਕਰਨ ਲਈ ਕਿਹਾ ਗਿਆ। ਆਗੂਅ ਕਿਹਾ ਕਿ ਪਿਛਲ ਦਿਨੀਂ ਪੰਜਾਬ ਅੰਦਰ ਪਏ ਤਜ਼ ਮੀਂਹ ਕਾਰਨ ਸੂਬ ਅੰਦਰ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਨਾਲ ਫ਼ਸਲ ਤਬਾਹ ਤ ਘਰ ਢਹਿ ਢਰੀ ਹੋ ਗਏ ਹਨ। ਇਸ ਤੋਂ ਇਲਾਵਾ ਮਸ਼ੀਨਰੀ ਤ ਪਸ਼ੂ ਵੀ ਮਰ ਗਏ ਹਨ, ਜਿਸ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸੂਬ ਅੰਦਰ ਹੜ੍ਹ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਸਰਕਾਰ ਤੁਰੰਤ ਜਾਰੀ ਕਰ , ਮੀਟਿੰਗ ਦੌਰਾਨ ਲਖਵਿੰਦਰ ਸਿੰਘ ਲੱਖਾ ਐਮ.ਸੀ ਨੂੰ ਸ਼ਹਿਰੀ ਪ੍ਰਧਾਨ ਤਪਾ, ਬੀਰਬਲ ਸਿੰਘ ਦਰਾਕਾ ਨੂੰ ਪ੍ਰਧਾਨ, ਗੁਰਪ੍ਰੀਤ ਸਿੰਘ ਦਰਾਕਾ ਨੂੰ ਜਨਰਲ ਸਕੱਤਰ ਅਤ ਜੱਗਾ ਸਿੰਘ ਦਰਾਜ਼ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਸਮਾਂ ਜਗਸੀਰ ਸਿੰਘ ਕੌਲਧਾਰ ਤਪਾ, ਗੁਰਬਖਸ਼ ਸਿੰਘ ਦਰਾਕਾ ਆਦਿ ਤੋਂ ਇਲਾਵਾ ਹੋਰ ਆਗੂ/ਵਰਕਰ ਹਾਜ਼ਰ ਸਨ। ਮੀਟਿੰਗ ਉਪਰੰਤ ਦਰਸ਼ਨ ਸਿੰਘ ਤਪਾ ਹਲਕਾ ਇੰਚਾਰਜ ਭਦੌੜ ਨ ਮੀਟਿੰਗ ਵਿੱਚ ਸਮੂਹ ਸਾਥੀਅ ਦਾ ਧੰਨਵਾਦ ਕੀਤਾ।

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਓਮੇਗਾ-3 ਦੀ ਕਮੀ ਦੂਰ ਕਰਨ ਲਈ ਖਾਓ ਅਲਸੀ ਦੇ ਬੀਜ

ਜੇ ਤੁਸੀਂ ਸ਼ਾਕਾਹਾਰੀ ਹੋ ਤੇ ਸੋਚਦੇ ਹੋ ਕਿ ਓਮੇਗਾ-3 ਸਿਰਫ਼ ਮਾਸ, ਮੱਛੀ ਜਾਂ ਆਂਡੇ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਤਾਂ ਤੁਸੀਂ ਗਲਤ ਹੋ। ਸੱਚਾਈ ਇਹ ਹੈ ਕਿ ਕੁਦਰਤ ਨੇ ਸਾਨੂੰ ਬਹੁਤ ਸਾਰੇ ਅਜਿਹੇ ਪੌਦੇ ਦਿੱਤੇ ਹਨ, ਜੋ ਓਮੇਗਾ-3 ਨਾਲ ਭਰਪੂਰ ਹਨ। ਇਹ



ਇੱਕ ਪੌਸ਼ਟਿਕ ਤੱਤ ਹੈ ਜੋ ਸਾਡੇ ਸਰੀਰ ਲਈ, ਖਾਸ ਕਰਕੇ ਦਿਮਾਗ ਅਤੇ ਦਿਲ ਲਈ ਬਹੁਤ ਮਹੱਤਵਪੂਰਨ ਹੈ। ਓਮੇਗਾ-3 ਦੀ ਕਮੀ ਤੁਹਾਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ ਜਿਵੇਂ ਕਿ ਜੋੜਾਂ ਵਿੱਚ ਦਰਦ, ਥਕਾਵਟ, ਖੁਸ਼ਕ ਚਮੜੀ ਜਾਂ ਯਾਦਦਾਸ਼ਤ ਵਿੱਚ ਕਮਜ਼ੋਰੀ, ਪਰ ਘਬਰਾਓ ਨਾ ਕਿਉਂਕਿ ਇਹਨਾਂ ਸ਼ਾਕਾਹਾਰੀ ਭੋਜਨਾਂ ਨਾਲ ਤੁਸੀਂ ਇਸਦੀ ਕਮੀ ਨੂੰ ਆਸਾਨੀ ਨਾਲ ਪੂਰਾ ਕਰ ਸਕਦੇ ਹੋ।

**ਅਲਸੀ ਦੇ ਬੀਜ**; ਅਲਸੀ ਦੇ ਬੀਜਾਂ ਨੂੰ ਓਮੇਗਾ-3 ਦਾ ਪਾਵਰਹਾਊਸ ਕਿਹਾ ਜਾਂਦਾ ਹੈ। ਇੱਕ ਚਮਚ ਪੀਸੇ ਹੋਏ ਅਲਸੀ ਦੇ ਬੀਜਾਂ ਵਿੱਚ ਲਗਪਗ 2,350 ਮਿਲੀਗ੍ਰਾਮ ਓਮੇਗਾ-3 ਹੁੰਦਾ ਹੈ, ਜੋ ਤੁਹਾਡੀ ਰੋਜ਼ਾਨਾ ਦੀ ਲੋੜ ਨੂੰ ਪੂਰਾ ਕਰਨ ਲਈ ਕਾਫ਼ੀ ਹੈ। ਤੁਸੀਂ ਇਸਨੂੰ ਦਹੀਂ, ਸਮੂਦੀ ਜਾਂ ਸਲਾਦ ਵਿੱਚ ਮਿਲਾ ਕੇ ਖਾ ਸਕਦੇ ਹੋ।

**ਚੀਆ ਬੀਜ** ; ਚੀਆ ਬੀਜ ਵੀ ਓਮੇਗਾ-3 ਨਾਲ ਭਰਪੂਰ ਹੁੰਦੇ ਹਨ। ਸਿਰਫ਼ ਦੋ ਚਮਚ ਚੀਆ ਬੀਜਾਂ ਵਿੱਚ ਲਗਪਗ 5,000 ਮਿਲੀਗ੍ਰਾਮ ਓਮੇਗਾ-3 ਹੁੰਦਾ ਹੈ। ਤੁਸੀਂ ਚੀਆ ਪੁਡਿੰਗ ਨੂੰ ਪਾਣੀ ਵਿੱਚ ਭਿਓਂ ਕੇ ਬਣਾ ਸਕਦੇ ਹੋ ਜਾਂ ਦਲੀਆ ਵਿੱਚ ਮਿਲਾ ਕੇ ਖਾ ਸਕਦੇ ਹੋ। ਇਹ ਸਰੀਰ ਨੂੰ ਹਾਈਡਰੇਟ ਰੱਖਣ ਵਿੱਚ ਵੀ ਮਦਦ ਕਰਦੇ ਹਨ।

**ਅਖਰੋਟ** : ਅਖਰੋਟ ਨਾ ਸਿਰਫ਼ ਦਿਮਾਗ ਵਾਂਗ ਦਿਖਾਈ ਦਿੰਦੇ ਹਨ, ਸਗੋਂ ਇਹ ਦਿਮਾਗ ਲਈ ਵੀ ਬਹੁਤ ਫਾਇਦੇਮੰਦ ਹੁੰਦੇ ਹਨ। ਇਹ ਓਮੇਗਾ-3 ਦਾ ਇੱਕ ਵਧੀਆ ਸਰੋਤ ਹੈ। ਮੁੱਠੀ ਭਰ ਅਖਰੋਟ ਖਾਣ ਨਾਲ ਨਾ ਸਿਰਫ਼ ਤੁਹਾਡਾ ਦਿਲ ਸਿਹਤਮੰਦ ਰਹਿੰਦਾ ਹੈ, ਸਗੋਂ ਇਹ ਤਣਾਅ ਨੂੰ ਵੀ ਘਟਾਉਂਦਾ ਹੈ।

**ਸੋਇਆਬੀਨ**: ਸੋਇਆਬੀਨ ਅਤੇ ਉਨ੍ਹਾਂ ਦੇ ਉਤਪਾਦ, ਜਿਵੇਂ ਕਿ ਟੋਫੂ ਅਤੇ ਸੋਇਆ ਦੁੱਧ, ਵੀ ਓਮੇਗਾ-3 ਦੇ ਚੰਗੇ ਸਰੋਤ ਹਨ। ਸ਼ਾਕਾਹਾਰੀਆਂ ਲਈ, ਇਹ ਪ੍ਰੋਟੀਨ ਅਤੇ ਓਮੇਗਾ-3 ਦੋਵਾਂ ਦੀ ਕਮੀ ਨੂੰ ਪੂਰਾ ਕਰਨ ਦਾ ਇੱਕ ਵਧੀਆ ਤਰੀਕਾ ਹੈ।

# ਭਾਰਤੀ ਪੁਰਸ਼ ਕੰਪਾਊਂਡ ਤੀਰ ਅੰਦਾਜ਼ੀ ਟੀਮ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਪਹਿਲਾ ਸੋਨ ਤਮ.ਗਾ ਫੁੰਡਿਆ

ਗੁਆਂਗਜ਼ੂ (ਦੱਖਣੀ ਕੋਰੀਆ), 7 ਸਤੰਬਰ (ਚ.ਨ.ਸ.) : ਭਾਰਤੀ ਪੁਰਸ਼ ਕੰਪਾਊਂਡ ਤੀਰਅੰਦਾਜ਼ੀ ਟੀਮ ਨੇ ਐਤਵਾਰ ਨੂੰ ਇੱਥੇ ਫਾਈਨਲ ਵਿੱਚ ਫਰਾਂਸ ਨੂੰ ਹਰਾ ਕੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਆਪਣਾ ਪਹਿਲਾ ਸੋਨ ਤਗਮਾ ਜਿੱਤ ਕੇ ਇਤਿਹਾਸ ਸਿਰਜ ਦਿੱਤਾ। ਜਯੋਤੀ ਸੁਰੇਖਾ ਵੇਨਮ ਅਤੇ ਰਿਸ਼ਭ ਯਾਦਵ ਦੀ ਮਿਕਸਡ ਟੀਮ ਨੂੰ



ਫਾਈਨਲ ਵਿੱਚ ਨੀਦਰਲੈਂਡਜ਼ ਤੋਂ 155-157 ਨਾਲ ਹਾਰਨ ਤੋਂ ਬਾਅਦ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ। ਹਾਲਾਂਕਿ 23 ਸਾਲਾ ਰਿਸ਼ਭ ਨੇ ਜਲਦੀ ਹੀ ਬਿਹਤਰ ਪ੍ਰਦਰਸ਼ਨ ਕੀਤਾ।ਉਸ ਨੇ ਅਮਨ ਸੈਣੀ ਅਤੇ ਪ੍ਰਥਮੇਸ਼ ਫੁਗੇ ਨਾਲ ਮਿਲ ਕੇ ਪੁਰਸ਼ ਕੰਪਾਊਂਡ ਟੀਮ ਦੇ ਟਾਈਟਲ ਮੈਚ ਵਿੱਚ ਭਾਰਤ ਨੂੰ ਫਰਾਂਸ ਉੱਤੇ 235-233 ਦੀ ਰੋਮਾਂਚਕ ਜਿੱਤ ਦਿਵਾਈ। ਤਿੰਨ ਸੈੱਟਾਂ ਤੋਂ ਬਾਅਦ ਸਕੋਰ 176-176 'ਤੇ ਬਰਾਬਰ ਸੀ ਪਰ ਦੂਜਾ ਦਰਜਾ ਪ੍ਰਾਪਤ ਭਾਰਤੀ ਟੀਮ ਨੇ ਫੈਸਲਾਕੁਨ ਦੌਰ ਵਿੱਚ ਆਪਣਾ ਸੰਜਮ ਬਣਾਈ ਰੱਖਿਆ ਅਤੇ ਫਰਾਂਸ ਦੇ 57 ਦੇ ਸਕੋਰ ਖਿਲਾਫ਼ 59 ਦਾ ਸਕੋਰ ਕਰਕੇ ਇਤਿਹਾਸਕ ਸੋਨ ਤਗਮਾ ਜਿੱਤਿਆ। ਭਾਰਤ ਨੇ ਫਾਈਨਲ ਤੱਕ ਦੀ ਆਪਣੀ ਯਾਤਰਾ ਵਿੱਚ ਆਸਟਰੇਲੀਆ, ਅਮਰੀਕਾ ਅਤੇ ਤੁਰਕੀ ਉੱਤੇ ਪ੍ਰਭਾਵਸ਼ਾਲੀ ਜਿੱਤਾਂ ਦਰਜ ਕੀਤੀਆਂ ਸਨ।

# ਕੈਨੇਡਾ ਨੇ 80 ਫ਼ੀਸਦੀ ਭਾਰਤੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ

ਓਟਾਵਾ, 7 ਸਤੰਬਰ (ਚ.ਨ.ਸ.) : ਕੈਨੇਡਾ ਸਰਕਾਰ ਨੇ ਵਿਦਿਆਰਥੀ ਵੀਜ਼ਿਆਂ ਲਈ ਨਵੇਂ ਸਖ਼ਤ ਨਿਯਮ ਲਾਗੂ ਕੀਤੇ ਹਨ, ਜਿਸ ਕਾਰਨ 2025 'ਚ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਸਰਕਾਰੀ ਡਾਟਾ ਮੁਤਾਬਕ ਇਸ ਸਾਲ ਲਗਭਗ 62 ਫ਼ੀ ਸਦੀ ਵੀਜ਼ਾ ਅਰਜ਼ੀਆਂ ਰੱਦ ਹੋਈਆਂ, ਜਦੋਂਕਿ ਭਾਰਤੀ ਵਿਦਿਆਰਥੀਆਂ ਲਈ ਇਹ ਅੰਕੜਾ ਹੋਰ ਵੀ ਚਿੰਤਾਜਨਕ ਹੈ-ਉਨ੍ਹਾਂ 'ਚੋਂ ਕਰੀਬ 80 ਫ਼ੀ ਸਦੀ ਦੀਆਂ ਅਰਜ਼ੀਆਂ ਖ਼ਾਰਜ ਕਰ ਦਿਤੀਆਂ ਗਈਆਂ। ਨਵੀਆਂ ਸ਼ਰਤਾਂ ਅਨੁਸਾਰ ਹੁਣ ਵਿਦਿਆਰਥੀਆਂ ਨੂੰ ਅਪਣੀ ਆਰਥਿਕ ਸਥਿਤੀ ਸਾਬਤ ਕਰਨ ਲਈ ਘੱਟੋ-ਘੱਟ 20,635 ਕੈਨੇਡੀਅਨ ਡਾਲਰ ਦਿਖਾਉਣੇ ਪੈਂਦੇ ਹਨ। ਨਾਲ ਹੀ ਪੜ੍ਹਾਈ ਦੀ ਸਪੱਸ਼ਟ ਯੋਜਨਾ ਅਤੇ ਸਾਰੇ ਕਾਗ਼ਜ਼ਾਤ ਬਿਨਾਂ ਗ਼ਲਤੀ ਦੇ ਪੇਸ਼ ਕਰਨੇ ਲਾਜ਼ਮੀ ਹੋ ਗਏ ਹਨ। ਪਹਿਲਾਂ ਮੌਜੂਦ 'ਸਟੂਡੈਂਟ ਡਾਇਰੈਕਟ ਸਟਰੀਮ' ਵਰਗੀ ਤੇਜ਼ ਪ੍ਰਕਿਰਿਆ ਵੀ ਹੁਣ ਬੰਦ ਕਰ ਦਿਤੀ ਗਈ ਹੈ, ਜਿਸ ਨਾਲ ਅਰਜ਼ੀਆਂ ਦੇ ਨਤੀਜੇ ਆਉਣ 'ਚ ਹੋਰ ਸਮਾਂ ਲੱਗਣ ਲੱਗਾ ਹੈ। ਕੈਨੇਡਾ ਸਰਕਾਰ ਨੇ 2025 ਲਈ ਵੀਜ਼ਿਆਂ ਦੀ ਗਿਣਤੀ ਵੀ ਘਟਾ ਦਿੱਤੀ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਲਗਭਗ 10 ਫ਼ੀ ਸਦੀ ਘੱਟ, ਯਾਨੀ 4.37 ਲੱਖ ਪਰਮਿਟ ਜਾਰੀ ਕਰਨ ਦੀ ਯੋਜਨਾ ਬਣਾਈ ਗਈ ਹੈ। ਨਾਲ ਹੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮਿਲਣ ਵਾਲੇ ਵਰਕ ਪਰਮਿਟ ਲਈ ਭਾਸ਼ਾ ਦੀ ਯੋਗਤਾ ਨੂੰ ਵੀ ਕਾਫ਼ੀ ਸਖ਼ਤ ਕਰ ਦਿੱਤਾ ਗਿਆ ਹੈ।ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਹੁਣ 22 ਲੈਵਲ ਅਤੇ ਕਾਲਜ




ਵਿਦਿਆਰਥੀਆਂ ਲਈ ਘੱਟੋ-ਘੱਟ 21 ਲੈਵਲ ਲਾਜ਼ਮੀ ਕੀਤਾ ਗਿਆ ਹੈ। ਇਹ ਨਵੀਆਂ ਪਾਬੰਦੀਆਂ ਭਾਰਤੀ ਵਿਦਿਆਰਥੀਆਂ ਅਤੇ ਕੈਨੇਡਾ ਦੀਆਂ ਸਿੱਖਿਆ ਸੰਸਥਾਵਾਂ ਦੋਵਾਂ ਲਈ ਚੁਣੌਤੀ ਬਣ ਰਹੀਆਂ ਹਨ। ਪਿਛਲੇ ਸਾਲ ਕੈਨੇਡਾ 'ਚ ਇਕ ਮਿਲੀਅਨ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਸਨ, ਜਿਨ੍ਹਾਂ 'ਚੋਂ ਸਭ ਤੋਂ ਵੱਡਾ ਹਿੱਸਾ ਭਾਰਤ ਤੋਂ ਸੀ। ਹੁਣ ਵੀਜ਼ਾ ਰੱਦ ਹੋਣ ਨਾਲ ਕਈ ਪਰਿਵਾਰਾਂ ਦੇ ਸੁਪਨੇ ਟੁੱਟ ਰਹੇ ਹਨ ਅਤੇ ਯੂਨੀਵਰਸਿਟੀਆਂ ਨੂੰ ਵੀ ਆਪਣੇ ਦਾਖ਼ਲਿਆਂ 'ਚ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਟੋਕੀਓ ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ 'ਚ ਚੋਪੜਾ ਤੇ ਨਦੀਮ ਹੋਣਗੇ ਆਹਮੋ-ਸਾਹਮਣੇ

ਟੋਕੀਓ, 7 ਸਤੰਬਰ (ਚ.ਨ.ਸ.) : ਭਾਰਤੀ ਅਥਲੀਟ ਨੀਰਜ ਚੋਪੜਾ ਅਤੇ ਪਾਕਿਸਤਾਨ ਦੇ ਮੌਜੂਦਾ ਓਲੰਪਿਕ ਚੈਂਪੀਅਨ ਅਰਸ਼ਦ ਨਦੀਮ ਇਸ ਮਹੀਨੇ ਦੇ ਅੰਤ ਵਿੱਚ ਟੋਕੀਓ ਵਿੱਚ ਹੋਣ ਵਾਲੀ ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ



ਵਿੱਚ ਪੈਰਿਸ ਓਲੰਪਿਕ ਜੈਵਲਿਨ ਥ੍ਰੋਅ ਫਾਈਨਲ ਵਾਂਗ ਮੁੜ ਆਹਮੋ-ਸਾਹਮਣੇ ਹੋਣਗੇ।ਮੌਜੂਦਾ ਵਿਸ਼ਵ ਚੈਂਪੀਅਨ ਚੋਪੜਾ 13 ਤੋਂ 21 ਸਤੰਬਰ ਤੱਕ ਹੋਣ ਵਾਲੇ ਮੁਕਾਬਲੇ ਵਿੱਚ 19 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰ ਰਿਹਾ ਹੈ ਜਦੋਂ ਕਿ ਨਦੀਮ ਪਾਕਿਸਤਾਨ ਦਾ ਇਕਲੌਤਾ ਐਥਲੀਟ ਹੈ। ਨਦੀਮ ਨੇ ਅਗਸਤ 2024 'ਚ ਪੈਰਿਸ ਵਿੱਚ 92.97 ਮੀਟਰ ਦੇ ਓਲੰਪਿਕ ਰਿਕਾਰਡ ਥ੍ਰੋਅ ਨਾਲ ਚੋਪੜਾ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ ਸੀ। ਉਦੋਂ ਤੋਂ ਦੋਵੇਂ ਜਣੇ ਇੱਕ ਦੂਜੇ ਦੇ ਵਿਰੁੱਧ ਨਹੀਂ ਖੇਡੇ ਹਨ।ਵਿਸ਼ਵ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦਾ ਜੈਵਲਿਨ ਥ੍ਰੋਅ ਕੁਆਲੀਫਾਇੰਗ ਰਾਊਂਡ 17 ਸਤੰਬਰ ਨੂੰ ਅਤੇ ਫਾਈਨਲ ਅਗਲੇ ਦਿਨ ਹੋਵੇਗਾ।ਮੌਜੂਦਾ ਚੈਂਪੀਅਨ ਚੋਪੜਾ ਨੂੰ ਪੁਰਸ਼ਾਂ ਦੇ ਜੈਵਲਿਨ ਥ੍ਰੋਅ ਮੁਕਾਬਲੇ ਵਿੱਚ ਵਾਈਲਡ ਕਾਰਡ ਐਂਟਰੀ ਮਿਲੀ ਹੈ। ਜਦਕਿ ਨਦੀਮ ਨੇ ਮਈ ਮਹੀਨੇ ਦੱਖਣੀ ਕੋਰੀਆ ਵਿੱਚ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ 86.40 ਮੀਟਰ ਦੇ ਥ੍ਰੋਅ ਨਾਲ ਯੋਗਤਾ ਅੰਕ ਪਤ ਕਰਕੇ ਸੋਨ ਤਗਮਾ ਜਿੱਤਿਆ।

# ਮੈਲਬੌਰਨ ਦੀ ਹੋਜ਼ੀਅਰ ਲੇਨ 'ਚ ਭਾਈ ਜਸਵੰਤ ਸਿੰਘ ਖਾਲੜਾ ਨੂੰ ਸਟਰੀਟ ਆਰਟ ਰਾਹੀਂ ਸ਼ਰਧਾਂਜਲੀ

### *30ਵੀਂ ਬਰਸੀ 'ਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਨੂੰ ਕੀਤਾ ਯਾਦ*

ਮੈਲਬੌਰਨ, 7 ਸਤੰਬਰ (ਚ.ਨ.ਸ.) : ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਮੌਕੇ ਪ੍ਰਸਿੱਧ ਆਸਟ੍ਰੇਲੀਆਈ ਸਟਰੀਟ ਆਰਟਿਸਟ ਬੈਥਨੀ ਚੈਰੀ ਨੇ ਮੈਲਬੌਰਨ ਦੀ ਮਸ਼ਹੂਰ ਹੋਜ਼ੀਅਰ ਲੇਨ 'ਚ ਭਾਈ ਖਾਲੜਾ ਦੀ ਯਾਦਗਾਰ ਪੇਂਟਿੰਗ ਬਣਾ ਕੇ ਸ਼ਰਧਾਂਜਲੀ ਭੇਟ ਕੀਤੀ।ਭਾਈ ਜਸਵੰਤ ਸਿੰਘ ਖਾਲੜਾ ਨੇ 1990 ਦੇ ਦਹਾਕੇ 'ਚ ਪੰਜਾਬ 'ਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਬੇਨਕਾਬ ਕੀਤਾ ਸੀ ਤੇ ਖਾੜਕੂ ਲਹਿਰ ਦੌਰਾਨ ਲਾਵਾਰਿਸ ਕਹਿ ਕੇ ਸਾੜੀਆਂ ਗਈਆਂ ਹਜ਼ਾਰਾਂ ਲਾਸ਼ਾਂ ਦੀ ਸੱਚਾਈ ਸਾਹਮਣੇ ਲਿਆ ਕੇ ਇਨਸਾਫ਼ ਦੀ ਅਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਦਾ ਇਹ ਸਾਹਸ ਅੱਜ ਵੀ ਮਨੁੱਖੀ ਹੱਕਾਂ ਦੀ ਲੜਾਈ ਲਈ ਪ੍ਰੇਰਨਾ ਬਣਿਆ ਹੋਇਆ ਹੈ।ਮੈਲਬੌਰਨ ਸ਼ਹਿਰ ਦੀ ਹੋਜ਼ੀਅਰ ਲੇਨ ਜੋ ਦੁਨੀਆ ਭਰ ਚ ਸਟਰੀਟ ਆਰਟ ਦਾ ਪ੍ਰਤੀਕ ਮੰਨੀ




ਜਾਂਦੀ ਹੈ, ਹੁਣ ਭਾਈ ਖਾਲੜਾ ਦੀ ਸ਼ਹਾਦਤ ਦੀ ਯਾਦ ਨੂੰ ਵੀ ਆਪਣੇ ਨਾਲ ਜੋੜ ਚੁੱਕੀ ਹੈ। ਬੈਥਨੀ ਚੈਰੀ ਦੀ ਇਹ ਕਲਾ ਰਚਨਾ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਦੇ ਬਾਰੇ ਸੋਚਣ ਲਈ ਵੀ ਪ੍ਰੇਰਿਤ ਕਰ ਰਹੀ ਹੈ। ਇਸ ਮੌਕੇ ਗੁਰਦੁਆਰਾ ਕੌਂਸਲ ਆਫ ਵਿਕਟੋਰੀਆ ਦੇ ਬੁਲਾਰੇ ਪ੍ਰੀਤਮ ਸਿੰਘ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਇਹ ਆਰਟ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਲਈ ਪ੍ਰੇਰਨਾ ਸਰੋਤ ਸਿੱਧ ਹੋਵੇਗਾ। ਇਸ ਆਰਟ ਨੂੰ ਬਣਵਾਉਣ ਦੇ ਚ ਗੁਰਦੁਆਰਾ ਕੌਂਸਲ ਆਫ ਵਿਕਟੋਰੀਆ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ 'ਚ ਮੈਲਬੌਰਨ ਦੇ ਫੈਡਰੇਸ਼ਨ ਸੁਕੇਅਰ ਤੋਂ ਸਟੇਟ ਲਾਇਬਰੇਰੀ ਤੱਕ ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ ਅਤੇ ਸੰਗਤਾਂ ਵੱਲੋਂ ਵਿਸ਼ੇਸ਼ ਮਾਰਚ ਕੱਢਿਆ ਗਿਆ।

# ਰੂਸ ਦਾ ਕੈਂਸਰ ਮਾਰੂ ਟੀਕਾ ਟ੍ਰਾਇਲਾਂ ਵਿੱਚ 100% ਪ੍ਰਭਾਵਸ਼ਾਲੀ ਸਿੱਧ ਹੋਇਆ

### *ਪਰ ਆਮ ਲੋਕਾਂ ਲਈ ਉਪਲਬਧਤਾ ਅਜੇ ਅਨਿਸ਼ਚਿਤ*

ਮਾਸਕੋ, 7 ਸਤੰਬਰ (ਚ.ਨ.ਸ.) : ਰੂਸ ਨੇ ਕੈਂਸਰ ਦੇ ਇਲਾਜ ਵਿੱਚ ਇੱਕ ਵੱਡੀ ਸਫਲਤਾ ਦਾ ਦਾਅਵਾ ਕੀਤਾ ਹੈ। ਐਂਟਰੋਮਿਕਸ ਨਾਮਕ ਇੱਕ ਨਵੇਂ ਅਧਾਰਤ ਟੀਕੇ ਨੇ ਕਲੀਨਿਕਲ ਅਜ਼ਮਾਇਸ਼ਾਂ ਵਿੱਚ 100% ਪ੍ਰਭਾਵਸ਼ੀਲਤਾ ਦਿਖਾਈ ਹੈ। ਇਸ ਟੀਕੇ ਨੂੰ ਰੂਸੀ ਸਿਹਤ ਮੰਤਰਾਲੇ ਦੇ ਰੇਡੀਓਲੋਜੀਕਲ ਸੈਂਟਰ ਅਤੇ ਇੰਸਟੀਚਿਊਟ ਆਫ਼ ਮੌਲੀਕਿਊਲਰ ਬਾਇਓਲੋਜੀ ਵੱਲੋਂ ਸਾਂਝੇ ਤੌਰ 'ਤੇ ਵਿਕਸਤ ਕੀਤਾ ਗਿਆ ਹੈ।ਇਹ ਟੀਕਾ ਕੋਰੋਨਾ ਟੀਕੇ ਦੀ ਤਕਨਾਲੋਜੀ ਦੇ ਸਮਾਨ ਹੈ। ਇਹ ਕੈਂਸਰ ਵਾਲੇ ਟਿਊਮਰ



'ਤੇ ਹਮਲਾ ਕਰਨ ਅਤੇ ਉਸਨੂੰ ਖਤਮ ਕਰਨ ਲਈ ਚਾਰ ਗੈਰ-ਨੁਕਸਾਨਦੇਹ ਵਾਇਰਸਾਂ ਦੀ ਵਰਤੋਂ ਕਰਦਾ ਹੈ। ਇਸ ਤੋਂ ਇਲਾਵਾ, ਇਹ ਮਰੀਜ਼ ਦੇ ਇਮਿਊਨ ਸਿਸਟਮ ਨੂੰ ਵੀ ਮਜ਼ਬੂਤ ਕਰਦਾ ਹੈ ਤਾਂ ਜੋ ਉਹ ਕੈਂਸਰ ਨਾਲ ਬਿਹਤਰ ਢੰਗ ਨਾਲ ਲੜ ਸਕੇ।ਟ੍ਰਾਇਲ ਵਿੱਚ ਸ਼ਾਮਲ 48 ਲੋਕਾਂ 'ਤੇ ਕੀਤੇ ਗਏ ਇਸ ਅਜ਼ਮਾਇਸ਼ ਵਿੱਚ, ਕੋਈ ਗੰਭੀਰ ਮਾੜੇ ਪ੍ਰਭਾਵ ਨਹੀਂ ਦੇਖੇ ਗਏ। ਟੀਕੇ ਨੇ ਕੈਂਸਰ ਸੈੱਲਾਂ ਨੂੰ ਨਸ਼ਟ ਕਰਨ ਅਤੇ ਟਿਊਮਰ ਨੂੰ ਸੁੰਗੜਨ ਵਿੱਚ ਮਦਦ ਕੀਤੀ। ਕੁਝ ਮਾਮਲਿਆਂ ਵਿੱਚ ਤਾਂ ਕੈਂਸਰ ਪੂਰੀ ਤਰ੍ਹਾਂ ਖਤਮ ਹੋ ਗਿਆ।ਹਾਲਾਂਕਿ ਟ੍ਰਾਇਲਾਂ ਦੇ ਨਤੀਜੇ ਬਹੁਤ ਸਕਾਰਾਤਮਕ ਹਨ, ਪਰ ਇਹ ਟੀਕਾ ਅਜੇ ਆਮ ਲੋਕਾਂ ਲਈ ਉਪਲਬਧ ਨਹੀਂ ਹੈ। ਇਸ ਵੇਲੇ ਇਹ ਟੀਕਾ ਰੂਸ ਦੇ ਸਿਹਤ ਮੰਤਰਾਲੇ ਤੋਂ ਅੰਤਿਮ ਪ੍ਰਵਾਨਗੀ ਦੀ ਉਡੀਕ ਕਰ ਰਿਹਾ ਹੈ।

# ਬੋਕੋ ਹਰਮ ਨੇ ਪੂਰੇ ਪਿੰਡ ਨੂੰ ਬਣਾਇਆ ਕਬਰਸਤਾਨ, ਇੱਕੋ ਰਾਤ 60 ਲੋਕਾਂ ਦਾ ਕਤਲ

ਅਬੂਜਾ, 7 ਸਤੰਬਰ (ਚ.ਨ.ਸ.) : ਬੋਕੋ ਹਰਮ ਦੇ ਅੱਤਵਾਦੀਆਂ ਨੇ ਉੱਤਰ-ਪੂਰਬੀ ਨਾਈਜ਼ੀਰੀਆ ਵਿੱਚ ਭਾਰੀ ਕਤਲੇਆਮ ਕੀਤਾ ਹੈ। ਬੋਕੋ ਹਰਮ ਨੇ ਇੱਕ ਪਿੰਡ 'ਤੇ ਹਮਲਾ ਕਰਕੇ ਘੱਟੋ-ਘੱਟ 60 ਲੋਕਾਂ ਨੂੰ ਮਾਰ ਦਿੱਤਾ। ਸਿਰਫ਼ ਇੱਕ ਰਾਤ ਵਿੱਚ ਹੀ 60 ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਇਸ ਦੌਰਾਨ ਬਹੁਤ ਸਾਰੇ ਲੋਕ ਜ਼ਖਮੀ ਹੋ ਗਏ ਅਤੇ ਵੱਡੀ ਗਿਣਤੀ ਵਿੱਚ ਘਰ ਸਾੜ ਦਿੱਤੇ ਗਏ। ਅੰਦਰੂਨੀ ਤੌਰ 'ਤੇ ਵਿਸਥਾਪਿਤ ਵਿਅਕਤੀਆਂ ਲਈ ਇੱਕ ਬੰਦ ਕੈਂਪ ਤੋਂ ਵਾਪਸ ਆ ਰਹੇ ਲੋਕ ਉਸ ਪਿੰਡ ਵਿੱਚ ਰਹਿ ਰਹੇ ਸਨ ਜਿਸ 'ਤੇ ਬੋਕੋ ਹਰਮ ਨੇ ਹਮਲਾ ਕੀਤਾ ਸੀ।ਇਹ ਹਮਲਾ ਬੋਰਨੋ ਦੇ ਦਾਰੂਲ ਜਮਾਲ ਪਿੰਡ ਵਿੱਚ ਹੋਇਆ। ਸਥਾਨਕ ਨਿਵਾਸੀ ਮੁਹੰਮਦ ਬਾਬਾਗਾਨਾ ਨੇ ਦੱਸਿਆ ਕਿ ਇਸ ਹਮਲੇ ਵਿੱਚ ਘੱਟੋ-ਘੱਟ 60 ਲੋਕ ਮਾਰੇ ਗਏ ਹਨ। ਬੋਰਨੋ ਰਾਜ ਦੇ ਗਵਰਨਰ ਬਾਬਾਗਾਨਾ ਜ਼ੁਲਮ ਨੇ ਸ਼ਨੀਵਾਰ ਦੇਰ ਸ਼ਾਮ ਘਟਨਾ ਸਥਾਨ ਦਾ ਦੌਰਾ ਕਰਨ ਤੋਂ ਬਾਅਦ ਕਿਹਾ ਕਿ 60 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜਾਨ-ਮਾਲ ਦਾ ਨੁਕਸਾਨ ਬਹੁਤ ਜ਼ਿਆਦਾ ਹੋਇਆ ਹੈ।ਜ਼ੁਲਮ ਨੇ ਦੱਸਿਆ ਕਿ ਸਾਨੂੰ ਲੋਕਾਂ ਨਾਲ ਹਮਦਰਦੀ ਹੈ। ਅਸੀਂ ਉਨ੍ਹਾਂ ਨੂੰ



ਬੇਨਤੀ ਕਰਦੇ ਹਾਂ ਕਿ ਉਹ ਆਪਣੇ ਘਰ ਨਾ ਛੱਡਣ। ਉਨ੍ਹਾਂ ਕਿਹਾ, ਨਾਈਜ਼ੀਰੀਆਈ ਫੌਜ ਦੀ ਗਿਣਤੀ ਸਥਿਤੀ ਨੂੰ ਕਾਬੂ ਕਰਨ ਲਈ ਕਾਫ਼ੀ ਨਹੀਂ ਹੈ। ਯੁੱਧ ਪ੍ਰਭਾਵਿਤ ਖੇਤਰ ਵਿੱਚ ਸੁਰੱਖਿਆ ਕਰਮਚਾਰੀਆਂ ਨੂੰ ਮਜ਼ਬੂਤ ਕਰਨ ਲਈ ਫੋਰੈਸਟ ਗਾਰਡਜ਼ ਨਾਮਕ ਇੱਕ ਨਵੀਂ ਬਣੀ ਫੋਰਸ ਤਾਇਨਾਤ ਕੀਤੀ ਗਈ ਹੈ।

# ਰੋਨਾਲਡੋ ਨੇ ਪੁਰਤਗਾਲ ਨੂੰ ਵੱਡੀ ਜਿੱਤ ਦਿਵਾਈ

ਮੈਨਚੈਸਟਰ, 7 ਸਤੰਬਰ (ਚ.ਨ.ਸ.) : ਰਿਕਾਰਡ ਛੇਵੀਂ ਵਾਰ ਫੁੱਟਬਾਲ ਵਿਸ਼ਵ ਕੱਪ ਖੇਡਣ ਦੀ ਕੋਸ਼ਿਸ਼ 'ਚ ਲੱਗੇ ਕ੍ਰਿਸਟੀਆਨੋ ਰੋਨਾਲਡੋ ਦੇ



ਦੋ ਗੋਲ ਦੀ ਮਦਦ ਨਾਲ ਪੁਰਤਗਾਲ ਨੇ ਅਰਮੇਨੀਆ ਨੂੰ 5-0 ਨਾਲ ਹਰਾਇਆ ਅਤੇ ਯੂਰਪੀਅਨ ਕੁਆਲੀਫਾਇੰਗ ਵਿੱਚ ਆਪਣੀ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ। ਇਸ ਤਰ੍ਹਾਂ ਰੋਨਾਲਡੋ ਨੇ ਅੰਤਰਰਾਸ਼ਟਰੀ ਫੁੱਟਬਾਲ ਵਿੱਚ ਸਭ ਤੋਂ ਵੱਧ ਗੋਲ ਕਰਨ ਦਾ ਆਪਣਾ ਰਿਕਾਰਡ 140 ਤੱਕ ਪਹੁੰਚਾ ਦਿੱਤਾ ਹੈ।ਵਿਸ਼ਵ ਕੱਪ ਅਗਲੇ ਸਾਲ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਆਯੋਜਿਤ ਕੀਤਾ ਜਾਵੇਗਾ ਅਤੇ ਜੇਕਰ ਰੋਨਾਲਡੋ ਇਸ ਵਿੱਚ ਹਿੱਸਾ ਲੈਂਦਾ ਹੈ, ਤਾਂ ਇਹ ਇੱਕ ਨਵਾਂ ਰਿਕਾਰਡ ਹੋਵੇਗਾ। ਹੁਣ ਤੱਕ ਬਹੁਤ ਸਾਰੇ ਖਿਡਾਰੀ ਪੰਜ ਵਿਸ਼ਵ ਕੱਪ ਖੇਡ ਚੁੱਕੇ ਹਨ ਪਰ ਇਸ ਵਿੱਚ ਛੇ ਵਾਰ ਹਿੱਸਾ ਲੈਣਾ ਇੱਕ ਨਵਾਂ ਰਿਕਾਰਡ ਹੋਵੇਗਾ। ਇਸ ਦੌਰਾਨ, ਇੰਗਲੈਂਡ ਨੇ ਵਿਲਾ ਪਾਰਕ ਵਿੱਚ ਅੰਡੋਰਾ ਵਿਰੁੱਧ 2-0 ਦੀ ਜਿੱਤ ਨਾਲ ਕੁਆਲੀਫਾਇੰਗ ਵਿੱਚ ਆਪਣੀ ਜੇਤੂ ਮੁਹਿੰਮ ਜਾਰੀ ਰੱਖੀ।

# ਗ੍ਰੈਨੋਲਰਜ਼ ਅਤੇ ਜ਼ੇਬਾਲੋਸ ਨੇ ਪੁਰਸ਼ ਡਬਲਜ਼ ਖ਼ਿਤਾਬ ਜਿੱਤਿਆ

ਨਿਊਯਾਰਕ, 7 ਸਤੰਬਰ (ਚ.ਨ.ਸ.) : ਮਾਰਸੇਲ ਗ੍ਰੈਨੋਲਰਜ਼ ਅਤੇ ਹੋਰਾਸੀਓ ਜ਼ੇਬਾਲੋਸ ਯੂਐਸ ਓਪਨ ਪੁਰਸ਼ ਡਬਲਜ਼ ਚੈਂਪੀਅਨਸ਼ਿਪ ਫਾਈਨਲ ਵਿੱਚ ਹਾਰਨ ਤੋਂ ਸਿਰਫ਼ ਇੱਕ ਅੰਕ ਦੂਰ ਸਨ, ਪਰ ਉਨ੍ਹਾਂ ਨੇ ਆਪਣਾ ਹੌਸਲਾ ਬਣਾਈ ਰੱਖਿਆ ਅਤੇ ਕੁਝ ਪਲਾਂ ਬਾਅਦ ਚੈਂਪੀਅਨ ਬਣ ਗਏ। ਗ੍ਰੈਨੋਲਰਜ਼



ਅਤੇ ਜ਼ੇਬਾਲੋਸ ਨੇ ਸ਼ਨੀਵਾਰ ਨੂੰ ਜੋਅ ਸੈਲਿਸਬਰੀ ਅਤੇ ਨੀਲ ਸਕੁਪਸਕੀ ਨੂੰ 3-6, 7-6 (4), 7-5 ਨਾਲ ਹਰਾ ਕੇ ਸੀਜ਼ਨ ਦਾ ਆਪਣਾ ਦੂਜਾ ਗ੍ਰੈਂਡ ਸਲੈਮ ਖਿਤਾਬ ਜਿੱਤਿਆ। ਗ੍ਰੈਨੋਲਰਜ਼ ਨੇ ਬਾਅਦ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, ਟੈਨਿਸ ਕਈ ਵਾਰ ਪਾਗਲਪਨ ਦੀ ਹੱਦ ਤਕ ਹੋ ਜਾਂਦਾ ਹੈ, ਕਿਉਂਕਿ ਅਸੀਂ ਇਸ ਬਾਰੇ ਵੀ ਗੱਲ ਕਰ ਰਹੇ ਸੀ ਕਿ ਤੁਸੀਂ ਮੈਚ ਹਾਰਨ ਦੇ ਕਿੰਨੇ ਨੇੜੇ ਸੀ ਅਤੇ ਫਿਰ 20 ਮਿੰਟਾਂ ਵਿੱਚ ਤੁਸੀਂ ਟਰਾਫੀ ਜਿੱਤ ਲੈਂਦੇ ਹੋ। ਪੰਜਵੀਂ ਦਰਜਾ ਪ੍ਰਾਪਤ ਜੋੜੀ ਨੇ ਇਸ ਸਾਲ ਫ੍ਰੈਂਚ ਓਪਨ ਦਾ ਖਿਤਾਬ ਵੀ ਜਿੱਤਿਆ।

# ਬ੍ਰਿਟੇਨ ਦੀ ਕੈਬਨਿਟ 'ਚ ਫੇਰਬਦਲ; ਔਰਤਾਂ ਨੂੰ ਮਿਲੇ ਉਚੇ ਅਹੁਦੇ

ਲੰਡਨ, 7 ਸਤੰਬਰ (ਚ.ਨ.ਸ.) : ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਾਰੇ ਪੱਧਰਾਂ 'ਤੇ ਮੰਤਰੀ ਅਹੁਦਿਆਂ ਦੇ ਵੱਡੇ ਫੇਰਬਦਲ ਦੇ ਹਿੱਸੇ ਵਜੋਂ ਕੈਬਨਿਟ ਵਿਚ ਸਭ ਤੋਂ ਸੀਨੀਅਰ ਅਹੁਦਿਆਂ 'ਤੇ ਮਹਿਲਾ ਸੰਸਦ ਮੈਂਬਰਾਂ ਨੂੰ ਨਿਯੁਕਤ ਕੀਤਾ। ਪਾਕਿਸਤਾਨੀ ਮੂਲ ਦੀ ਸ਼ਬਾਨਾ ਮਹਿਮੂਦ ਨੂੰ ਗ੍ਰਹਿ ਸਕੱਤਰ ਵਜੋਂ ਤਰੱਕੀ ਦੇਣ ਅਤੇ ਗ੍ਰਹਿ ਦਫ਼ਤਰ ਦੀ ਸਾਬਕਾ ਅਧਿਕਾਰੀ ਯਵੇਟ ਕੂਪਰ ਨੂੰ ਵਿਦੇਸ਼ ਸਕੱਤਰ ਵਜੋਂ ਨਿਯੁਕਤ ਕਰਨ ਦਾ ਮਤਲਬ ਹੈ ਕਿ ਚਾਂਸਲਰ ਰੇਚਲ ਰੀਵਜ਼ ਦੇ ਨਾਲ-ਨਾਲ ਤਿੰਨ ਚੋਟੀ ਦੇ ਸਰਕਾਰੀ ਅਹੁਦਿਆਂ ਦੀ ਅਗਵਾਈ ਪਹਿਲੀ ਵਾਰ ਔਰਤਾਂ ਕਰਨਗੀਆਂ।



ਸਟਾਰਮਰ ਨੇ ਟੈਕਸਾਂ ਦੀ ਘੱਟ ਅਦਾਇਗੀ ਦੇ ਵਿਵਾਦ ਕਾਰਨ ਐਂਜੇਲਾ ਰੇਨਰ ਦੇ ਉਪ ਪ੍ਰਧਾਨ ਮੰਤਰੀ ਵਜੋਂ ਅਸਤੀਫਾ ਦੇਣ ਤੋਂ ਬਾਅਦ ਕੈਬਨਿਟ ਵਿਚ ਫੇਰਬਦਲ ਕਰਦਿਆਂ ਵਿਦੇਸ਼ ਮੰਤਰੀ ਡੇਵਿਡ ਲੈਮੀ ਨੂੰ ਉਪ ਪ੍ਰਧਾਨ ਮੰਤਰੀ ਨਿਯੁਕਤ ਕੀਤਾ। ਸ਼ੁੱਕਰਵਾਰ ਸ਼ਾਮ ਨੂੰ ਗ੍ਰਹਿ ਮੰਤਰੀ ਵਜੋਂ ਅਹੁਦਾ ਸੰਭਾਲਦੇ ਹੋਏ ਮਹਿਮੂਦ ਨੇ ਕਿਹਾ ਕਿ ਗ੍ਰਹਿ ਮੰਤਰੀ ਵਜੋਂ ਸੇਵਾ ਕਰਨਾ ਮੇਰੇ ਲਈ ਸਨਮਾਨ ਦੀ ਗੱਲ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਕ ਸੋਸ਼ਲ ਮੀਡੀਆ ਪੋਸਟ ਰਾਹੀਂ ਆਪਣੇ ਨਵੇਂ ਬ੍ਰਿਟਿਸ਼ ਹਮਰੁਤਬਾ ਨਾਲ ਸੰਪਰਕ ਕੀਤਾ ਅਤੇ ਭਾਰਤ-ਯੂ.ਕੇ. ਵਿਆਪਕ ਰਣਨੀਤਕ ਭਾਈਵਾਲੀ ਦੀ 'ਮਜ਼ਬੂਤ ਰਫਤਾਰ ਨੂੰ ਜਾਰੀ ਰੱਖਣ' ਦੀ ਇੱਛਾ ਪ੍ਰਗਟ ਕੀਤੀ।

# ਪੋਪ ਲੀਓ 14ਵੇਂ ਨੇ 15 ਸਾਲਾ ਕਾਰਲੋ ਅਕੂਟਿਸ ਨੂੰ ਪਹਿਲਾ ਸੰਤ ਐਲਾਨਿਆ

ਵੈਟੀਕਨ ਸਿਟੀ, 7 ਸਤੰਬਰ (ਚ.ਨ.ਸ.) : ਪੋਪ ਲੀਓ 14ਵੇਂ ਨੇ ਕੈਥੋਲਿਕ ਗਿਰਜਾਘਰ ਦੇ ਹਜ਼ਾਰ ਸਾਲ ਦੀ ਪੀੜ੍ਹੀ ਦੇ ਸੰਤ 15 ਸਾਲਾ ਕੰਪਿਊਟਰ ਮਾਹਰ ਨੂੰ ਐਲਾਨ ਦਿੱਤਾ, ਜਿਸ ਨਾਲ ਕੈਥੋਲਿਕਾਂ ਦੀ ਅਗਲੀ ਪੀੜ੍ਹੀ ਨੂੰ ਇੱਕ ਅਜਿਹਾ ਆਦਰਸ਼ ਮਿਲਿਆ, ਜਿਸ ਨੇ ਤਕਨਾਲੋਜੀ ਦੀ ਵਰਤੋਂ ਕਰਕੇ ਵਿਸ਼ਵਾਸ ਫੈਲਾਇਆ।2006 ਵਿੱਚ ਲਿਊਕੇਮੀਆ ਨਾਲ ਮਰਨ ਵਾਲਾ ਕਿਸ਼ੋਰ ਕਾਰਲੋ



ਅਕੂਟਿਸ ਪਹਿਲਾ ਕੈਥੋਲਿਕ ਸੰਤ ਬਣ ਗਿਆ। ਇਸ ਸਮਾਰੋਹ ਵਿੱਚ ਦਰਜਨਾਂ ਦੇਸ਼ਾਂ ਦੇ ਹਜ਼ਾਰਾਂ ਨੌਜਵਾਨ ਭਗਤਾਂ ਨੇ ਸ਼ਿਰਕਤ ਕੀਤੀ।ਲੀਓ ਨੇ ਸੇਂਟ ਪੀਟਰਸ ਸਕੁਆਇਰ ਵਿੱਚ ਇੱਕ ਓਪਨ-ਏਅਰ ਪ੍ਰਾਰਥਨਾ ਸਭਾ ਦੌਰਾਨ ਕਾਰਲੋ ਅਕੂਟਿਸ ਨੂੰ ਸੰਤ ਬਣਾਇਆ, ਜਿਸ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ।ਸਮਾਰੋਹ ਦੌਰਾਨ ਲੀਓ ਨੇ ਇੱਕ ਹੋਰ ਪ੍ਰਸਿੱਧ ਇਤਾਲਵੀ ਸ਼ਖਸੀਅਤ ਪੀਅਰ ਜਿਓਰਜੀਓ ਫਰਾਸਾਤੀ, ਜੋ ਕਿ ਜਵਾਨੀ ਵਿੱਚ ਮਰ ਗਈ ਸੀ ਨੂੰ ਵੀ ਸੰਤ ਬਣਾਇਆ।

# ਡੀਮਡ ਯੂਨੀਵਰਸਿਟੀ ਨੇ 58ਵਾਂ ਸਾਲਾਨਾ ਦਿਵਸ ਮਨਾਇਆ



ਚੰਡੀਗੜ੍ਹ, 7 ਸਤੰਬਰ (ਅੰਮ੍ਰਿਤਪਾਲ ਸਿੰਘ) : ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੀਕਲ ਟੀਚਰਜ਼ ਟ੍ਰੇਨਿੰਗ ਐਂਡ ਰਿਸਰਚ (ਐੱਨਆਈਟੀਟੀਆਰ), ਚੰਡੀਗੜ੍ਹ (ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਅਧੀਨ ਵਿਸ਼ੇਸ਼ ਸ਼੍ਰੇਣੀ ਤਹਿਤ ਡੀਮਡ ਯੂਨੀਵਰਸਿਟੀ) ਦਾ 58ਵਾਂ ਸਾਲਾਨਾ ਦਿਵਸ ਸਮਾਗਮ 7 ਸਤੰਬਰ, 2025 ਨੂੰ ਕਰਵਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਉੱਤਰੀ ਭਾਰਤ ਦੇ ਰਾਜਾਂ ਵਿੱਚ ਆਏ ਭਿਆਨਕ ਹੜ੍ਹਾਂ ਦੀ ਸਥਿਤੀ ਪ੍ਰਤੀ ਦੁੱਖ ਅਤੇ ਚਿੰਤਾ ਜਤਾਉਣ ਲਈ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ ਅਤੇ ਪ੍ਰਭਾਵਿਤ ਸਾਥੀ ਨਾਗਰਿਕਾਂ ਨਾਲ ਸੰਸਥਾ ਦੀ ਏਕਤਾ ਨੂੰ ਦੁਹਰਾਇਆ ਗਿਆ।ਸਾਲਾਨਾ ਦਿਵਸ ਸਮਾਗਮ ਵਿੱਚ ਪ੍ਰੋ. ਹੀਰਾਲਾਲ ਮੁਰਲੀਧਰ ਸੂਰਿਆਵੰਸ਼ੀ, ਡਾਇਰੈਕਟਰ, ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੋਲੋਜੀ (ਐੱਨਆਈਟੀ), ਹਮੀਰਪੁਰ, ਹਿਮਾਚਲ ਪ੍ਰਦੇਸ਼ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰੋ. ਸੁਯਾਵੰਸ਼ੀ ਨੇ ਅੰਤਰ-ਅਨੁਸ਼ਾਸਨੀ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਅਤੇ ਸਿਖਿਆਰਥੀਆਂ ਦੇ ਸੰਪੂਰਨ ਵਿਕਾਸ ਦੀ ਮਹੱਤਤਾ @ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਸਿਖਿਆਰਥੀਆਂ ਨੂੰ ਆਪਣੇ ਆਰਾਮਦਾਇਕ ਦਾਇਰੇ ਤੋਂ ਬਾਹਰ ਆਉਣ ਅਤੇ ਅਕਾਦਮਿਕ ਯਾਤਰਾ ਦੇ ਵੱਖ-ਵੱਖ ਵਿਦਿਅਕ ਅਤੇ ਪਾਠਕ੍ਰਮ ਤੋਂ ਬਾਹਰਲੇ ਤਜ਼ਰਬਿਆਂ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਮਾਸਟਰ ਟ੍ਰੇਨਰਾਂ ਨੂੰ ਸਿਖਲਾਈ ਦੇ ਕੇ ਤਕਨੀਕੀ ਸਿੱਖਿਆ ਵਿੱਚ ਨਿਰੰਤਰ ਸੁਧਾਰ, ਖੋਜ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਲਈ ਐੱਨਆਈਟੀਟੀਆਰ, ਚੰਡੀਗੜ੍ਹ ਨੂੰ ਵਧਾਈ ਦਿੱਤੀ। ਪ੍ਰੋ. (ਡਾ.) ਭੋਲਾ ਰਾਮ ਗੁਰਜਰ; ਡਾਇਰੈਕਟਰ, ਐੱਨਆਈਟੀਟੀਆਰ, ਚੰਡੀਗੜ੍ਹ ਨੇ ਸੰਸਥਾ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਸੰਸਥਾ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਗਿਆ, ਜੋ ਤਕਨੀਕੀ ਅਧਿਆਪਕਾਂ ਦੀ ਸਿੱਖਿਆ ਅਤੇ ਸਿਖਲਾਈ ਅਤੇ ਤਕਨੀਕੀ ਕਿਰਤ ਬਲ ਦੇ ਹੁਨਰ ਨੂੰ ਉੱਚਾ ਚੁੱਕਣ ਵੱਲ ਆਪਣੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਸੰਸਥਾ ਨੇ ਕੰਮ ਕਰ ਰਹੇ ਪੇਸ਼ੇਵਰਾਂ ਲਈ ਆਉਣ ਵਾਲੇ ਅਕਾਦਮਿਕ ਸੈਸ਼ਨ ਵਿੱਚ ਸ਼ੁਰੂ ਹੋਣ ਵਾਲੇ ਬੀਟੈੱਕ ਪ੍ਰੋਗਰਾਮ ਦਾ ਵੀ ਐਲਾਨ ਕੀਤਾ।

# ਅਮਰੀਕਾ ਦੇ ਹਵਾਈ ਟਾਪੂਆਂ ਵੱਲ ਵੱਧ ਰਿਹੈ ਤੂਫ਼ਾਨ 'ਕੀਕੋ'

ਹੋਨੋਲੂਲੂ, 7 ਸਤੰਬਰ (ਚ.ਨ.ਸ.) : ਸ਼੍ਰੇਣੀ 4 ਦਾ ਤੂਫਾਨ 'ਕੀਕੋ' ਅਮਰੀਕਾ ਦੇ ਹਵਾਈ ਟਾਪੂਆਂ ਵੱਲ ਵਧ ਰਿਹਾ ਹੈ। ਜਿਸ ਤੋਂ ਬਾਅਦ ਅਧਿਕਾਰੀਆਂ ਨੇ ਇਲਾਕੇ ਵਿਚ ਐਮਰਜੈਂਸੀ ਐਲਾਨ ਦਿੱਤੀ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਰਾਸ਼ਟਰੀ ਮੌਸਮ ਸੇਵਾ (ਐਨ.ਡਬਲਯੂ.ਐਸ) ਅਨੁਸਾਰ ਸਵੇਰੇ 5 ਵਜੇ ਹਵਾਈ ਸਟੈਂਡਰਡ ਟਾਈਮ ਜਾਂ ਪੂਰਬੀ ਸਟੈਂਡਰਡ ਟਾਈਮ ਅਨੁਸਾਰ ਸਵੇਰੇ 11 ਵਜੇ ਤੱਕ ਤੂਫਾਨ ਕੀਕੋ



ਹੋਨੋਲੂਲੂ ਤੋਂ ਲਗਭਗ 1,205 ਮੀਲ ਪੂਰਬ-ਦੱਖਣ-ਪੂਰਬ ਵਿਚ ਸੀ। ਇਸ ਦੀਆਂ ਹਵਾਵਾਂ ਦੀ ਰਫ਼ਤਾਰ 130 ਮੀਲ ਪ੍ਰਤੀ ਘੰਟਾ ਸੀ ਅਤੇ ਇਹ 25 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਪੱਛਮੀ-ਉਤਰ-ਪੱਛਮ ਵੱਲ ਵੱਧ ਰਿਹਾ ਸੀ।ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਇਹ ਤੂਫ਼ਾਨ ਬਿਗ ਆਈਲੈਂਡ ਅਤੇ ਮਾਓਈ ਤੱਕ ਪਹੁੰਚ ਸਕਦਾ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 'ਕੀਕੋ' ਨਾਮੀ ਇਹ ਤੂਫਾਨ ਸੋਮਵਾਰ ਦੇਰ ਰਾਤ ਅਤੇ ਹਫ਼ਤੇ ਦੇ ਅੱਧ ਤੱਕ ਹਵਾਈ ਟਾਪੂਆਂ 'ਤੇ ਪਹੁੰਚਦੇ ਸਮੇਂ ਤੱਕ ਇਸ ਦੇ ਆਪਣੀ ਚਰਮ ਸੀਮਾ ਦੇ ਸਿਖਰ 'ਤੇ ਪਹੁੰਚਣ ਦੀ ਸੰਭਾਵਨਾ ਹੈ।

# ਇਜ਼ਰਾਈਲ ਨੇ ਅਚਾਨਕ ਬੰਦ ਕੀਤਾ ਆਪਣਾ ਹਵਾਈ ਖੇਤਰ, ਫ਼ੌਜ ਨੇ ਉਡਾਣਾਂ 'ਤੇ ਲਗਾਈ ਰੋਕ

ਯੇਰੂਸ਼ਲਮ, 7 ਸਤੰਬਰ (ਚ.ਨ.ਸ.) : ਬਸਾਈਟ Ynet ਨੇ ਫੌਜ ਦੇ ਹਵਾਲੇ ਨਾਲ ਕਿਹਾ ਹੈ ਕਿ ਉਹ ਹਵਾਈ ਅੱਡੇ ਤੇ ਡਰੋਨ ਹਾਦਸੇ ਦੀਆਂ ਰਿਪੋਰਟਾਂ ਦੀ ਜਾਂਚ ਕਰ ਰਹੀ ਹੈ। ਫੌਜ ਵੱਲੋਂ ਵੀ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।



ਇਜ਼ਰਾਈਲ ਦੀ ਇਹ ਕਾਰਵਾਈ ਉਸ ਦੇ ਵਿਦੇਸ਼ ਮੰਤਰੀ ਵੱਲੋਂ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦੀ ਹਾਲੀਆ ਅੰਤਰਰਾਸ਼ਟਰੀ ਕੋਸ਼ਿਸ਼ ਨੂੰ ਇੱਕ ਗਲਤੀ ਦੱਸ ਕੇ ਕੀਤੀ ਗਈ ਚਿਤਾਵਨੀ ਤੋਂ ਬਾਅਦ ਆਈ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਇੱਕਪਾਸੜ ਪ੍ਰਤੀਕਿਰਿਆ ਹੋ ਸਕਦੀ ਹੈ। ਇਹ ਪ੍ਰਤੀਕਿਰਿਆ ਉਨ੍ਹਾਂ ਰਿਪੋਰਟਾਂ ਤੋਂ ਬਾਅਦ ਆਈ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਜ਼ਰਾਈਲ ਕਬਜ਼ੇ ਵਾਲੇ ਪੱਛਮੀ ਕੰਢੇ ਦੇ ਕੁਝ ਹਿੱਸਿਆਂ ਨੂੰ ਆਪਣੇ ਨਾਲ ਜੋੜਨ ਦੀ ਯੋਜਨਾ ਬਣਾ ਰਿਹਾ ਹੈ।

**ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦਾ ਮਤਾ:** ਇਸ ਮਹੀਨੇ 80ਵੀਂ ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ, ਫਰਾਂਸ ਅਤੇ ਬ੍ਰਿਟੇਨ ਸਮੇਤ ਕਈ ਦੇਸ਼ਾਂ ਨੇ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦਾ ਵਾਅਦਾ ਕੀਤਾ ਹੈ।

**ਫਰਾਂਸ ਅਤੇ ਇਜ਼ਰਾਈਲ ਦੇ ਸਬੰਧਾਂ ਵਿੱਚ ਤਣਾਅ:** ਫਰਾਂਸ-ਇਜ਼ਰਾਈਲ ਸਬੰਧ ਖਾਸ ਤੌਰ 'ਤੇ ਤਣਾਅਪੂਰਨ ਹੋ ਗਏ ਹਨ ਜਦੋਂ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਜੁਲਾਈ ਵਿੱਚ ਸੰਯੁਕਤ ਰਾਸ਼ਟਰ ਵਿੱਚ ਸਾਊਦੀ ਅਰਬ ਨਾਲ ਦੋ-ਰਾਜ ਹੱਲ 'ਤੇ ਇੱਕ ਸੰਮੇਲਨ ਦੀ ਸਹਿ-ਮੇਜ਼ਬਾਨੀ ਕਰਨ ਲਈ ਆਪਣੇ ਦੇਸ਼ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ।



# ਪਟਿਆਲਾ-ਆਸ/ਪਾਸ



## ਫੋਟੋ ਖਿੱਚਣ ਗਿਆ ਬੱਚਾ ਹੜ੍ਹ ਦੇ ਪਾਣੀ 'ਚ ਰੁੜਿਆ, ਮੌਤ

### ➢ਐਨ.ਡੀ.ਆਰ.ਐਫ. ਦੀ ਟੀਮ ਨੇ ਲਾਸ਼ ਕੀਤੀ ਬ੍ਰਾਮਦ, ਪਿੰਡ ਐਹਿਰੂ 'ਚ ਸੋਗ ਦੀ ਲਹਿਰ



ਦੇਵੀਗੜ੍ਹ, 7 ਸਤੰਬਰ (ਗੁਰਜੀਤ ਸਿੰਘ ਢੋਟ): ਪਟਿਆਲਾ ਜ਼ਿਲ੍ਹੇ ਦੇ ਪਿੰਡ ਐਹਿਰੂ 'ਚ ਇੱਕ ਦਰਦਨਾਕ ਹਾਦਸਾ ਵਾਪਰ ਗਿਆ ਜਦੋਂ ਹੜ੍ਹ ਪ੍ਰਭਾਵਿਤ ਖੇਤਰ 'ਚ ਮੋਬਾਈਲ ਨਾਲ ਫੋਟੋ ਖਿੱਚਣ ਗਏ ਬੱਚਿਆਂ ਵਿੱਚੋਂ ਇੱਕ 10 ਸਾਲਾ ਲੜਕਾ ਪਾਣੀ 'ਚ ਰੁੜ ਗਿਆ ਅਤੇ ਉਸ ਦੀ ਮੌਤ ਹੋ ਗਈ।ਇਹ ਘਟਨਾ ਬੀਤੇ ਦਿਨੀਂ ਸਵੇਰੇ ਵਾਪਰੀ, ਜਦੋਂ ਪਿੰਡ ਦੇ ਕੁਝ ਬੱਚੇ ਹੜ੍ਹ ਦੇ ਪਾਣੀ ਨਾਲ ਭਰਪੂਰ ਖੇਤਰ ਵਿੱਚ ਮੌਜ ਮਸਤੀ ਕਰਦੇ ਹੋਏ ਤਸਵੀਰਾਂ ਲੈ ਰਹੇ ਸਨ। ਇਸ ਦੌਰਾਨ ਅਨਮੋਲ ਸਿੰਘ ਨਾਮਕ 10 ਸਾਲਾ ਬੱਚਾ, ਜੋ ਪਾਣੀ ਦੇ ਬਿਲਕੁਲ ਨੇੜੇ ਖੜ੍ਹਾ ਸੀ, ਪੈਰ ਫਿਸਲਣ ਕਾਰਨ ਹੜ੍ਹ ਦੇ ਤੇਜ਼ ਪਾਣੀ ਵਿੱਚ ਰੁੜ ਗਿਆ।ਸਥਾਨਕ ਲੋਕਾਂ ਵੱਲੋਂ ਤੁਰੰਤ ਬਚਾਅ ਦੀ ਕੋਸ਼ਿਸ਼ ਕੀਤੀ ਗਈ ਪਰ ਅਨਮੋਲ ਨੂੰ ਬਚਾਇਆ ਨਾ ਜਾ ਸਕਿਆ। ਮੌਕੇ 'ਤੇ ਪੁਲਿਸ ਅਤੇ ਐਨ.ਡੀ.ਆਰ.ਐਫ. ਦੀ ਟੀਮ ਨੂੰ ਬੁਲਾਇਆ ਗਿਆ। ਲਗਭਗ 2 ਘੰਟਿਆਂ ਦੀ ਖੋਜ ਮਗਰੋਂ ਐਨ.ਡੀ.ਆਰ.ਐਫ. ਦੀ ਟੀਮ ਨੇ ਲੜਕੇ ਦੀ ਲਾਸ਼ ਨੇੜਲੇ ਖਾਲੇ ਤੋਂ ਬਰਾਮਦ ਕਰ ਲਈ।ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਪਿੰਡ 'ਚ ਸੋਗ ਦੀ ਲਹਿਰ ਛਾ ਗਈ। ਅਨਮੋਲ ਸਿੰਘ ਆਪਣੇ ਮਾਪਿਆਂ ਦਾ ਇਕੱਲਾ ਪੁੱਤਰ ਸੀ। ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਪਿੰਡ ਵਾਸੀਆਂ ਨੇ ਪਰਿਵਾਰ ਨਾਲ ਸੰਵੇਦਨਾ ਪ੍ਰਗਟਾਈ ਅਤੇ ਸਰਕਾਰ ਨੂੰ ਮੁਆਵਜ਼ੇ ਦੀ ਮੰਗ ਕੀਤੀ।ਸਥਾਨਕ ਪ੍ਰਸ਼ਾਸਨ ਵੱਲੋਂ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਤੋਂ ਦੂਰ ਰਹਿਣ ਅਤੇ ਖਾਸ ਕਰਕੇ ਬੱਚਿਆਂ ਨੂੰ ਖਤਰਨਾਕ ਇਲਾਕਿਆਂ 'ਚ ਨਾ ਜਾਣ ਦੇਣ।

## ਮੀਂਹ ਕਾਰਨ ਕਮਰੇ ਦਾ ਲੈਂਟਰ ਡਿੱਗਿਆ, ਸਰਕਾਰ ਤੋਂ ਸਹਾਇਤਾ ਦੀ ਮੰਗ

ਸਮਾਣਾ, 7 ਸਤੰਬਰ (ਵਿਜੇ ਕੁਮਾਰ): ਪਿਛਲੇ ਕੁਝ ਦਿਨਾਂ ਤੋਂ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਸ਼ਹਿਰ ਦੀ ਜੱਟਾਂ ਪੱਤੀ ਬਸਤੀ ਵਿੱਚ ਇੱਕ ਵਿਧਵਾ ਔਰਤ ਦੇ ਕਮਰੇ ਦਾ ਲੈਂਟਰ ਡਿੱਗ ਗਿਆ, ਜਿਸ ਨਾਲ ਕਮਰੇ ਵਿੱਚ ਪਿਆ ਸਾਰਾ ਸਾਮਾਨ ਖਰਾਬ ਹੋ ਗਿਆ। ਸੂਚਨਾ ਮਿਲਣ 'ਤੇ ਤਹਿਸੀਲਦਾਰ ਦੇ ਹੁਕਮਾਂ 'ਤੇ ਇਲਾਕੇ ਦੇ ਪਟਵਾਰੀ ਨੇ ਸਥਿਤੀ ਦਾ ਜਾਇਜ਼ਾ ਲੈ ਕੇ ਅਧਿਕਾਰੀਆਂ ਨੂੰ ਰਿਪੋਰਟ ਦਿੱਤੀ।ਪੀੜਤ ਕੋਮਲ ਕਾਂਤ, ਪਤਨੀ ਲਕਸ਼ਮੀਕਾਂਤ, ਵਾਸੀ ਜੱਟਾਂ ਪੱਤੀ, ਸਮਾਣਾ ਨੇ ਦੱਸਿਆ ਕਿ ਉਸਦੇ ਰਹਿਣ ਵਾਲੇ ਘਰ ਵਿੱਚ ਸਿਰਫ਼ ਇੱਕ ਹੀ ਕਮਰਾ ਹੈ, ਜਿਸਦਾ ਲੈਂਟਰ ਡਿੱਗ ਗਿਆ। ਉਸਨੇ ਸਰਕਾਰ ਤੋਂ ਮਦਦ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਇੱਕ ਵਿਧਵਾ ਔਰਤ ਹੈ ਅਤੇ ਉਸ ਲਈ ਘਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੈ, ਇਸ ਲਈ ਮੁਰੰਮਤ ਦਾ ਕੰਮ ਕਰਵਾਉਣਾ ਉਸ ਲਈ ਬਹੁਤ ਔਖਾ ਹੈ। ਉਸਨੇ ਸਰਕਾਰ ਤੋਂ ਤੁਰੰਤ ਆਰਥਿਕ ਮਦਦ ਦੀ ਮੰਗ ਕੀਤੀ ਹੈ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁ: ਮੁਹੱਲਾ ਕਰਤਾਰਪੁਰਾ ਕਹੂਟਾ ਵਿਖੇ ਗੁਰਮਤਿ ਸਮਾਗਮ ਕਰਵਾਇਆ

### ☛ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖਿਆਵਾਂ ਤੋਂ ਜ਼ਿੰਦਗੀ ਵਿੱਚ ਸੇਧ ਲੈਣ ਦੀ ਲੋੜ: ਜਥੇਦਾਰ ਕੇਵਲ ਸਿੰਘ

### ☛ਗੁਰਮਤਿ ਫ਼ਲਸਫ਼ੇ ਨੇ ਸਾਨੂੰ ਚੜ੍ਹਦੀਕਲਾ ਦੇ ਸੰਕਲਪ ਨਾਲ ਜਿਊਣ ਦੀ ਜਾਚ ਸਿਖਾਈ : ਇੰਦਰਜੀਤ ਸਿੰਘ



ਨਾਭਾ, 7 ਸਤੰਬਰ (ਅਮਰਜੀਤ ਸਿੰਘ/ਬਲਜਿੰਦਰ ਮਾਨ/ਚੌਧਰੀਮਾਜਰਾ) : ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਮੁਹੱਲਾ ਕਰਤਾਰਪੁਰਾ ਕਹੂਟਾ ਨਾਭਾ ਵਿਖੇ ਮਹਾਨ ਗੁਰਮਿਤ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਦੇ ਵਿੱਚ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਸੁਖਚੈਨ ਸਿੰਘ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਜੀ ਨੇ ਕਥਾ ਕੀਰਤਨ ਵਿਚਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਦਰਜੀਤ ਸਿੰਘ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਸਾਬਕਾ ਪ੍ਰਧਾਨ ਬਲਦੇਵ ਸਿੰਘ ਸਰਦਾਰ ਜਪਪ੍ਰੀਤ ਸਿੰਘ ਅਤੇ ਸਮੂਹ ਸੰਗਤਾਂ ਵੱਲੋਂ ਆਏ ਹੋਏ ਰਾਗੀਆਂ ਕਥਾਵਾਚਕ ਪ੍ਰਚਾਰਕਾਂ ਦਾ ਸਨਮਾਨ ਕੀਤਾ ਗਿਆ ਕਥਾ ਵਿਚਾਰਾਂ ਦੌਰਾਨ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਇੱਕ ਅਜਿਹੀ ਮਹਾਨ ਸ਼ਹਾਦਤ, ਜਿਸ ਵਰਗੀ ਮਿਸਾਲ ਪੂਰੀ ਦੁਨੀਆਂ ਵਿੱਚ ਕਿਤੇ ਵੀ ਹੋਰ ਨਹੀਂ ਮਿਲਦੀ, ਨਾਲ ਸਬੰਧਤ 350ਵੇਂ ਸਾਲ ਨੂੰ ਸਮਰਪਿਤ ਸਮਾਗਮ ਕਰਵਾਉਣੇ ਸਾਡੇ ਹਿੱਸੇ ਆਏ ਹਨ। ਗੁਰੂ ਸਾਹਿਬ ਦੇ ਦੱਸੇ ਹੋਏ ਮਾਰਗ 'ਤੇ ਚਲਦਿਆ ਸਾਨੂੰ ਲੋੜਵੰਦਾਂ ਦੀ ਅਤੇ ਜੋ ਸਿਧਾਂਤ ਹਨ ਉਸਦੇ ਪਹਿਰਾ ਦੇਣਾ ਚਾਹੀਦਾ ਤੇ ਗਰੀਬ ਲੋੜਵੰਦ ਬੱਚਿਆਂ ਦੀ ਮਦਦ ਕਰਕੇ ਉਹਨਾਂ ਦੇ ਲਈ ਪੜ੍ਹਾਈ ਦਾ ਤੇ ਹੋਰ ਪ੍ਰਬੰਧ ਕਰਨਾ ਸਾਡਾ ਇੱਕ ਮੁੱਢਲਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖਿਆਵਾਂ ਦੀ ਵਿਲੱਖਣਤਾ ਨੂੰ ਸਮਝਦਿਆਂ ਆਪਣੀ ਜ਼ਿੰਦਗੀ ਵਿੱਚ ਇਸ ਤੋਂ ਸੇਧ ਲੈਣ ਦੀ ਲੋੜ ਹੈ।ਸੰਸਾਰ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਗੱਲ ਬਹੁਤ ਬਾਅਦ ਵਿੱਚ ਤੁਰੀ ਹੈ ਪਰ ਸਾਡੇ ਗੁਰੂ ਸਾਹਿਬ ਨੇ ਬਹੁਤ ਪਹਿਲਾਂ ਕਿਸੇ ਦੂਜੇ ਧਰਮ ਦੇ ਲੋਕਾਂ ਦੀ ਧਾਰਮਿਕ ਅਜ਼ਾਦੀ ਬਰਕਰਾਰ ਰੱਖਣ ਲਈ ਆਪਣੀ ਸ਼ਹਾਦਤ ਦੇ ਦਿੱਤੀ ਸੀ। ਉਨ੍ਹਾਂ ਗੁਰੂ ਸਾਹਿਬ ਦੀ ਬਾਣੀ ਵਿੱਚੋਂ ਹਵਾਲੇ ਦੇ ਕੇ ਦੱਸਿਆ ਕਿ ਕਿਸ ਤਰ੍ਹਾਂ ਗੁਰਮਤਿ ਫ਼ਲਸਫ਼ੇ ਨੇ ਸਾਨੂੰ ਚੜ੍ਹਦੀ ਕਲਾ ਦੇ ਸੰਕਲਪ ਨਾਲ ਜਿਊਣ ਦੀ ਜਾਚ ਸਿਖਾਈ ਹੈ। ਉਨ੍ਹਾਂ ਦੱਸਿਆ ਕਿ ਗੁਰੂ ਜੀ ਨੇ ਸਾਨੂੰ ਦੁੱਖ ਅਤੇ ਸੁੱਖ ਨੂੰ ਬਰਾਬਰ ਮੰਨ ਕੇ ਹਰ ਹਾਲਤ ਵਿੱਚ ਉਤਸ਼ਾਹ ਨਾਲ ਜਿਊਣਾ ਸਿਖਾਇਆ ਹੈ।ਮਨੁੱਖ ਇਕੱਲਤਾ ਅਤੇ ਸਵੈ-ਕੇਂਦਰਿਤ ਹੋਣ ਨਾਲ ਜੁੜੀਆਂ ਵੱਖ-ਵੱਖ ਸਮੱਸਿਆਵਾਂ ਹੰਢਾਅ ਰਿਹਾ ਹੈ ਅਤੇ ਹਰ ਪਾਸੇ ਪਦਾਰਥਵਾਦ ਹਾਵੀ ਹੋ ਰਿਹਾ ਹੈ, ਤਾਂ ਅਜਿਹੀ ਸਥਿਤੀ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖਿਆਵਾਂ ਦੇ ਅਰਥ ਹੋਰ ਵੀ ਵਧੇਰੇ ਮਹੱਤਵ ਗ੍ਰਹਿਣ ਕਰ ਗਏ ਹਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਸਮਾਗਮ ਜਸਪਾਲ ਸਿੰਘ, ਡਾ. ਹਰਮਿੰਦਰ ਸਿੰਘ, ਮਨਜੋਤ ਸਿੰਘ ਮਨੂ, ਗੁਰਜੋਤ ਸਿੰਘ, ਮਨਿੰਦਰਪ੍ਰੀਤ ਸਿੰਘ,ਹਰਪ੍ਰੀਤ ਸਿੰਘ, ਕਾਕਾ ਕਰਤਾਰਪੁਰੀਆ ਨਿਰਮਲਜੀਤ ਸਿੰਘ, ਚੰਦਨਦੀਪ ਸਿੰਘ ਜਿਪਸੀ ਤੋਂ ਬਾਅਦ ਸੰਗਤਾਂ ਹਾਜ਼ਰ ਸਨ।

## ਮਾਨ ਸਰਕਾਰ ਲਈ ਲੋਕਾਂ ਦੀ ਜਾਨ ਤੇ ਮਾਲ ਸਭ ਤੋਂ ਪਹਿਲੀ ਤਰਜ਼ੀਹ: ਗੁਰਲਾਲ ਘਨੌਰ

### ਵਿਧਾਇਕ ਨੇ ਪਿੰਡ ਲਾਛੜੂ ਨੇੜੇ ਘੱਗਰ ਦੀ ਸਥਿਤੀ ਦਾ ਲਿਆ ਜਾਇਜ਼ਾ



ਘਨੌਰ, 7 ਸਤੰਬਰ (ਮਦਨ ਲਾਲ): ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੇ ਪਿੰਡ ਲਾਛੜੂ ਨੇੜੇ ਘੱਗਰ ਦਰਿਆ ਦੇ ਪਾਣੀ ਦੀ ਸਥਿਤੀ ਦਾ ਆਪਣੀ ਟੀਮ ਅਤੇ ਸਬੰਧਤ ਅਧਿਕਾਰੀਆਂ ਸਮੇਤ ਦੌਰਾ ਕਰਕੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਪਾਣੀ ਦੀ ਲੀਕਜ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬੰਨ ਦੀ ਹੋਰ ਮਜ਼ਬੂਤੀ ਵਾਸਤੇ ਲੋੜੀਂਦੀ ਮਿੱਟੀ ਆਦਿ ਮੌਕੇ ਤੇ ਖੜ ਕੇ ਲਗਵਾਈ। ਇਸ ਦੌਰਾਨ ਗੱਲਬਾਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਹਰ ਸਾਲ ਬਰਸਾਤੀ ਮੌਸਮ ਦੌਰਾਨ ਘੱਗਰ ਨਦੀ ਦੇ ਪਾਣੀ ਵਧਣ ਨਾਲ ਹਲਕਾ ਘਨੌਰ ਵਿੱਚ ਹੜ੍ਹਾਂ ਵਰਗੀ ਸਥਿਤੀ ਬਣ ਜਾਂਦੀ ਹੈ, ਜਿਸ ਕਾਰਨ ਇਲਾਕੇ ਦੇ ਦਰਜ਼ਨਾਂ ਪਿੰਡਾਂ ਦੇ ਲੋਕ ਕਾਫ਼ੀ ਮੁਸ਼ਕਲਾਂ ਅਤੇ ਚਿੰਤਾਵਾਂ ਦਾ ਸਾਹਮਣਾ ਕਰਦੇ ਹਨ। ਘੱਗਰ ਤੋਂ ਓਵਰ ਹੋਇਆ ਬਰਸਾਤੀ ਪਾਣੀ ਹਰ ਸਾਲ ਘਰਾਂ ਅਤੇ ਖੇਤਾਂ ਵਿੱਚ ਦਾਖਲ ਹੋ ਕੇ ਲੋਕਾਂ ਦੇ ਘਰਾਂ ਸਮੇਤ ਫਸਲਾਂ ਨੂੰ ਵੱਡਾ ਨੁਕਸਾਨ ਪਹੁੰਚਾਂਦਾ ਹੈ। ਆਸ ਹੈ ਕਿ ਜਿਸ ਦੇ ਯੋਗ ਹੱਲ ਲਈ ਮਾਨ ਸਰਕਾਰ ਜ਼ਰੂਰ ਕਦਮ ਚੁੱਕੇਗੀ।ਇਸ ਮੌਕੇ ਗੁਰਲਾਲ ਘਨੌਰ ਨੇ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਨੇ ਘੱਗਰ ਨਦੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਕਦੇ ਵੀ ਗੰਭੀਰ ਯਤਨ ਨਹੀਂ ਕੀਤੇ। ਲੋਕਾਂ ਨੇ ਕਈ ਦਹਾਕਿਆਂ ਤੱਕ ਹਰ ਸਾਲ ਹੜ੍ਹਾਂ ਦਾ ਕਹਿਰ ਝੱਲਿਆ ਹੈ। ਲੋਕਾਂ ਦੇ ਘਰ ਬਰਬਾਦ ਹੁੰਦੇ ਰਹੇ ਹਨ, ਫਸਲਾਂ ਡੁੱਬੀਆਂ ਆ ਰਹੀਆਂ ਹਨ, ਸ਼ਾਇਦ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨੇ ਸਿਰਫ਼ ਕਾਗਜ਼ਾਂ 'ਤੇ ਹੀ ਯੋਜਨਾਵਾਂ ਬਣਾਈਆਂ ਪਰ ਹੁਣ ਮਾਨ ਸਰਕਾਰ ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਲਈ ਵਚਨਬੱਧ ਹੈ। ਇਹ ਮੁੱਦਾ ਸਿਰਫ਼ ਘਨੌਰ ਹੀ ਨਹੀਂ, ਸਗੋਂ ਡੇਰਾਬੱਸੀ, ਰਾਜਪੁਰਾ, ਸਨੌਰ, ਸਮਾਣਾ, ਪਾਤੜਾਂ ਅਤੇ ਸ਼ੁਤਰਾਣਾ ਸਮੇਤ ਪੰਜਾਬ-ਹਰਿਆਣਾ ਦੇ ਸੈਂਕੜੇ ਪਿੰਡਾਂ ਨਾਲ ਸਬੰਧਤ ਹੈ।ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪਿਛਲੇ ਸਾਢੇ ਤਿੰਨਾਂ ਸਾਲਾਂ ਦੌਰਾਨ ਲੋਕਾਂ ਦੀ ਭਲਾਈ ਲਈ ਅਜਿਹੇ ਇਤਿਹਾਸਕ ਫੈਸਲੇ ਕੀਤੇ ਹਨ, ਜਿਨ੍ਹਾਂ ਦਾ ਫਾਇਦਾ ਸਿੱਧੇ ਰੂਪ ਵਿੱਚ ਆਮ ਜਨਤਾ ਨੂੰ ਮਿਲ ਰਿਹਾ ਹੈ।ਗੁਰਲਾਲ ਘਨੌਰ ਨੇ ਘੱਗਰ ਨਦੀ ਦੇ ਪਾਣੀ ਕਾਰਨ ਲੋਕਾਂ ਦੇ ਘਰਾਂ ਅਤੇ ਫਸਲਾਂ ਨੂੰ ਹੋਏ ਨੁਕਸਾਨ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਯਕੀਨੀ ਤੌਰ 'ਤੇ ਦਿੱਤਾ ਜਾਵੇਗਾ। ਕਿਸੇ ਵੀ ਪੀੜਤ ਪਰਿਵਾਰ ਨੂੰ ਮੁਆਵਜ਼ਾ ਰਾਸ਼ੀ ਤੋਂ ਵਿਰਵਾ ਨਹੀਂ ਰਹਿਣ ਦਿੱਤਾ ਜਾਵੇਗਾ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਪਿੰਡ ਲਾਛੜੂ ਤੋਂ ਇਲਾਵਾ ਹੋਰ ਨੇੜਲੇ ਪਿੰਡਾਂ ਦਾ ਵੀ ਦੌਰਾ ਕੀਤਾ ਅਤੇ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ।ਇਸ ਮੌਕੇ ਥਾਣਾ ਮੁਖੀ ਘਨੌਰ ਸਾਹਬ ਸਿੰਘ ਵਿਰਕ, ਸਰਪੰਚ ਭੁਪਿੰਦਰ ਸਿੰਘ ਲਾਲੜੂ,ਗੁਰਤਾਜ ਸਿੰਘ ਸੰਧੂ, ਸਰਪੰਚ ਇੰਦਰਜੀਤ ਸਿੰਘ ਸਿਆਲੂ, ਸਰਪੰਚ ਪਿੰਦਰ ਬਘੌਰਾ, ਦਮਨਪ੍ਰੀਤ ਸਿੰਘ ਖੇੜੀ ਮੰਡਲਾਂ, ਸਤਨਾਮ ਸਿੰਘ ਬਘੌਰਾ ਸਮੇਂਤ ਨੇੜਲੇ ਪਿੰਡਾਂ ਦੇ ਪੰਚ ਸਰਪੰਚ ਅਤੇ ਪਾਰਟੀ ਵਲੰਟੀਅਰ ਮੌਜੂਦ ਸਨ।

## ਭਾਰੀ ਬਰਸਾਤ ਕਾਰਨ ਪ੍ਰਭਾਵਿਤ ਇਲਾਕਿਆਂ ਦਾ ਵਿਧਾਇਕ ਮਲੇਰਕੋਟਲਾ ਵੱਲੋਂ ਜਾਇਜ਼ਾ



ਮਲੇਰਕੋਟਲਾ, 7 ਸਤੰਬਰ (ਚ.ਨ.ਸ.) : ਮਾਲੇਰਕੋਟਲਾ ਹਲਕੇ ਵਿੱਚ ਲਗਾਤਾਰ ਹੋ ਰਹੀ ਭਾਰੀ ਬਰਸਾਤ ਕਾਰਨ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਪੰਜਾਬ ਸਰਕਾਰ ਵੱਲੋਂ ਪੂਰੀ ਚੌਕਸੀ ਨਾਲ ਕਦਮ ਚੁੱਕੇ ਜਾ ਰਹੇ ਹਨ। ਇਸ ਗੱਲ ਦੀ ਜਾਣਕਾਰੀ ਵਿਧਾਇਕ ਮਾਲੇਰਕੋਟਲਾ ਡਾ.ਜ਼ਮੀਲ ਉਰ ਰਹਿਮਾਨ ਨੇ ਪਿੰਡਾਂ ਦਾ ਦੌਰਾ ਕਰਦਿਆਂ ਅਤੇ ਖਾਸ ਤੌਰ 'ਤੇ ਚੱਕ ਸੇਖੂਪੁਰ ਕਲਾਂ ਵਿੱਚ ਪ੍ਰਭਾਵਿਤ ਘਰਾਂ ਦਾ ਜਾਇਜ਼ਾ ਲੈਂਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਰਾਹਤ ਅਤੇ ਬਚਾਅ ਕਾਰਜਾਂ ਲਈ ਹਰ ਸੰਭਵ ਸਹਿਯੋਗ ਦਿੱਤਾ ਜਾ ਰਿਹਾ ਹੈ। ਪਿੰਡ ਦੇ ਸਰਪੰਚ ਬਲਵਿੰਦਰ ਕੌਰ ਦੀ ਮੰਗ ਅਨੁਸਾਰ ਲੋੜਵੰਦ ਪਰਿਵਾਰਾਂ ਨੂੰ ਤਰਪਾਲਾਂ ਸੌਂਪਦਿਆਂ ਉਨ੍ਹਾਂ ਭਰੋਸਾ ਦਿਵਾਇਆ ਕਿ ਕਿਸੇ ਵੀ ਪ੍ਰਭਾਵਿਤ ਪਰਿਵਾਰ ਨੂੰ ਲੋੜੀਂਦੀ ਮਦਦ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ। ਡਾ. ਜ਼ਮੀਲ ਉਰ ਰਹਿਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨ੍ਹਾਂ ਪੁਸ਼ਟੀ ਵਾਲੀਆਂ ਖ਼ਬਰਾਂ ਜਾਂ ਅਫ਼ਵਾਹਾਂ ਤੋਂ ਬਚਣ ਅਤੇ ਕੇਵਲ ਪ੍ਰਸ਼ਾਸਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ।ਵਿਧਾਇਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਰੂਰੀ ਸਮਾਨ ਦੀ ਜਮ੍ਹਾਂਖੋਰੀ ਜਾਂ ਵੱਧ ਕੀਮਤ ਵਸੂਲਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਮਾਜਿਕ ਸੰਗਠਨ, ਰੈੱਡ ਕ੍ਰਾਸ ਸੁਸਾਇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਜ਼ਰੂਰੀ ਵਸਤਾਂ ਦੀ ਸਪਲਾਈ ਲਗਾਤਾਰ ਕੀਤੀ ਜਾ ਰਹੀ ਹੈ।ਵਿਧਾਇਕ ਮਾਲੇਰਕੋਟਲਾ ਨੇ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹਰ ਪ੍ਰਭਾਵਿਤ ਪਰਿਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਇਸ ਮੌਕੇ ਅਮਰਿੰਦਰ ਸਿੰਘ ਫੌਜੀ, ਜਗਜੀਤ ਸਿੰਘ ਮਾਸਟਰ,ਹਰਦੇਵ ਸਿੰਘ, ਮੁਹੰਮਦ ਸਲੀਮ,ਹਰਪ੍ਰੀਤ ਸਿੰਘ ਪੰਚ, ਸਰਿੰਦਰ ਸਿੰਘ ਪੰਚ, ਮੰਨਾ ਰਾਣੀ ਪੰਚ, ਚਮਕੌਰ ਸਿੰਘ ਪੰਚ,ਦਲਜੀਤ ਸਿੰਘ ਪੰਚ, ਗੁਰਮੁੱਖ ਸਿੰਘ ਪੰਚ ਬਲਵੰਤ ਸਿੰਘ ਫੌਜੀ , ਹਮੀਦਾ ਪੰਚ ਤੋਂ ਇਲਾਵਾ ਹੋਰ ਇਲਾਕਾ ਨਿਵਾਸੀ ਮੌਜੂਦ ਸਨ।

## ਅਮਲ ਸੁਸਾਇਟੀ ਦੀ ਬੈਠਕ



ਨਾਭਾ, 7 ਸਤੰਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਸਥਾਨਕ ਅਲਹੌਰਾਂ ਗੇਟ ਸਥਿਤ ਸ਼ਮਸ਼ਾਨ ਘਾਟ ਦਾ ਰੱਖ ਰੱਖਾਵ ਕਰਨ ਵਾਲੀ ਅਮਲ ਸੁਸਾਇਟੀ ਦੀ ਇੱਕ ਵਿਸ਼ੇਸ਼ ਬੈਠਕ ਸੁਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਖਹਿਰਾ ਦੀ ਪ੍ਰਧਾਨਗੀ ਹੇਠ ਹੋਈ। ਬੈਠਕ ਵਿੱਚ ਸੁਸਾਇਟੀ ਵੱਲੋਂ ਬੀਤੇ ਮਹੀਨੇ ਦੇ ਕਾਰਜਾਂ ਅਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਹੋਰ ਉਪਰਾਲਿਆਂ ਸਬੰਧੀ ਵਿਚਾਰ -ਵਟਾਂਦਰਾ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਖਹਿਰਾ ਨੇ ਦੱਸਿਆ ਕਿ ਸੁਸਾਇਟੀ ਦੇ ਮੈਂਬਰਾਂ ਵੱਲੋਂ ਹੜ੍ਹ ਪੀੜਤਾਂ ਲਈ ਜੋ ਰਾਸ਼ੀ ਸੁਸਾਇਟੀ ਨੂੰ ਭੇਜੀ ਗਈ ਹੈ ਉਸ ਲਈ ਉਹਨਾਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਇਹ ਰਾਸ਼ੀ ਐਸਡੀਐਮ ਨਾਭਾ ਰਾਹੀਂ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜੇ ਜਾਣ ਦਾ ਫੈਸਲਾ ਲਿਆ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸਾਇਟੀ ਦੇ ਸਰਪਰਸਤ ਮੇਜਰ ਰਣਜੀਤ ਸਿੰਘ ਸੰਧੂ, ਮੀਤ ਪ੍ਰਧਾਨ ਐਸਐਸ ਬੇਦੀ, ਸਕੱਤਰ ਛੱਜੂ ਲਾਲ ਸਿੰਘੀ, ਕੈਸ਼ੀਅਰ ਸੁਖਪਿੰਦਰ ਸਿੰਘ ਐਸਡੀਓ, ਪ੍ਰੈਸ ਸਕੱਤਰ ਕਰਮਜੀਤ ਸਿੰਘ ਮਹਿਰਮ, ਪਰਮਜੀਤ ਸਿੰਘ ਸੋਢੀ, ਗੁਰਜਿੰਦਰ ਸਿੰਘ, ਮਲਕੀਤ ਸਿੰਘ ਅਟਵਾਲ, ਡੀਐਸ ਹਰਜਾਈ, ਓਮ ਪ੍ਰਕਾਸ਼ ਠੇਕੇਦਾਰ, ਕੈਪਟਨ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

## ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੁਸਾਇਟੀ ਨੇ ਹੜ੍ਹ ਪੀੜਤਾਂ ਲਈ ਚਾਰ ਗੱਡੀਆਂ ਰਾਸ਼ਨ ਦੀਆਂ ਭੇਜੀਆਂ

### ਇਲਾਕੇ ਦੀਆਂ ਸੰਗਤਾਂ ਦਾ ਸਹਿਯੋਗ ਦੇਣ ਲਈ ਸੰਸਥਾ ਦੇ ਆਗੂ ਭਾਈ ਅਮਨਦੀਪ ਸਿੰਘ ਲਵਲੀ ਵੱਲੋਂ ਧੰਨਵਾਦ



ਨਾਭਾ, 7 ਸਤੰਬਰ (ਅਮਰਜੀਤ ਸਿੰਘ/ਚੌਧਰੀਮਾਜਰਾ/ਮਾਨ) : ਇਤਿਹਾਸਿਕ ਅਤੇ ਵਿਰਾਸਤੀ ਸ਼ਹਿਰ ਨਾਭਾ ਵਿੱਚ ਪਿਛਲੇ ਲੰਬੇ ਸਮੇਂ ਤੋਂ ਗਰੀਬ ਦਾ ਮੁੱਖ ਗੁਰੂ ਦੀ ਗੋਲਕ ਨੂੰ ਮੁੱਖ ਰੱਖਦਿਆਂ ਲੋੜਵੰਦਾਂ ਦੀ ਸੇਵਾ ਕਰਦੀ ਆ ਰਹੀ ਸੰਸਥਾ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੋਸਾਇਟੀ ਰਜਿ. ਨਾਭਾ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਮੁੜ ਵੱਡਾ ਉਪਰਾਲਾ ਕੀਤਾ ਗਿਆ। ਗੁਰੂ ਸਾਹਿਬ ਦੀ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਸੰਸਥਾ ਵੱਲੋਂ ਇੱਕ ਵੱਡਾ ਟਰੱਕ ਅਤੇ ਚਾਰ ਹੋਰ ਗੱਡੀਆਂ ਗੁ: ਡੇਰਾ ਬਾਬਾ ਆਜਾਪਾਲ ਸਿੰਘ ਜੀ ਘੋੜਿਆਂ ਵਾਲਾ ਸਾਹਿਬ ਵਿਖੇ ਅਰਦਾਸ ਬੇਨਤੀ ਕਰ ਹੜ੍ਹ ਪੀੜਤਾਂ ਲਈ ਜ਼ਰੂਰਤ ਦਾ ਹਰ ਸਮਾਨ ਲੈ ਜਾ ਅਜਨਾਲਾ, ਡੇਰਾ ਬਾਬਾ ਨਾਨਕ, ਹਰੀਕੇ ਪੱਤਣ, ਫਿਰੋਜ਼ਪੁਰ ,ਤਰਨ ਤਾਰਨ ਏਰੀਆ ਜਿੱਥੇ ਵੀ ਵੱਡਾ ਨੁਕਸਾਨ ਪਾਣੀ ਨਾਲ ਫਸਲਾਂ ਤੇ ਆਮ ਲੋਕਾਂ ਦਾ ਹੋਇਆ ਤੇ ਜਾਂ ਸੇਵਾਵਾਂ ਨਿਭਾਈਆਂ ਗਈਆਂ ਸੰਸਥਾ ਦੇ ਮੁਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ ਜਥੇਦਾਰ ਕਰਮਜੀਤ ਸਿੰਘ ਅਲਹੌਰਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਸੁਖਵੰਤ ਸਿੰਘ ਕੌਲ ਆਗੂ ਆੜ੍ਹਤੀਆ ਐਸੋਸੀਏਸ਼ਨ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕੀ ਰਾਸ਼ਨ ਤੋਂ ਇਲਾਵਾ ਮੱਛਰਦਾਨੀਆਂ, ਤਰਪਾਲਾਂ, ਅਡੋਮੋਸ, ਸੁੱਕਾ ਦੁੱਧ, ਮੋਬੱਤੀਆਂ ਮਾਚਸਾ, ਦਵਾਈਆਂ ਸਮੇਤ ਔਰਤਾਂ ਦਾ ਜ਼ਰੂਰਤ ਦਾ ਸਮਾਨ ਵੱਡੀ ਗਿਣਤੀ ਵਿੱਚ ਹੜ੍ਹ ਪੀੜਤਾਂ ਤੱਕ ਪਹੁੰਚਾਇਆ ਗਿਆ। ਸਮੁੱਚੇ ਇਲਾਕੇ ਵੱਲੋਂ ਵੱਡਾ ਸਹਿਯੋਗ ਇਸ ਕਾਰਜ ਵਿੱਚ ਦਿੱਤਾ ਗਿਆ, ਜਿਨ੍ਹਾਂ ਸਤਿਕਾਰਯੋਗ ਸ਼ਖ਼ਸੀਅਤਾਂ ਵੱਲੋਂ ਗੱਡੀਆਂ ਤੇ ਹੋਰ ਵੱਖ-ਵੱਖ ਢੰਗ ਤਰੀਕੇ ਨਾਲ ਸੇਵਾਵਾਂ ਸੰਸਥਾ ਨੂੰ ਦਿੱਤੀਆਂ ਗਈਆਂ। ਉਹਨਾਂ ਦਾ ਸੰਸਥਾ ਦੇ ਮੁਖੀ ਅਮਨਦੀਪ ਸਿੰਘ ਲਵਲੀ ਵੱਲੋਂ ਸੰਗਤਾਂ ਦਾ ਦੋਵੇਂ ਹੱਥ ਜੋੜ ਨਿਮਰਤਾ ਸਹਿਤ ਧੰਨਵਾਦ ਕੀਤਾ ਗਿਆ। ਉੱਥੇ ਹੀ ਉਨ੍ਹਾਂ ਹੋਰ ਸੰਗਤਾਂ ਨੂੰ ਬੇਨਤੀ ਕੀਤੀ ਕਿ ਰਾਸ਼ਨ ਸਾਰੇ ਇਲਾਕਿਆਂ ਵਿੱਚ ਬਹੁ ਗਿਣਤੀ ਵਿੱਚ ਪਹੁੰਚ ਚੁੱਕਿਆ ਹੈ। ਪਾਣੀ ਉਤਰਨ 'ਤੇ ਹੜ੍ਹ ਪੀੜਤਾਂ ਨੂੰ ਮਦਦ ਦੀ ਵੱਡੀ ਜ਼ਰੂਰਤ ਖੇਤਾਂ ਨੂੰ ਵਾਹਣ ਘਰਾਂ ਨੂੰ ਪਾਉਣ ਦੀ ਪਵੇਗੀ। ਉਸ ਸਮੇਂ ਸੇਵਾਵਾਂ ਨਿਭਾਈਆਂ ਜਾਣ। ਹੁਣ ਜੋ ਤਾਜ਼ਾ ਸਥਿਤੀ ਹੈ, ਉੱਥੇ ਕਿਸੇ ਵੀ ਚੀਜ਼ ਦੀ ਲੋੜ ਨਹੀਂ ਵੱਡੇ ਕੈਂਪ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਨਾਮ 'ਤੇ ਚੱਲ ਰਹੀਆਂ ਸੰਸਥਾਵਾਂ ਤੇ ਹੋਰ ਪੰਜਾਬ ਦੀਆਂ ਵੱਡੀਆਂ ਵੱਖ-ਵੱਖ ਸਮਾਜ ਸੇਵੀ ਧਾਰਮਿਕ ਸੰਸਥਾਵਾਂ ਵੱਲੋਂ ਬਿਨ੍ਹਾਂ ਕਿਸੇ ਪੱਖਪਾਤ ਤੋਂ ਲਗਾਏ ਹੋਏ ਹਨ , ਜਿਨ੍ਹਾਂ ਸੇਵਾਦਾਰਾਂ ਨੇ ਨਾਲ ਜਾ ਕੇ ਵੱਖ-ਵੱਖ ਇਲਾਕਿਆਂ ਵਿੱਚ ਮਿਹਨਤ ਕਰ ਰਾਸ਼ਨ ਅਤੇ ਹੋਰ ਸਮਾਨ ਵੰਡਣ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਉਹਨਾਂ ਦਾ ਵੀ ਸੰਸਥਾ ਵੱਲੋਂ ਕੋਟਾਨ ਕੋਟ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਰਿੰਦਰ ਕੁਮਾਰ ਅਗੋਲ ਵਾਲੇ ਸਮਾਜ ਸੇਵਕ ਪ੍ਰਿੰਸ ਸ਼ਰਮਾ ਵੱਡੀ ਗਿਣਤੀ ਵਿੱਚ ਸੰਸਥਾ ਦੇ ਸੇਵਾਦਾਰ ਹਾਜ਼ਰ ਸਨ।

## ਨਾਬਾਲਗ ਲੜਕੀ ਨੂੰ ਪੁਲਿਸ ਨੇ ਬ੍ਰਾਮਦ ਕਰਕੇ ਪਰਿਵਾਰ ਨੂੰ ਸੌਂਪਿਆ

ਸਮਾਣਾ, 7 ਸਤੰਬਰ (ਵਿਜੇ ਕੁਮਾਰ): 15 ਦਿਨ ਪਹਿਲਾਂ ਘਰੋਂ ਭੱਜੀ ਨਾਬਾਲਗ ਕੁੜੀ ਨੂੰ ਸਿਟੀ ਪੁਲਿਸ ਵੱਲੋਂ ਬਰਾਮਦ ਕਰਕੇ ਪਰਿਵਾਰ ਨੂੰ ਸੌਂਪਿਆ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਸ਼ਹਿਰ ਦੀ ਇੱਕ ਬਸਤੀ ਤੋਂ 21 ਅਗਸਤ ਨੂੰ ਆਪਣੇ ਘਰੋਂ ਭੱਜੀ 14 ਸਾਲ ਦੀ ਇੱਕ ਕੁੜੀ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਬਰਾਮਦ ਕਰ ਲਿਆ ਗਿਆ ਹੈ।ਸਿਵਲ ਹਸਪਤਾਲ ਸਮਾਣਾ ਵਿੱਚ ਮੈਡੀਕਲ ਜਾਂਚ ਤੋਂ ਬਾਅਦ, ਕੁੜੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਨਿਯਮਾਂ ਅਨੁਸਾਰ ਬਿਆਨ ਦਰਜ ਕਰਵਾਏ ਗਏ ਅਤੇ ਫਿਰ ਉਸ ਨੂੰ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ। ਅਧਿਕਾਰੀ ਅਨੁਸਾਰ, ਆਰੋਪੀ ਲੜਕੇ ਦੀ ਭਾਲ ਜਾਰੀ ਹੈ।

## 160 ਨਸ਼ੀਲੀਆਂ ਗੋਲੀਆਂ ਸਮੇਤ 2 ਕਾਬੂ

ਸਮਾਣਾ, 7 ਸਤੰਬਰ (ਵਿਜੇ ਕੁਮਾਰ) : ਪੁਲਿਸ ਨੇ 2 ਵਿਅਕਤੀਆਂ ਨੂੰ 160 ਨਸ਼ੀਲੀਆ ਗੋਲੀਆਂ ਸਮੇਤ ਕਾਬੂ ਕੀਤਾ ਹੈ।ਜਾਣਕਾਰੀ ਅਨੁਸਾਰ ਥਾਣਾ ਘੱਗਾ ਦੇ ਇੰਚਾਰਜ ਸਬ ਇੰਸਪੈਕਟਰ ਪਵਿੱਤਰ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਸ਼ੇਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਬੂਟਾ ਸਿੰਘ ਵਾਲਾ ਮੋੜ ਘੱਗਾ ਨਜ਼ਦੀਕ ਮੌਜੂਦ ਸੀ , ਜਿੱਥੇ ਉਨ੍ਹਾਂ 2 ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈੱਕ ਕਰਨ 'ਤੇ ਉਨ੍ਹਾਂ ਪਾਸੋਂ ਨਸ਼ੇ ਵਾਲੀਆਂ 160 ਗੋਲੀਆਂ ਬਰਾਮਦ ਕਰਕੇ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਕਥਿਤ ਮੁਲਜ਼ਮਾਂ ਦੀ ਪਛਾਣ ਸਲੀਮ ਖਾਨ ਅਤੇ ਜਸਵਿੰਦਰ ਸਿੰਘ ਵਾਸੀ ਪਿੰਡ ਘੱਗਾ ਵਜੋਂ ਹੋਈ ਹੈ।ਪੁਲਿਸ ਨੇ ਕਥਿਤ ਦੋਸ਼ੀਆਨ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

## ਚੋਰੀ ਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰਨ ਦੇ ਦੋ ਵੱਖ-ਵੱਖ ਮਾਮਲਿਆਂ 'ਚ ਮੁਲਜ਼ਮ ਕਾਬੂ



ਸਮਾਣਾ, 7 ਸਤੰਬਰ (ਵਿਜੇ ਕੁਮਾਰ/ਸੁਖਜਿੰਦਰ ਕੁਲਾਰਾਂ/ਜਵੰਦਾ/ਅਮਿਤ) : ਸਮਾਣਾ-ਪਟਿਆਲਾ ਸੜਕ 'ਤੇ ਪੈਂਦੇ ਪਿੰਡ ਢੈਂਠਲ ਵਿੱਚ ਇੱਕ ਬਜ਼ੁਰਗ ਜੋੜੇ ਦੇ ਘਰ ਵਿੱਚ ਵੜ ਕੇ ਚੋਰੀ ਅਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰਨ ਦੇ ਦੋ ਵੱਖ-ਵੱਖ ਮਾਮਲਿਆਂ ਵਿੱਚ ਸਦਰ ਪੁਲਿਸ ਨੇ ਪਿੰਡ ਦੇ ਹੀ ਨੌਜਵਾਨ ਜਗਸੀਰ ਸਿੰਘ ਪੁੱਤਰ ਰਿਖੀ ਸਿੰਘ ਨੂੰ ਹਿਰਾਸਤ ਵਿੱਚ ਲਿਆ ਹੈ।ਇਸ ਸਬੰਧੀ ਡੀਐਸਪੀ ਦਫ਼ਤਰ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਡੀਐਸਪੀ ਸਮਾਣਾ ਫਤਿਹ ਸਿੰਘ ਬਰਾੜ ਅਤੇ ਸਦਰ ਪੁਲਿਸ ਮੁਖੀ ਇੰਸਪੈਕਟਰ ਅਜੈ ਕੁਮਾਰ ਨੇ ਦੱਸਿਆ ਕਿ ਤਿੰਨ-ਚਾਰ ਸਤੰਬਰ ਦੀ ਦਰਮਿਆਨੀ ਰਾਤ ਨੂੰ ਚੋਰੀ ਦੀ ਨੀਅਤ ਨਾਲ ਬਜ਼ੁਰਗ ਜੋੜੇ ਦੇ ਘਰ ਦਾਖਲ ਹੋ ਕੇ ਸੁੱਤੇ ਪਏ ਲਖਵਿੰਦਰ ਸਿੰਘ ਅਤੇ ਉਸ ਦੀ ਪਤਨੀ 'ਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰ ਕੇ ਉਕਤ ਮੁਲਜ਼ਮ ਫਰਾਰ ਹੋ ਗਿਆ ਸੀ। ਜੋੜੇ ਨੂੰ ਇਲਾਜ ਲਈ ਪਟਿਆਲਾ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਧਿਕਾਰੀ ਮੁਤਾਬਕ 24 ਅਗਸਤ ਦੀ ਅੱਧੀ ਰਾਤ ਨੂੰ ਵੀ ਇਹੀ ਮੁਲਜ਼ਮ ਲਖਵਿੰਦਰ ਸਿੰਘ ਦੇ ਘਰ ਦਾਖ਼ਲ ਹੋਇਆ ਸੀ ਅਤੇ ਉਸ ਕੋਲੋਂ ਰਜਿਸਟਰੀ ਕਰਵਾਉਣ ਲਈ ਰੱਖੇ 3.25 ਲੱਖ ਰੁਪਏ ਚੋਰੀ ਕਰ ਕੇ ਫਰਾਰ ਹੋ ਗਿਆ ਸੀ। ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਦੋਵੇਂ ਵਾਰ ਘਰ ਦੀ ਛੱਤ ਰਾਹੀਂ ਕਮਰੇ ਵਿੱਚ ਦਾਖ਼ਲ ਹੋਇਆ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਮੁਲਜ਼ਮ ਨੌਜਵਾਨ ਪਟਿਆਲਾ ਦੇ ਹਾਰਟ ਹਸਪਤਾਲ ਵਿੱਚ ਟੈਕਨੀਸ਼ੀਅਨ ਵਜੋਂ ਕੰਮ ਕਰਦਾ ਹੈ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 7 ਸਤੰਬਰ (ਵਿਨੋਦ ਸ਼ਰਮਾ): ਥਾਣਾ ਖੇੜੀ ਗੰਡਿਆ ਪੁਲਿਸ ਨੇ ਕਥਿਤ ਦੋਸ਼ੀ ਧਰਮਿੰਦਰ ਸਿੰਘ ਪੁੱਤਰ ਰਾਮ ਸਿੰਘ ਵਾਸੀ ਪਿੰਡ ਧਰੇੜੀ ਜੱਟਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏਐਸਆਈ ਜਸਵਿੰਦਰਪਾਲ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਪਿੰਡ ਬਢੌਲੀ ਗੁਜਰਾ ਪਾਸ ਮੌਜੂਦ ਸੀ, ਜੋ ਸੂਏ ਦੀ ਕੱਚੀ ਪਟੜੀ ਨਾਲ ਦੋਸ਼ੀ ਸ਼ੱਕੀ ਹਾਲਤ ਵਿੱਚ ਬੈਠਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਪੁਛਗਿੱਛ ਕਰਨ ਪਰ ਦੋਸ਼ੀ ਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ ਅਤੇ ਹੁਣੇ ਹੀ ਨਸ਼ੀਲੀਆਂ ਗੋਲੀਆਂ ਖਾਧੀਆਂ ਹਨ।

## ਸਿਹਤ ਮੰਤਰੀ ਨੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਮੈਡੀਕਲ ਕਿੱਟਾਂ ਵੰਡੀਆਂ



ਦੇਵੀਗੜ੍ਹ, 7 ਸਤੰਬਰ (ਗੁਰਜੀਤ ਸਿੰਘ ਢੋਟ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਨੇ ਹੜ੍ਹਾਂ ਦੀ ਮੌਜੂਦਾ ਸਥਿਤੀ ਨੂੰ ਦੇਖਦਿਆਂ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਬਹਿਲ, ਮਹਿਮੂਦਪੁਰ, ਜੁਲਾਹਖੇੜੀ ਅਤੇ ਦੁਧਨਸਾਧਾਂ ਵਿਖੇ ਆਸ਼ਾ ਵਰਕਰਾਂ ਨੂੰ ਪਿੰਡਾਂ ਵਿਚ ਘਰ ਘਰ ਜਾ ਕੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਟੀਮਾਂ ਬਣਾ ਕੇ ਮੁਹਿੰਮ ਚਲਾਉਣ ਲਈ ਕਿਹਾ। ਸਿਹਤ ਮੰਤਰੀ ਨੇ ਆਸ਼ਾ ਵਰਕਰਾਂ ਨੂੰ ਫੂਡ ਅਤੇ ਦਵਾਈਆਂ ਦੀਆਂ ਕਿੱਟਾਂ ਵੀ ਵੰਡੀਆਂ ਜੋ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਪ੍ਰਦਾਨ ਕੀਤੀਆ ਜਾਣਗੀਆਂ। ਓਹਨਾ ਕਿਹਾ ਕਿ ਬਿਮਾਰੀਆਂ ਦੀ ਰੋਕਥਾਮ ਸਰਕਾਰ ਦੀ ਪਹਿਲੀ ਤਰਜ਼ੀਹ ਹੈ। ਓਹਨਾ ਡਿਸਪੈਂਸਰੀ ਵਿਚ ਆਏ ਮਰੀਜ਼ਾਂ ਨੂੰ ਖੁਦ ਦਵਾਈਆਂ ਵੰਡੀਆ। ਸਿਹਤ ਮੰਤਰੀ ਨੇ ਕਿਹਾ ਕਿ ਜੇਕਰ ਕਿਸੇ ਨੂੰ ਡੇਂਗੂ ਸਮੇਤ ਮੱਛਰਾਂ ਦੇ ਕੱਟਣ ਤੇ ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ, ਸੱਪ ਦੇ ਡੱਸਣ, ਕੁੱਤੇ ਅਤੇ ਬਾਂਦਰ ਦੇ ਕੱਟਣ ਆਦਿ ਵਰਗੀ ਕੋਈ ਦਿੱਕਤ ਆਉਂਦੀ ਹੈ, ਤਾਂ ਸਿਹਤ ਸਬੰਧੀ ਐਮਰਜੈਂਸੀ ਦੀ ਸਥਿਤੀ ਵਿਚ ਤੁਰੰਤ 104 ਹੈਲਪ ਲਾਈਨ ਨੰਬਰ ਤੇ ਸੰਪਰਕ ਕੀਤਾ ਜਾਵੇ ਤਾਂ ਜੀ ਉਨ੍ਹਾਂ ਨੂੰ ਤੁਰੰਤ ਮਦਦ ਮਿਲ ਸਕੇ। ਉਨ੍ਹਾਂ ਕਿਹਾ ਕਿ ਸੱਪ ਦੇ ਕੱਟੇ ਤੋਂ ਬਾਅਦ ਜ਼ਖਮ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ। ਸਿਹਤ ਮੰਤਰੀ ਨੇ ਦੁੱਧਨਸਾਧਾਂ ਦੇ ਹੈਲਥ ਸੈਂਟਰ ਦਾ ਦੌਰਾ ਵੀ ਕੀਤਾ। ਉਨ੍ਹਾਂ ਵਾਰਡਾਂ 'ਚ ਜਾ ਕੇ ਮਰੀਜ਼ਾਂ ਦਾ ਹਾਲ ਪੁੱਛਿਆ। ਉੱਥੇ ਹੀ ਓਹਨਾਂ ਪਿੰਡ ਦੇ ਲੋਕਾਂ ਦੀਆਂ ਸਮਸਿਆਵਾਂ ਨੂੰ ਵੀ ਸੁਣਿਆ ਅਤੇ ਤੁਰੰਤ ਹੱਲ ਕਰਨ ਦੇ ਨਿਰਦੇਸ਼ ਅਧਿਕਾਰੀਆਂ ਨੂੰ ਦਿੱਤੇ।ਓਹਨਾਂ ਭਰੋਸਾ ਦਵਾਇਆ ਕਿ ਹੜ੍ਹਾਂ ਦੌਰਾਨ ਜਿਹਨਾਂ ਦੇ ਘਰਾਂ ਦੀਆਂ ਛੱਤਾਂ ਖਰਾਬ ਹੋ ਚੁੱਕੀਆਂ ਹਨ, ਓਹਨਾਂ ਦੀ ਮਦਦ ਲਈ ਸਰਕਾਰ ਵੱਲੋਂ ਕਦਮ ਚੁੱਕੇ ਜਾ ਰਹੇ ਹਨ। ਡਾ .ਬਲਬੀਰ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਮੱਛਰਾਂ ਦੇ ਪ੍ਰਜਨਨ ਸਥਾਨਾਂ ਦੀ ਸਖ਼ਤ ਨਿਗਰਾਨੀ ਸਮੇਤ ਮੱਛਰਾਂ ਦਾ ਲਾਰਵਾ ਨਸ਼ਟ ਕਰਨ ਦੀ ਹਦਾਇਤ ਕੀਤੀ ਤਾਂ ਕਿ ਡੇਂਗੂ ਤੇ ਮੱਛਰ ਦੇ ਕੱਟਣ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।ਇਸ ਮੌਕੇ ਐਸ.ਡੀ.ਐਮ. ਹਰਜੋਤ ਕੌਰ, ਐਸ.ਡੀ.ਐਮ. ਕ੍ਰਿਪਾਲ ਵੀਰ ਸਿੰਘ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਡਾ. ਜੈ ਦੀਪ ਭਾਟੀਆ ਸੀਨੀਅਰ ਮੈਡੀਕਲ ਅਫਸਰ ਦੁੱਧਨਸਾਂਦਾ, ਡਾਕਟਰ ਅਨੁਜ ਬਾਂਸਲ, ਡਾਕਟਰ ਅਮਨਦੀਪ ਕੌਂਸਲ ਅਤੇ ਗੁਰਵਿੰਦਰ ਸਿੰਘ ਬਲਾਕ ਪਸਾਰ ਅਫਸਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਸ਼ਰਾਬ ਵੇਚ ਰਹੀ ਔਰਤ ਕਾਬੂ

ਸਮਾਣਾ, 7 ਸਤੰਬਰ (ਵਿਜੇ ਕੁਮਾਰ) ਸਿਟੀ ਪੁਲਿਸ ਨੇ ਸ਼ਰਾਬ ਵੇਚ ਰਹੀ ਇੱਕ ਔਰਤ ਨੂੰ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 15 ਬੋਤਲਾਂ ਸਮੇਤ ਕਾਬੂ ਕਰਕੇ ਉਸ ਖਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਔਰਤ ਦੀ ਪਛਾਣ ਜਸਵੰਤ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ।ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੈੱਡ ਕਾਂਸਟੇਬਲ ਸੋਮਨਾਥ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਸਟੈਂਡ, ਸਮਾਣਾ ਵਿਖੇ ਮੌਜੂਦ ਸੀ। ਉਸ ਨੂੰ ਸੂਚਨਾ ਮਿਲੀ ਕਿ ਕਥਿਤ ਦੋਸ਼ੀ ਔਰਤ ਨਾਮਧਾਰੀ ਕਲੋਨੀ ਦੀ ਚਿੱਟੀ ਢੇਰੀ 'ਤੇ ਸ਼ਰਾਬ ਵੇਚ ਰਹੀ ਹੈ। ਪੁਲਿਸ ਪਾਰਟੀ ਨੇ ਛਾਪਾ ਮਾਰ ਕੇ ਉਸ ਕੋਲੋਂ ਹਰਿਆਣਾ ਮਾਰਕਾ ਸ਼ਰਾਬ ਦੀਆਂ 15 ਬੋਤਲਾਂ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਔਰਤ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

## ਬਾਡੀ ਬਿਲਡਰ ਮਨੂ ਗਰਗ ਨੇ ਕੀਤਾ ਪਟਿਆਲਾ ਦਾ ਨਾਮ ਰੌਸ਼ਨ

### ਲੰਡਨ ਵਰਲਡ ਬੁੱਕ ਰਿਕਾਰਡ 'ਚ ਕੀਤਾ ਨਾਮ ਦਰਜ



ਸਮਾਣਾ, 7 ਸਤੰਬਰ (ਜਵੰਦਾ) : ਸਮਾਣਾ ਦੇ ਨੌਜਵਾਨ ਮਨੂ ਗਰਗ, ਜੋ ਪਹਿਲਾਂ ਵੀ ਬਾਡੀਬਿਲਡਿੰਗ ਵਿੱਚ ਆਪਣਾ ਚੰਗਾ ਨਾਮ ਕਮਾ ਚੁੱਕੇ ਹਨ, ਹੁਣ ਉਨ੍ਹਾਂ ਨੇ ਬਾਈਕ ਨਾਲ ਪਟਿਆਲਾ ਤੋਂ ਮੁਸਤਾਂਗ (ਨੇਪਾਲ) ਤੱਕ ਦਾ ਸਫ਼ਰ ਆਪਣੇ ਹਾਰਲੇ ਡੇਵਿਡਸਨ ਗਰੁੱਪ ਦੇ ਸੱਤ ਮੈਂਬਰਾਂ ਦੇ ਨਾਲ ਕੀਤਾ। ਇਸ ਦੌਰਾਨ ਉਨ੍ਹਾਂ ਨੇ ਚੰਡੀਗੜ੍ਹ ਤੋਂ ਮੁਸਤਾਂਗ ਨੇਪਾਲ ਤੱਕ ਦੇ 3000 ਕਿਲੋਮੀਟਰ ਦੇ ਸਫ਼ਰ ਨੂੰ ਸਿਰਫ਼ 7 ਦਿਨਾਂ ਵਿੱਚ ਪੂਰਾ ਕਰਕੇ ਦੁਨੀਆਂ ਦੇ ਸਭ ਤੋਂ ਮੁਸ਼ਕਲ ਰਸਤੇ ਨੂੰ ਫਤਹ ਕਰਦਿਆਂ ਲੰਡਨ ਵਰਲਡ ਬੁੱਕ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾਇਆ। ਇਹ ਉਹ ਰਾਹ ਸੀ ਜਿਸ 'ਤੇ ਨਾ ਤਾਂ ਪੱਕੀਆਂ ਸੜਕਾਂ ਸਨ ਤੇ ਨਾ ਹੀ ਢੰਗ ਦੇ ਕੱਚੇ ਰਸਤੇ। ਪਹਾੜੀਆਂ, ਪੱਥਰਾਂ ਅਤੇ ਘਣੀ ਮਿੱਟੀ ਵਾਲੇ ਜੰਗਲੀ ਰਸਤਿਆਂ ਰਾਹੀਂ, ਜਿੱਥੇ ਜੰਗਲੀ ਜਾਨਵਰਾਂ ਅਤੇ ਨਕਸਲੀਆਂ ਦਾ ਵੀ ਡਰ ਸੀ, ਉਸੇ ਰਾਹ ਵਿੱਚ 7 ਦਿਨਾਂ ਵਿੱਚ ਮਨੂ ਗਰਗ ਨੇ ਆਪਣੀ ਮੰਜ਼ਿਲ ਪੂਰੀ ਕੀਤੀ। ਇਸ ਸਬੰਧੀ ਮਨੂ ਗਰਗ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਸਫ਼ਰ ਪਟਿਆਲਾ ਤੋਂ ਆਪਣੇ ਸਾਥੀਆਂ ਦੇ ਨਾਲ ਚੰਡੀਗੜ੍ਹ ਰਾਹੀਂ ਮੁਸਤਾਂਗ ਨੇਪਾਲ ਤੱਕ ਹਾਰਲੇ ਡੇਵਿਡਸਨ ਬਾਈਕਾਂ ਨਾਲ ਸ਼ੁਰੂ ਕੀਤਾ। ਦਿਨ ਦੇ ਸਮੇਂ ਲਗਾਤਾਰ ਸਫ਼ਰ ਕਰਦੇ ਅਤੇ ਰਾਤ ਨੂੰ ਜਿੱਥੇ ਵੀ ਰੁਕਣ ਦਾ ਮੌਕਾ ਮਿਲਦਾ, ਓਥੇ ਹੀ ਰੁਕ ਜਾਂਦੇ। ਲਗਾਤਾਰ ਚੱਲਦੇ ਇਸ ਸਫ਼ਰ ਵਿੱਚ 3000 ਕਿਲੋਮੀਟਰ ਦੀ ਇਹ ਮੁਸ਼ਕਿਲ ਯਾਤਰਾ 7 ਦਿਨਾਂ ਵਿੱਚ ਪੂਰੀ ਕਰਕੇ ਉਨ੍ਹਾਂ ਨੇ ਨਾ ਸਿਰਫ਼ ਲੰਡਨ ਵਰਲਡ ਬੁੱਕ ਵਿੱਚ ਆਪਣਾ ਨਾਮ ਦਰਜ ਕੀਤਾ, ਸਗੋਂ ਨੌਜਵਾਨਾਂ ਨੂੰ ਇਹ ਵੀ ਪ੍ਰੇਰਿਤ ਕੀਤਾ ਕਿ ਜੇਕਰ ਕੋਈ ਵੀ ਕੰਮ ਕਰਨ ਦਾ ਮਨ ਬਣਾਇਆ ਜਾਵੇ ਤਾਂ ਉਹ ਕੰਮ ਕਿੰਨਾ ਵੀ ਔਖਾ ਹੋਵੇ, ਆਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ।ਇਸ ਸਫ਼ਰ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ 7 ਮੈਂਬਰਾਂ ਦਾ ਹਾਰਲੇ ਡੇਵਿਡਸਨ ਬਾਈਕ ਗਰੁੱਪ ਬਣਾਇਆ। ਉਨ੍ਹਾਂ ਕਿਹਾ ਕਿ ਹੁਣ ਉਹ ਇਸ ਤੋਂ ਵੀ ਵੱਡਾ ਕੋਈ ਕਾਰਜ ਕਰਨ ਦੀ ਯੋਜਨਾ ਬਣਾ ਰਹੇ ਹਨ, ਜਿਸ ਨਾਲ ਨੌਜਵਾਨ ਹੋਰ ਪ੍ਰੇਰਿਤ ਹੋਣਗੇ ਕਿ ਕੋਈ ਵੀ ਕੰਮ ਮੁਸ਼ਕਲ ਨਹੀਂ ਹੁੰਦਾ।

## ਲੜਕੀ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਰੱਖਣ ਦੇ ਦੋਸ਼ 'ਚ ਨੌਜਵਾਨ ਖ਼ਿਲਾਫ ਮਾਮਲਾ ਦਰਜ

ਸਮਾਣਾ, 7 ਸਤੰਬਰ (ਵਿਜੇ ਕੁਮਾਰ): ਇੱਕ 18 ਸਾਲਾਂ ਦੀ ਲੜਕੀ ਨੂੰ ਗੈਰ-ਕਾਨੂੰਨੀ ਢੰਗ ਨਾਲ ਆਪਣੀ ਹਿਰਾਸਤ ਵਿੱਚ ਰੱਖਣ ਦੇ ਦੋਸ਼ ਵਿੱਚ ਸਿਟੀ ਪੁਲਿਸ ਨੇ ਕਮਲ ਪੁੱਤਰ ਗੁਲਾਬ, ਵਾਸੀ ਪਿੰਡ ਦੇਧਨਾ, ਦੇ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਸਬ-ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਲੜਕੀ ਦੇ ਪਿਤਾ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ, ਉਸਦੀ 18 ਸਾਲਾ ਧੀ, ਜੋ +2 ਵਿੱਚ ਪੜ੍ਹਦੀ ਹੈ, 31 ਅਗਸਤ ਦੀ ਸ਼ਾਮ ਨੂੰ ਬਿਨਾਂ ਦੱਸੇ ਘਰੋਂ ਚਲੀ ਗਈ ਸੀ ਅਤੇ ਵਾਪਸ ਨਹੀਂ ਆਈ। ਉਹ ਆਪਣਾ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਵੀ ਨਾਲ ਲੈ ਗਈ ਸੀ। ਕਾਫੀ ਭਾਲ ਕਰਨ ਤੋਂ ਬਾਅਦ ਪਤਾ ਲੱਗਾ ਕਿ ਦੋਸ਼ੀ ਨੇ ਉਸਦੀ ਧੀ ਨੂੰ ਗੈਰ-ਕਾਨੂੰਨੀ ਢੰਗ ਨਾਲ ਆਪਣੀ ਹਿਰਾਸਤ ਵਿੱਚ ਲੁਕਾ ਕੇ ਰੱਖਿਆ ਹੋਇਆ ਹੈ।ਅਧਿਕਾਰੀ ਅਨੁਸਾਰ, ਪੁਲਿਸ ਟੈਕਨੀਕਲ ਤਰੀਕੇ ਨਾਲ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਲੜਕੀ ਤੇ ਲੜਕੇ ਦੀ ਭਾਲ ਜਾਰੀ



# ਪਟਿਆਲਾ-ਆਸ/ਪਾਸ



## ਘੱਗਰ 'ਚ ਵੱਧ ਰਹੇ ਪਾਣੀ ਨੇ ਕਿਸਾਨਾਂ ਦੀ ਚਿੰਤਾ ਵਧਾਈ

### ➢ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

### ➢ਲੋਕਾਂ ਦੀ ਸਾਰ ਲਵੇ ਸਰਕਾਰ: ਤੁਲੇਵਾਲ



ਭੁਨਰਹੇੜੀ, 7 ਸਤੰਬਰ (ਗੁਰਜੀਤ ਸਿੰਘ ਢੋਟ) : ਟਾਂਗਰੀ ਅਤੇ ਘੱਗਰ ਦਰਿਆ ਵਿੱਚ ਵਧ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਕਿਸਾਨਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਪਿਛਲੇ ਦੋ ਸਾਲਾਂ ਦੌਰਾਨ ਹੜ੍ਹਾਂ ਨਾਲ ਕਿਸਾਨਾਂ ਦੀਆਂ ਫਸਲਾਂ ਡੁੱਬ ਜਾਣ ਨਾਲ ਬਹੁਤ ਵੱਡਾ ਨੁਕਸਾਨ ਹੋਇਆ ਸੀ, ਜਿਸ ਦੀ ਭਰਭਾਈ ਅਜੇ ਤੱਕ ਵੀ ਕਿਸਾਨ ਨਹੀਂ ਕਰ ਸਕੇ ਅਤੇ ਹੁਣ ਉਹੀ ਮੰਜ਼ਰ ਦੁਬਾਰੇ ਫਿਰ ਸਤਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਖਵਿੰਦਰ ਸਿੰਘ ਤੁਲੇਵਾਲ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਟਾਂਗਰੀ ਘੱਗਰ ਦਰਿਆ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਦਾ ਦੌਰੇ ਕਰਨ ਦੌਰਾਨ ਕੀਤਾ। ਉਹਨਾਂ ਕਿਹਾ ਕਿ ਟਾਂਗਰੀ, ਘੱਗਰ ਦਰਿਆ ਅਤੇ ਮੀਰਾਂਪੁਰ ਚੋਅ ਨਾਲ ਲੱਗਦੇ ਪਿੰਡਾਂ ਨੂੰ ਸਰਕਾਰਾਂ ਨੇ ਰੱਬ ਭਰੋਸੇ ਹੀ ਛੱਡ ਦਿੱਤਾ ਹੈ, ਕਿਉਂਕਿ ਇੱਥੇ ਕਦੇ ਵੀ ਸਰਕਾਰ ਵੱਲੋਂ ਕੋਈ ਗੰਭੀਰਤਾ ਨਾਲ ਕੰਮ ਨਹੀਂ ਕੀਤਾ ਗਿਆ, ਜਿਸ ਦਾ ਖਮਿਆਜ਼ਾ ਇੱਥੋਂ ਦੇ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਲਾਕੇ ਵਿੱਚ ਤਿੱਖੀ ਨਜ਼ਰ ਰੱਖਦੇ ਹੋਏ ਲੋਕਾਂ ਦੀ ਜਾਨ ਮਾਲ ਨੂੰ ਸੁਰੱਖਿਤ ਰੱਖਣ ਦੇ ਉਪਰਾਲੇ ਕੀਤੇ ਜਾਣ 'ਤੇ ਬਾਰਿਸ਼ਾਂ ਹੋਣ ਤੋਂ ਬਾਅਦ ਘੱਗਰ ਅਤੇ ਟਾਂਗਰੀ, ਮੀਰਾਂਪੁਰ ਚੋਅ ਦੇ ਟੁੱਟੇ ਹੋਏ ਬੰਨ੍ਹਾਂ ਨੂੰ ਮਜ਼ਬੂਤ ਢੰਗ ਨਾਲ ਬੰਨਿਆ ਜਾਵੇ ਤਾਂ ਜੋ ਭਵਿੱਖ ਵਿੱਚ ਕਦੇ ਵੀ ਕਿਸਾਨਾਂ ਮਜ਼ਦੂਰਾਂ ਦਾ ਨੁਕਸਾਨ ਹੋਣ ਤੋਂ ਬਚਾਅ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਇਹ ਠੋਸ ਕਦਮ ਜਲਦੀ ਨਹੀਂ ਉਠਾਏ ਜਾਂਦੇ ਤਾਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਵੱਡੇ ਪੱਧਰ 'ਤੇ ਰੋਸ ਧਰਨੇ ਲਗਾਏ ਜਾਣਗੇ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ 50 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਸੁਖਵਿੰਦਰ ਸਿੰਘ ਲਾਲੀ ਬਲਾਕ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਭੁਨਰਹੇੜੀ, ਗੁਰਦੀਪ ਸਿੰਘ ਮਰਦਾਂਹੇੜੀ, ਬਲਾਕ ਪ੍ਰਧਾਨ ਸਨੌਰ ਰਣਜੀਤ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਸ਼ਿੰਗਾਰਾ ਸਿੰਘ ਡਕਾਲਾ, ਖਜ਼ਾਨਚੀ ਜਗਰੂਪ ਸਿੰਘ, ਤੇਜਾ ਸਿੰਘ ਇਕਾਈ ਪ੍ਰਧਾਨ, ਬਲਵਿੰਦਰ ਸਿੰਘ ਜਾਫਰਪੁਰ, ਸ਼ਮਸ਼ੇਰ ਸਿੰਘ ਡੰਡੋਆ ਬਾਪੂ ਗੁਰਨਾਮ ਸਿੰਘ ਸ਼ਿੰਗਾਰਾ ਅਤੇ ਕੁਲਵੰਤ ਸਿੰਘ, ਹਰਚੰਦ ਸਿੰਘ ਮਹਿਮੂਦਪੁਰ,ਜਗਜੀਤ ਸਿੰਘ ਜੱਗੀ, ਰਜਿੰਦਰ ਸਿੰਘ ਰਾਜ ਮਹਿਮੂਦਪੁਰ ਤੋਂ ਇਲਾਵਾ ਹੋਰ ਵੀ ਕਿਸਾਨ ਆਗੂ ਮੌਜੂਦ ਸਨ।

## ਹੜ੍ਹ ਪੀੜਤਾਂ ਲਈ ਵਿਧਾਇਕ ਦੇਵ ਮਾਨ ਦੀ ਅਗਵਾਈ 'ਚ ਕੀਤੀ ਰਾਸ਼ਨ ਦੀ ਸੇਵਾ

ਨਾਭਾ, 7 ਸਤੰਬਰ (ਬਲਜਿੰਦਰ ਮਾਨ) : ਪੰਜਾਬ ਵਿੱਚ ਚੱਲ ਰਹੇ ਹੜ੍ਹਾਂ ਦੇ ਸੰਕਟ ਦੀ ਮਾਰ ਚੱਲ ਰਹੇ ਲੋਕਾਂ ਲਈ ਅੱਜ ਨਾਭਾ ਵਿਖੇ ਵਿਧਾਇਕ ਦੇਵ ਮਾਨ ਦੀ ਅਗਵਾਈ ਵਿੱਚ ਨਾਭਾ ਫੂਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਕੀਤੀ ਰਾਸ਼ਨ ਦੀ ਸੇਵਾ ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਇਹਨਾਂ ਦਾ




ਬਹੁਤ ਵੱਡਾ ਉਪਰਾਲਾ ਹੈ ਅਤੇ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਹ ਰੋਜ਼ ਦਾ ਰੋਜ਼ ਕਮਾਉਣ ਵਾਲੇ ਛੋਟੇ ਰੇਹੜੀ ਭਾਈਚਾਰੇ ਦੇ ਲੋਕ ਹਨ, ਪਰ ਇਹਨਾਂ ਵੱਲੋਂ ਵੱਡਾ ਉਪਰਾਲਾ ਕੀਤਾ ਜਾ ਰਿਹਾ। ਮੈਂ ਇਹਨਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜੋ ਕਿ ਆਪਣੀ ਨੇਕ ਕਮਾਈ ਵਿੱਚੋਂ ਹੜ੍ਹ ਪੀੜਤ ਲੋਕਾਂ ਲਈ ਰਾਸ਼ਨ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਮੌਕੇ ਨਾਭਾ ਫੂਡ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਨਾਭਾ ਨੇ ਕਿਹਾ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਅਸੀਂ ਇੱਕ ਛੋਟਾ ਜਿਹਾ ਉਪਰਾਲਾ ਕਰ ਰਹੇ ਹਾਂ ਇਸ ਵਿੱਚ ਸਾਡੇ ਸਾਰੇ ਹੀ ਭਾਈਚਾਰੇ ਦਾ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਉੱਥੇ ਹੀ ਅਸੀਂ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹਾਂ। ਇਸ ਮੌਕੇ ਪ੍ਰਧਾਨ ਭੁਪਿੰਦਰ ਸਿੰਘ, ਰਾਜ ਕੁਮਾਰ, ਗੌਰਵ, ਮੋਹਿਤ, ਵਿੱਕੀ, ਮਨੋਜ ਗੁਪਤਾ, ਆਦਰਸ਼ ਗੋਲੀ, ਸੰਜੇ, ਨਰਿੰਦਰ ਸਿੰਘ, ਗੁਰਦੀਪ, ਲਾਲੀ, ਗਣੇਸ਼, ਆਸ਼ੂ, ਸਰਦਾਰ, ਰਾਣਾ, ਮੋਨੂ, ਕਾਲਾ, ਸਨੀ, ਹੈਪੀ, ਰਾਜ ਕੁਮਾਰ, ਗੋਪਾਲ ਅਤੇ ਸਾਥੀ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲੋੜਵੰਦਾਂ ਤੱਕ ਪਹੁੰਚਾਵਾਂਗੇ ਹਰ ਸੰਭਵ ਸਹਾਇਤਾ: ਸੰਤ ਬਾਬਾ ਨਛੱਤਰ ਸਿੰਘ

### ਗੁਰਦੁਆਰਾ ਸੰਤ ਕੰਬਲੀ ਵਾਲਾ ਵਿਖੇ ਹੜ੍ਹ ਪੀੜਤਾਂ ਲਈ ਸਰਬੱਤ ਦੇ ਭਲੇ ਦੀ ਅਰਦਾਸ



ਪਟਿਆਲਾ, 7 ਸਤੰਬਰ (ਰੁਪਾਣਾ/ਅਮਰਜੀਤ) : ਗੁਰਦੁਆਰਾ ਸੰਤ ਕੰਬਲੀ ਵਾਲਾ ਸਾਹਿਬ ਵਿਖੇ ਪੂਰਨਮਾਸ਼ੀ ਦਾ ਦਿਹਾੜਾ, ਜਿੱਥੇ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਉੱਥੇ ਹੀ ਇਸ ਪਵਿੱਤਰ ਦਿਹਾੜੇ 'ਤੇ ਲਗਾਏ ਗਏ ਧਾਰਮਕ ਦੀਵਾਨਾਂ ਵਿਚ ਸੰਤ ਮਹਾਂਪੁਰਸ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਤਾਂ ਭਾਈ ਗੁਰਦੀਪ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਤਾਂ ਨੂੰ ਨਿਹਾਲ ਵੀ ਕੀਤਾ। ਗੁਰਮਤਿ ਸਮਾਗਮ ਦੌਰਾਨ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਕਾਲੀ ਕੰਬਲੀ ਵਾਲਿਆਂ ਨੇ ਹੜ੍ਹ ਪੀੜਤਾਂ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਦੌਰਾਨ ਹੜ੍ਹਾਂ ਦੀ ਕਰੋਪੀ ਚੱਲ ਰਹੀ ਹੈ ਅਤੇ ਇਸ ਦੌਰਾਨ ਮਨੁੱਖਤਾ ਦਾ ਬੁਰਾ ਨੁਕਸਾਨ ਹੋਇਆ ਹੈ ਪ੍ਰਮਾਤਮਾ ਆਪਣੀ ਅਪਾਰ ਕਿਰਪਾ ਸਮੁੱਚੀ ਲੋਕਾਈ ਦੇ ਕਰਦੇ ਹੋਏ ਇਸ ਮੁਸੀਬਤ ਵਿਚ ਨਿੱਕਲਣ ਦੇ ਯੋਗ ਤੇ ਸਮਰੱਥ ਬਣਾਉਣ ਅਤੇ ਹੜ੍ਹਾਂ ਦਾ ਇਹ ਪ੍ਰਕੋਪ ਚੱਲ ਟਲ ਸਕੇ। ਬਾਬਾ ਨਛੱਤਰ ਸਿੰਘ ਕਾਲੀ ਕੰਬਲੀ ਵਾਲਿਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਫਲਸਫਾ ਸਮੁੱਚੀ ਮਾਨਵਤਾ ਦਾ ਕਲਿਆਨ ਕਰਨਾ ਅਤੇ ਇਸ ਦੌਰਾਨ ਗੁਰਦੁਆਰਾ ਸੰਤ ਕੰਬਲੀ ਵਾਲਿਆਂ ਦੇ ਪ੍ਰਬੰਧਕਾਂ ਨੇ ਫੈਸਲਾ ਕੀਤਾ ਹੈ ਕਿ ਹੜ੍ਹ ਪ੍ਰਭਾਵਤ ਖੇਤਰਾਂ ਵਿਚ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਭਾਵਤ ਇਲਾਕਿਆਂ ਵਿਚ ਜਿੱਥੇ ਲੰਗਰ, ਰਾਸ਼ਨ ਆਦਿ ਲੈ ਕੇ ਪਹੁੰਚ ਕੀਤੀ ਜਾਵੇਗੀ, ਉੱਥੇ ਹੀ ਦਵਾਈਆਂ ਆਦਿ ਦੀ ਵਿਵਸਥਾ ਕਰਾਂਗੇ। ਇਸ ਦੌਰਾਨ ਭਾਈ ਗੁਰਦੀਪ ਸਿੰਘ ਨੇ ਵੀ ਅਪੀਲ ਕਰਦਿਆਂ ਕਿਹਾ ਕਿ ਸੰਗਤਾਂ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਲਈ ਅੱਗੇ ਆਉਣ ਤਾਂ ਕਿ ਹੜ੍ਹ ਪ੍ਰਭਾਵਤ ਖੇਤਰਾਂ ਵਿਚ ਜਾ ਕੇ ਸੇਵਾ ਵਿਚ ਜੁਟਿਆ ਜਾ ਸਕੇ। ਪੂਰਨਮਾਸੀ ਦੇ ਇਸ ਪਵਿੱਤਰ ਦਿਹਾੜੇ ਮੌਕੇ ਗੁਰਦੁਆਰਾ ਪ੍ਰਬੰਧਕਾਂ ਨੇ ਪੁੱਜੀਆਂ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਭਾਈ ਗੁਰਮੀਤ ਸਿੰਘ ਸਲਮੇਪੁਰ, ਭਾਈ ਮਲਕੀਤ ਸਿੰਘ ਖੰਨਾ, ਭਾਈ ਪਰਮਜੀਤ ਸਿੰਘ ਆਦਿ ਵੀ ਹਾਜ਼ਰ ਸਨ।

## ਤੇਜ਼ ਰਫਤਾਰ ਕਾਰ ਦੀ ਟੱਕਰ ਨਾਲ ਮੌਤ

ਪਟਿਆਲਾ, 7 ਸਤੰਬਰ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਕੋਲ ਅਜੈ ਪੁੱਤਰ ਰਾਕੇਸ਼ ਕੁਮਾਰ ਵਾਸੀ ਪਿੰਡ ਧਾਮੋਮਾਜਰਾ ਹਾਲ ਵਾਸੀ ਗਲੀ ਨੰਬਰ 11 ਢਿੱਲੋਂ ਕਲੋਨੀ ਪਟਿਆਲਾ ਨੇ ਕਾਰ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਭਰਾ ਪ੍ਰਦੀਪ ਕੁਮਾਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਪਰਿੰਗ ਫੀਲਡ ਮੇਜਰ ਪੈਲਸ ਨਾਭਾ ਰੋਡ ਪਟਿਆਲਾ ਕੋਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਭਰਾ ਵਿੱਚ ਮਾਰੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕੀਤਾ ਹੈ।

## ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਘੱਗਰ ਉੱਪਰ ਬੰਨ ਬੰਨਣ ਲਈ ਪੰਜਾਹ ਹਜ਼ਾਰ ਲੀਟਰ ਡੀਜ਼ਲ ਤੇਲ ਦੇਣ ਦਾ ਐਲਾਨ

ਪਾਤੜਾਂ,7 ਸਤੰਬਰ (ਹਰਮਿੰਦਰ ਕਰਤਾਰਪੁਰ): ਸਬ ਡਵੀਜ਼ਨ ਪਾਤੜਾਂ ਵਿੱਚੋਂ ਲੰਘਦੇ ਘੱਗਰ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਪੰਜਾਹ ਹਜ਼ਾਰ ਲੀਟਰ ਡੀਜ਼ਲ ਦੇਣ ਦਾ ਐਲਾਨ ਕੀਤਾ ਗਿਆ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪੈਣ ਉਪਰੰਤ ਸਰਬਤ ਦੇ ਭਲੇ ਦੀ ਅਰਦਾਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਅਗਲੇ ਸਾਲ ਅਪ੍ਰੈਲ ਮਹੀਨੇ ਵਿੱਚ ਕਣਕ ਦੀ ਕਟਾਈ ਤੋਂ ਬਾਅਦ ਸਥਾਨਕ ਲੋਕਾਂ ਦੀ ਮਦਦ ਨਾਲ ਘੱਗਰ ਦਰਿਆ ਉੱਪਰ ਬੰਨ੍ਹ ਬੰਨ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬੰਨ੍ਹ ਉੱਪਰ ਆਉਣ ਵਾਲੇ ਖਰਚੇ ਲਈ ਪੰਜਾਹ ਹਜ਼ਾਰ ਲੀਟਰ ਡੀਜ਼ਲ ਉਹ ਖੁਦ ਆਪਣੀ ਜੇਬ ਵਿੱਚੋਂ ਦੇਣਗੇ। ਉਨ੍ਹਾਂ ਅਕਾਲੀ ਦਲ ਉੱਪਰ ਸ਼ਬਦੀ ਹਮਲਾ ਕਰਦਿਆਂ ਕਿਹਾ



ਕਿ ਜਿਨ੍ਹਾਂ ਲੋਕਾਂ ਨੇ ਪੰਜਾਬ ਉੱਪਰ ਦਹਾਕਿਆਂ ਬੱਧੀ ਰਾਜ ਕਰਕੇ ਪੰਜਾਬ ਨੂੰ ਲੁੱਟਿਆ ਅਤੇ ਕੁੱਟਿਆ ਉਹ ਅੱਜ ਕਿਸਾਨਾਂ ਨੂੰ ਡੀਜ਼ਲ ਦੇਣ ਦਾ ਡਰਾਮਾ ਕਰ ਰਹੇ ਹਨ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਲੋਕਾਂ ਨਾਲ ਜਿਹੜਾ ਵਾਅਦਾ ਕੀਤਾ ਗਿਆ ਹੈ, ਉਸ ਨੂੰ ਹਰ ਹਾਲ ਵਿੱਚ ਨਿਭਾਇਆ ਜਾਵੇਗਾ। ਇਸ ਮੌਕੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ,ਕਿਸਾਨ ਸੈਲ ਦੇ ਸੂਬਾ ਸੈਕਟਰੀ ਬੂਟਾ ਸਿੰਘ ਵਿਰਕ, ਸਰਪੰਚ ਬਲਜਿੰਦਰ ਸਿੰਘ ਜੋਗੇਵਾਲ, ਪ੍ਰਧਾਨ ਪ੍ਰੀਤ ਗਿੱਲ, ਚੇਅਰਮੈਨ ਲਖਵਿੰਦਰ ਸਿੰਘ ਡਰੋਲੀ, ਮਨਵੀਰ ਸਿੰਘ ਮੰਨਾ ਸੰਧੂ, ਕੁਲਦੀਪ ਸਿੰਘ ਬਿੰਦ, ਸਰਪੰਚ ਲਖਵਿੰਦਰ ਸਿੰਘ ਜੇਮੂ, ਸਰਪੰਚ ਸੰਦੀਪ ਸਿੰਘ ਤੇਈਪੁਰ, ਸਰਪੰਚ ਹਰਦੀਪ ਸਿੰਘ ਸੰਧੂ, ਜਥੇਦਾਰ ਜਸਵਿੰਦਰ ਸਿੰਘ ਕਾਕਾ ਸ਼ੇਰਗੜ੍ਹ, ਸਰਪੰਚ ਹਰਦੀਪ ਸਿੰਘ ਠਰੂਆ, ਡਾ. ਡੀਡੀ ਸਿੰਗਲਾ, ਪ੍ਰਧਾਨ ਮਦਨ ਲਾਲ ਗੋਇਲ, ਪ੍ਰਧਾਨ ਰਣਜੀਤ ਸਿੰਘ ਵਿਰਕ, ਲਾਭ ਸਿੰਘ ਡਰੋਲੀ, ਬਾਬਾ ਜੀਤਾ ਸਿੰਘ ਅਰਨੋ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

## ਡਾ. ਬਲਬੀਰ ਸਿੰਘ ਵੱਲੋਂ ਪਾਤੜਾਂ ਅਤੇ ਸਮਾਣਾ ਦੇ ਹਸਪਤਾਲਾਂ ਦਾ ਦੌਰਾ

### ਨਵੇਂ ਡਾਕਟਰਾਂ ਦੀ ਭਰਤੀ ਅਤੇ 24 ਘੰਟੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦਾ ਐਲਾਨ

ਪਾਤੜਾਂ/ਸਮਾਣਾ, 7 ਸਤੰਬਰ (ਹਰਮਿੰਦਰ ਕਰਤਾਰਪੁਰ/ਵਿਜੇ ਕੁਮਾਰ/ਸੁਖਜਿੰਦਰ ਕੁਲਾਰਾਂ/ਜਵੰਦਾ/ਅਮਿਤ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਾਤੜਾਂ ਅਤੇ ਸਮਾਣਾ ਸਥਿਤ ਸਰਕਾਰੀ ਹਸਪਤਾਲਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਹਸਪਤਾਲਾਂ ਵਿੱਚ ਉਪਲੱਬਧ ਸਹੂਲਤਾਂ ਦੀ ਸਮੀਖਿਆ ਕੀਤੀ, ਮਰੀਜ਼ਾਂ ਨਾਲ ਮੁਲਾਕਾਤ ਕੀਤੀ ਅਤੇ ਸਟਾਫ਼ ਨਾਲ ਰੂ-ਬ-ਰੂ ਹੋਏ। ਸਿਹਤ ਮੰਤਰੀ ਨੇ ਸਿੱਧਾ ਵਾਰਡਾਂ ਵਿੱਚ ਜਾ ਕੇ ਮਰੀਜ਼ਾਂ ਦਾ ਹਾਲ ਪੁੱਛਿਆ ਅਤੇ ਉਨ੍ਹਾਂ ਦੇ ਇਲਾਜ 'ਤੇ ਸੰਤੁਸ਼ਟੀ ਸੰਬੰਧੀ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ। ਓਹਨਾਂ ਆਸ਼ਾ ਵਰਕਰਾਂ ਨੂੰ ਮੈਡੀਸਨ ਕਿੱਟਾਂ ਦਿੱਤੀਆਂ



ਤਾਂ ਜੋ ਪਿੰਡ ਦੇ ਲੋਕਾਂ ਨੂੰ ਘਰ-ਘਰ ਜਾ ਕੇ ਲੋਕਾਂ ਨੂੰ ਕਿੱਟਾਂ ਦੇਣ ਅਤੇ ਸਿਹਤ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ। ਸਿਹਤ ਮੰਤਰੀ ਨੇ ਮੌਕੇ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਗੁਣਵੱਤਾ ਭਰਪੂਰ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਸਟਾਫ਼ ਨਰਸਾਂ ਦੀ ਘਾਟ ਨੂੰ ਪੂਰਾ ਕਰਨ ਲਈ ਨਵੀਆਂ ਭਰਤੀਆਂ ਜਲਦੀ ਕੀਤੀਆਂ ਜਾਣਗੀਆਂ। ਓਹਨਾਂ ਕਿਹਾ ਕਿ ਸੂਬੇ ਦੇ ਮੁੱਖ ਹਸਪਤਾਲਾਂ ਵਿੱਚ 24 ਘੰਟੇ ਐਮਰਜੈਂਸੀ ਸੇਵਾਵਾਂ ਅਤੇ ਸਿਹਤ ਸਹੂਲਤਾਂ ਚਲਾਉਣ ਦੀ ਯੋਜਨਾ 'ਤੇ ਸਰਕਾਰ ਤੇਜ਼ੀ ਨਾਲ ਕੰਮ ਕਰ ਰਹੀ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਾਤੜਾਂ ਅਤੇ ਸਮਾਣਾ ਵਰਗੇ ਖੇਤਰੀ ਹਸਪਤਾਲਾਂ ਨੂੰ ਵੀ ਉੱਚ ਪੱਧਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ, ਤਾਂ ਜੋ ਆਮ ਲੋਕਾਂ ਨੂੰ ਆਪਣੇ ਇਲਾਕੇ ਵਿੱਚ ਹੀ ਬਿਹਤਰ ਇਲਾਜ ਮਿਲ ਸਕੇ। ਸਿਹਤ ਮੰਤਰੀ ਨੇ ਸਿਹਤ ਵਿਭਾਗ ਦੇ ਸਟਾਫ਼ ਦੀ ਵੀ ਸ਼ਲਾਘਾ ਕੀਤੀ। ਸਿਹਤ ਮੰਤਰੀ ਨੇ ਹਸਪਤਾਲ ਪ੍ਰਬੰਧਨ ਨੂੰ ਨਿਰਦੇਸ਼ ਦਿੱਤੇ ਕਿ ਮਰੀਜ਼ਾਂ ਨੂੰ ਕੋਈ ਦਿੱਕਤ ਨਾ ਆਵੇ ਅਤੇ ਹਰ ਪੱਖੋਂ ਉਨ੍ਹਾਂ ਦੀ ਦੇਖਭਾਲ ਵਿਚ ਕੋਈ ਕਸਰ ਨਾ ਛੱਡੀ ਜਾਵੇ। ਇਸ ਮੌਕੇ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ, ਪਾਤੜਾਂ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਐਸ ਡੀ ਐਮ ਪਾਤੜਾਂ ਅਸ਼ੋਕ ਕੁਮਾਰ, ਐਸ ਡੀ ਐਮ ਸਮਾਣਾ ਰਿਚਾ ਗੋਇਲ ਅਤੇ ਸਿਵਲ ਸਰਜਨ ਜਗਪਾਲ ਇੰਦਰ ਸਿੰਘ ਤੋਂ ਇਲਾਵਾ ਸਿਹਤ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

## ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ




ਪਟਿਆਲਾ, 7 ਸਤੰਬਰ (ਚ.ਨ.ਸ.) : ਪਿੰਡ ਸਿਉਨਾ ਵਿਖੇ ਫਰੈਂਡਜ ਵੈਲਫੇਅਰ ਫਰੈਂਡਜ ਵੈਲਫ਼ੇਅਰ ਕਲੱਬ ਵੱਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਗੁਰਜੰਟ ਸਿਉਨ੍ਹਾ ਤੇ ਹਰੀਸ਼ ਪਟਿਆਲਵੀ ਦੀ ਅਗਵਾਈ ਅਤੇ ਵਿੱਕੀ ਸਿਉਨਾ ਦੀ ਪ੍ਰਧਾਨਗੀ ਹੇਠ ਕੈਂਸਰ ਵਰਲਡ ਕੈਂਸਰ ਕੇਅਰ ਦੇ ਚੇਅਰਮੈਨ ਕੁਲਵੰਤ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਸਿਉਨਾ ਵਿਖੇ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਵਾਇਆ,ਜਿਸ ਵਿੱਚ ਵਰਲਡ ਕੈਂਸਰ ਕੇਅਰ ਦੀ ਟੀਮ ਨੇ ਡਾ. ਢਿੱਲੋਂ ਦੀ ਦੇਖ-ਰੇਖ ਹੇਠ ਔਰਤਾਂ ਦੀ ਛਾਤੀ ਮੈਮੋਗਰਾਫੀ ਟੈਸਟ,ਬੱਚੇਦਾਨੀ ਲਈ ਪੈਪ ਸਮੇਅਰ ਟੈਸਟ,ਗਦੂਦਾਂ ਦੀ ਜਾਂਚ, ਮੂੰਹ ਗਲੇ ਦੀ ਜਾਂਚ, ਬਲੱਡ ਕੈਂਸਰ ਦੀ ਜਾਂਚ ਟੈਸਟ, ਹੱਡੀਆਂ, ਸ਼ੂਗਰ, ਟੈਸਟ ਤੇ ਬੀ ਪੀ ਦੇ 274 ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਕੈਂਪ ਮੌਕੇ ਕੈਂਸਰ ਦੀ ਪਹਿਚਾਣ, ਲੱਛਣ ਤੇ ਬਚਾਅ ਸੰਬੰਧੀ ਸੁਝਾਅ ਦੱਸੇ ਗਏ। ਇਸ ਕੈਂਪ ਦਾ ਉਦਘਾਟਨ ਮੇਘ ਚੰਦ ਸ਼ੇਰ ਮਾਜਰਾ ਚੇਅਰਮੈਨ ਇੰਪਰੁਵਮੈਂਟ ਟਰੱਸਟ ਪਟਿਆਲਾ ਤੇ ਗੁਰਧਿਆਨ ਸਿੰਘ ਸਿਉਨਾ ਪ੍ਰਧਾਨ ਕਿਸਾਨ ਵਿੰਗ ਪਟਿਆਲਾ ਨੇ ਕੀਤਾ। ਮੇਘ ਚੰਦ ਸ਼ੇਰਮਾਜਰਾ ਨੇ ਕਲੱਬ ਮੈਂਬਰਾਂ ਅਤੇ ਪਿੰਡ ਦੀ ਗ੍ਰਾਮ ਪੰਚਾਇਤ ਦੀ ਸ਼ਲਾਘਾ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਸੁਖਪਾਲ ਸਿੰਘ ਸਾਬਕਾ ਚੈਅਰਮੈਨ,ਸੰਜੀਵ ਅਗਰਵਾਲ ਐਸ ਬੀ ਆਈ,ਹਰਿੰਦਰ ਸਿੰਘ ਸਰਪੰਚ ਹਰਦਾਸਪੁਰ, ਜਸਵਿੰਦਰ ਕੌਰ ਸਰਪੰਚ ਲੰਗ, ਗੁਰਨਾਮ ਸਿੰਘ ਲਾਡੀ ਸਰਪੰਚ ਜੱਸੋਵਾਲ, ਕੁਲਵੰਤ ਸਿੰਘ ਰੌਂਗਲਾ ਸਾਬਕਾ ਸਰਪੰਚ ਰੌਂਗਲਾ, ਇੰਦਰਪ੍ਰੀਤ ਸਿੰਘ ਕਲੱਬ ਪ੍ਰਧਾਨ ਸ਼ਹੀਦ ਭਗਤ ਸਿੰਘ ਯੂਥ ਕਲੱਬ ਬਾਰਨ ਨੇ ਸ਼ਿਰਕਤ ਕੀਤੀ। ਇਸ ਮੌਕੇ ਸਰਪੰਚ ਮਲਕੀਤ ਸਿੰਘ ਸਿਉਨਾ, ਅਮਰੀਕ ਸਿੰਘ ਸਾਬਕਾ ਸਰਪੰਚ, ਅਮਰੀਕ ਸਿੰਘ ਮੀਕਾ, ਵਰਿੰਦਰ ਅਜਨੋਦਾ ਪ੍ਰਧਾਨ ਜਨ ਚੇਤਨਾ ਯੂਥ ਕਲੱਬ ਰਣਜੀਤ ਨਗਰ, ਗੁਰਦੀਪ ਸਿੰਘ ਲੰਗ, ਜੱਗੀ ਰੌਂਗਲਾਂ ਆਦਿ ਹਾਜ਼ਰ ਸਨ।

## ਕਾਨੂੰਗੋ ਮਨਜੀਤ ਸਿੰਘ ਵੱਲੋਂ ਆਪਣੀ ਟੀਮ ਨਾਲ ਪਿੰਡ ਉਲਟਪੁਰ ਦਾ ਦੌਰਾ



ਭੁਨਰਹੇੜੀ, 7 ਸਤੰਬਰ (ਗੁਰਜੀਤ ਸਿੰਘ ਢੋਟ) : ਪੰਜਾਬ ਅੰਦਰ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਇਸੇ ਤਹਿਤ ਹੀ ਜ਼ਿਲ੍ਹਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ ਤਹਿਤ ਤਹਿਸੀਲਦਾਰ ਅਰਮਾਨ ਦੀਪ ਦੀ ਅਗਵਾਈ ਹੇਠ ਏਰੀਆ ਕਾਨੂੰਗੋ ਮਨਜੀਤ ਸਿੰਘ ਵੱਲੋਂ ਪਿੰਡ ਉਲਟਪੁਰ ਦਾ ਦੌਰਾ ਕੀਤਾ ਗਿਆ ਇਸ ਮੌਕੇ ਉਨਾਂ ਨਾਲ ਵਿਭਾਗ ਦੇ ਪਟਵਾਰੀ ਅਮਨਦੀਪ ਸਿੰਘ ਵੀ ਮੌਜੂਦ ਸਨ। ਇਸ ਮੌਕੇ ਏਰੀਆ ਕਾਨੂੰਗੋ ਮਨਜੀਤ ਸਿੰਘ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਹੜ੍ਹਾਂ ਦੇ ਹਾਲਾਤਾਂ ਸਬੰਧੀ ਬਲਾਕ ਦੇ ਸਕੂਲਾਂ ਸਬੰਧੀ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਡਿਊਟੀ ਲਗਾਈ ਗਈ ਹੈ। ਉਹਨਾਂ ਕਿਹਾ ਕਿ ਪਿੰਡ ਉਲਟਪੁਰ ਦੇ ਸਰਕਾਰੀ ਐਲੀਮੈਂਟਰੀ ਸਕੂਲ ਅੰਦਰ ਪਾਣੀ ਅੱਜ ਵੀ ਬਹੁਤ ਵੱਡੇ ਪੱਧਰ ਨਾਲ ਚੱਲ ਰਿਹਾ ਹੈ ਅਤੇ ਸਕੂਲ ਦੀ ਚਾਰਦੀਵਾਰੀ ਵੀ ਡਿੱਗ ਚੁੱਕੀ ਹੈ, ਜਿਸ ਨੂੰ ਦੇਖਦੇ ਹੋਏ ਸਕੂਲ ਲੱਗਣ ਦੀ ਹਾਲਤ ਵਿੱਚ ਨਹੀਂ ਹੈ, ਜਿਸ ਦੀ ਰਿਪੋਰਟ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਸਿੱਖਿਆ ਵਿਭਾਗ ਨੂੰ ਭੇਜ ਦਿੱਤੀ ਜਾਵੇਗੀ।

## ਲੋੜਵੰਦ ਪਰਿਵਾਰਾਂ ਨੂੰ 100 ਪੇਟੀਆਂ ਪਾਣੀ ਦੀਆਂ ਵੰਡੀਆਂ

### ਪਸ਼ੂਆਂ ਲਈ ਚਾਰਾ ਭੇਜਣ ਦਾ ਵੀ ਕੀਤਾ ਜਾਵੇਗਾ ਪ੍ਰਬੰਧ: ਰਜਿੰਦਰ ਸਿੰਘ ਵਿਰਕ

ਦੇਵੀਗੜ੍ਹ, 7 ਸਤੰਬਰ (ਗੁਰਜੀਤ ਸਿੰਘ ਢੋਟ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਵਿਰਕ ਵੱਲੋਂ ਘੱਗਰ ਦਰਿਆ ਦੇ ਨਜ਼ਦੀਕ ਪਿੰਡ ਸਾਧੂ ਨਗਰ ਅਤੇ ਜਲਾਹਖੇੜੀ ਦੇ ਲੋੜਵੰਦ ਪਰਿਵਾਰਾਂ ਨੂੰ 100 ਪੇਟੀਆਂ ਪਾਣੀ ਦੀਆਂ ਵੰਡੀਆਂ ਗਈਆਂ ਅਤੇ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਕਿਹਾ ਕਿ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਵਿਰਕ ਵੱਲੋਂ ਅੱਜ ਸਨੌਰ ਹਲਕੇ ਸਨੌਰ ਦੇ ਹੜ੍ਹ ਪ੍ਰਭਾਵਿਤ ਪਿੰਡ ਮਾੜੂ, ਟਿਵਾਣਾ ਅਤੇ ਹੋਰ ਖੇਤਰਾਂ ਦਾ ਦੌਰਾ ਵੀ ਕੀਤਾ ਗਿਆ ਉਨ੍ਹਾਂ ਨੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸੀਬਤਾਂ ਸੁਣੀਆਂ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਰਜਿੰਦਰ ਸਿੰਘ ਵਿਰਕ ਨੇ ਪਿੰਡ ਸਾਧੂ ਨਗਰ ਪਿੰਡ ਦੇ ਵਸਨੀਕਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ



ਸ਼੍ਰੋਮਣੀ ਅਕਾਲੀ ਦਲ ਹੜ੍ਹ ਪੀੜਤਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੀੜਤ ਪਰਿਵਾਰਾਂ ਨੂੰ ਤੁਰੰਤ ਵਿੱਤੀ ਸਹਾਇਤਾ ਅਤੇ ਮੁਆਵਜ਼ਾ ਦਿੱਤਾ ਜਾਵੇ। ਵਿਰਕ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਅਕਾਲੀ ਦਲ ਪੀੜਤਾਂ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰੇਗਾ। ਅਤੇ ਪਸ਼ੂਆਂ ਲਈ ਚਾਰੇ ਦਾ ਵੀ ਜਲਦੀ ਪ੍ਰਬੰਧ ਕਰਕੇ ਪਿੰਡ ਵਿੱਚ ਭੇਜਿਆ ਜਾਵੇਗਾ। ਵਿਰਕ ਨੇ ਸੂਬਾ ਸਰਕਾਰ 'ਤੇ ਹੜ੍ਹ ਪ੍ਰਬੰਧਨ ਵਿੱਚ ਨਾਕਾਮੀ ਦਾ ਗੰਭੀਰ ਦੋਸ਼ ਲਗਾਇਆ। ਉਨ੍ਹਾਂ ਨੇ ਸਰਕਾਰ ਤੋਂ ਤੁਰੰਤ ਮਦਦ ਦੀ ਮੰਗ ਕੀਤੀ। ਇਸ ਮੌਕੇ ਮਨਜੀਤ ਸਿੰਘ, ਸਨੀ ਸਿੰਘ, ਰਣਜੋਧ ਸਿੰਘ, ਬਲਬੀਰ ਸਿੰਘ, ਬਲਦੇਵ ਸਿੰਘ, ਸੇਵਕ ਸਿੰਘ, ਬਲਿਹਾਰ ਸਿੰਘ ਸਤਬੀਰ ਸਿੰਘ , ਗੁਰਮੀਤ ਸਿੰਘ , ਭੋਲਾ ਸਿੰਘ ਸਿਰਕਪੜਾ, ਪਰਵਿੰਦਰ ਸਿੰਘ, ਮੇਹਰ ਸਿੰਘ, ਜਸਵੰਤ ਸਿੰਘ ਆਦਿ ਮੌਜੂਦ ਸਨ।

## ਬਿਕਰਮ ਕਾਲਜ ਨੇ ਐਨ.ਆਈ.ਆਰ.ਐਫ. 2025 ਰੈਂਕਿੰਗ 'ਚ ਫਿਰ ਬਣਾਈ ਜਗ੍ਹਾ




ਪਟਿਆਲਾ, 7 ਸਤੰਬਰ (ਚ.ਨ.ਸ.) : ਸਰਕਾਰੀ ਬਿਕਰਮ ਕਾਲਜ ਆਫ ਕਾਮਰਸ, ਪਟਿਆਲਾ ਨੇ ਇਕ ਵਾਰੀ ਫਿਰ ਨਾਂ ਰੌਸ਼ਨ ਕੀਤਾ ਹੈ। ਕਾਲਜ ਨੇ ਐਨਆਈਆਰਐਫ 2025 ਰੈਂਕਿੰਗ 'ਚ ਲਗਾਤਾਰ ਦੂਜੀ ਵਾਰ ਜਗ੍ਹਾ ਬਣਾਈ ਹੈ। ਇਹ ਸਨਮਾਨ ਹਾਸਲ ਕਰਨ ਵਾਲਾ ਪੰਜਾਬ ਦਾ ਇਕਲੌਤਾ ਸਰਕਾਰੀ ਕਾਲਜ ਹੈ। ਇਹ ਸਭ ਕਾਲਜ ਪ੍ਰਿੰਸੀਪਲ ਪ੍ਰੋ. (ਡਾ.) ਕੁਸੁਮ ਲਤਾ ਦੀ ਯੋਗ ਅਗਵਾਈ ਹੇਠ ਸੰਭਵ ਹੋਇਆ ਹੈ। ਇਸ ਉਪਲੱਬਧੀ ਨਾਲ ਕਾਲਜ ਦੇ ਅਧਿਆਪਕਾਂ, ਸਟਾਫ ਤੇ ਵਿਦਿਆਰਥੀਆਂ ਦੀ ਮਿਹਨਤ ਸਾਫ਼ ਨਜ਼ਰ ਆਉਂਦੀ ਹੈ, ਨਾਲ ਹੀ ਡਾਇਰੈਕਟੋਰੇਟ ਦਾ ਸਹਿਯੋਗ ਵੀ ਮਹੱਤਵਪੂਰਨ ਰਿਹਾ ਹੈ। ਐਨ.ਆਈ.ਆਰ.ਐਫ. (ਨੈਸ਼ਨਲ ਇਸਟੀਚਿਉਸ਼ਨਲ ਰੈਂਕਿੰਗ ਫਰੇਮਵਰਕ) ਦੀ ਸ਼ੁਰੂਆਤ 2015 ਵਿਚ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਕੀਤੀ ਸੀ। ਇਸ ਰਾਹੀਂ ਦੇਸ਼ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਰੈਂਕਿੰਗ ਕੀਤੀ ਜਾਂਦੀ ਹੈ। ਇਸ ਵਿਚ ਪੜ੍ਹਾਈ, ਖੋਜ, ਨਤੀਜੇ, ਸਭ ਨੂੰ ਨਾਲ ਜੋੜਨਾ ਅਤੇ ਲੋਕਾਂ ਦੀ ਸੋਚ ਵਰਗੇ ਮਾਪਦੰਡ ਦੇਖੇ ਜਾਂਦੇ ਹਨ। ਲਗਾਤਾਰ ਦੂਜੇ ਸਾਲ ਰੈਂਕਿੰਗ 'ਚ ਆਉਣਾ ਕਾਲਜ ਲਈ ਮਾਣ ਦੀ ਗੱਲ ਹੈ। ਇਹ ਦਰਸਾਉਂਦਾ ਹੈ ਕਿ ਕਾਲਜ ਵਧੀਆ ਪੜ੍ਹਾਈ, ਗੁਣਵੱਤਾ ਵਾਲੀ ਸਿੱਖਿਆ ਤੇ ਵਿਦਿਆਰਥੀਆਂ ਦੇ ਹਰ ਪੱਖੀ ਵਿਕਾਸ ਲਈ ਸਦਾ ਤਿਆਰ ਹੈ।

## ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਨੇ ਵਾਮਨ ਦੁਆਦਸ਼ੀ ਦਾ ਤਿਉਹਾਰ ਮਨਾਇਆ

ਨਾਭਾ, 7 ਸਤੰਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਪੰਜਾਬ ਨਾਭਾ (ਰਜਿ.) ਵੱਲੋਂ ਵਾਮਨ ਦੁਆਦਸ਼ੀ ਦੇ ਸ਼ੁਭ ਦਿਹਾੜੇ ਮੌਕੇ 'ਤੇ ਸੰਸਥਾ ਵੱਲੋਂ ਮੈਹਸ ਗੇਟ ਚੌਕ ਵਿਖੇ ਤਿਉਹਾਰ ਮਨਾਇਆ ਗਿਆ। ਇਸ ਮੌਕੇ ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਭਜਨ ਗਾਇਕ ਲਲਿਤ ਗੁਪਤਾ ਨੇ ਆਪਣੇ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਜਨ ਸੰਧਿਆ ਦੌਰਾਨ ਸੰਸਥਾ ਵੱਲੋਂ ਕੜ੍ਹੀ ਚਾਵਲ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਚੇਅਰਮੈਨ ਡਾ ਸਤਪਾਲ ਅਗਰਵਾਲ, ਨਾਭਾ ਪ੍ਰਧਾਨ ਚਮਨ ਲਾਲ ਮਿੱਤਲ ਪੱਪੀ ਅਤੇ ਮਨਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਭਾ ਉੱਤਸਵ ਸਮਿਤੀ ਨਾਭਾ ਪ੍ਰਧਾਨ ਕ੍ਰਿਸ਼ਨ ਮੰਗਲਾ ਕੁੱਕੀ




ਦੀ ਅਗਵਾਈ ਹੇਠ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ ਹੈ। ਇਸ ਵਿੱਚ ਸ੍ਰੀ ਸਨਾਤਮ ਧਰਮ ਮਹਾਵੀਰ ਦਲ ਪੰਜਾਬ ਨਾਭਾ ਵੱਲੋਂ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਸ਼ੋਭਾ ਯਾਤਰਾ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਝਾਂਕੀ ਵਾਲਿਆਂ, ਸੰਕੀਰਤਨ, ਟਿੱਪਰੀ, ਡਾਂਡੀਆ ਅਤੇ ਹੋਰ ਮੰਦਿਰ ਕਮੇਟੀਆਂ, ਧਾਰਮਿਕ ਸਮਾਜਿਕ ਸੰਸਥਾਵਾਂ ਵੱਲੋਂ ਆਪਣੀ ਪੇਸ਼ਕਾਰੀ ਪੇਸ਼ ਕਰਨ 'ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਨਾਭਾ ਉੱਤਸਵ ਸਮਿਤੀ ਨਾਭਾ ਦੇ ਪ੍ਰਧਾਨ ਕ੍ਰਿਸ਼ਨ ਮੰਗਲਾ ਕੁੱਕੀ, ਓਮ ਪ੍ਰਕਾਸ਼ ਠੇਕੇਦਾਰ, ਜਨਰਲ ਸਕੱਤਰ ਐਡਵੋਕੇਟ ਨਿਤਿਨ ਜੈਨ, ਕੈਸ਼ੀਅਰ ਰੋਹਿਤ ਜਿੰਦਲ, ਰਵਨੀਸ਼ ਗੋਇਲ, ਸਮਾਜ ਸੇਵੀ ਦੀਪਕ ਨਾਗਪਾਲ ਅਤੇ ਮੈਂਬਰਾਂ ਵੱਲੋਂ ਡਾਕਟਰ ਸਤਪਾਲ ਅਗਰਵਾਲ ਅਤੇ ਚਮਨ ਲਾਲ ਮਿੱਤਲ ਪੱਪੀ ਨੂੰ ਸਨਮਾਨ ਚਿੰਨ ਤੇ ਕੇ ਸਨਮਾਨਿਤ ਕੀਤਾ ਗਿਆ। ਉਹਨਾਂ ਸਾਂਝੇ ਤੌਰ 'ਤੇ ਕਿਹਾ ਕਿ ਸ੍ਰੀ ਸਨਾਤਮ ਧਰਮ ਮਹਾਵੀਰ ਦਲ ਪੰਜਾਬ ਨਾਭਾ ਵੱਲੋਂ ਲੰਬੇ ਸਮੇਂ ਤੋਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਜੋ ਇੱਕ ਬਹੁਤ ਵਧੀਆ ਉਪਰਾਲਾ ਹੈ। ਇਸ ਮੌਕੇ ਅਸ਼ਵਨੀ ਸੱਚਦੇਵਾ, ਰਾਕੇਸ਼ ਕੁਮਾਰ, ਅਮਿਤ ਕੁਮਾਰ, ਸੁਮਿਤ ਕੁਮਾਰ, ਧਰਮਿੰਦਰ ਵਰਮਾ, ਚਮਕੌਰ ਸਿੰਘ, ਬੌਨੀ ਅਹੂਜਾ, ਪੱਪੂ ਅਰੋੜਾ, ਚੰਦਰ ਪ੍ਰਕਾਸ਼, ਬੌਬੀ ਸ਼ਰਮਾ, ਹੰਸ ਰਾਜ, ਰਤਨ ਸ਼ਰਮਾ, ਹੈਪੀ ਦੁੱਗਲ, ਜੈ ਗੋਪਾਲ, ਲਛਮਣ ਸ਼ਰਮਾ, ਕੇਵਲ ਸਿੰਘ, ਪਿਆਰਾ, ਰਤਨ ਸ਼ਰਮਾ, ਪਵਨ ਸ਼ਰਮਾ, ਹੈਪੀ ਸ਼ਰਮਾ, ਸੁਰੇਸ਼ ਗੁਪਤਾ ਆਦਿ ਮੈਂਬਰ ਹਾਜ਼ਰ ਸਨ।

## ਬਾਰਿਸ਼ ਕਾਰਨ ਘਰ ਦੀ ਛੱਤ ਡਿੱਗੀ

### ☛ਪਰਿਵਾਰਕ ਮੈਂਬਰਾਂ ਨੇ ਭੱਜ ਕੇ ਜਾਨ ਬਚਾਈ

ਨਾਭਾ, 7 ਸਤੰਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ 'ਚ ਲਗਾਤਾਰ ਭਾਰੀ ਬਾਰਿਸ਼ ਪੈਣ ਕਾਰਨ ਪੱਤਰਕਾਰ ਅੰਮ੍ਰਿਤਪਾਲ ਸਿੰਘ ਪੁੱਤਰ ਅਮਰੀਕ ਸਿੰਘ ਸੰਗਤਪੁਰਾ (ਭੌਂਕੀ) ਦਾ ਘਰ ਜ਼ਿਆਦਾ ਬਾਰਿਸ਼ ਪੈਣ ਕਾਰਨ ਮਕਾਨ ਦੀ ਛੱਤ ਡਿੱਗ ਪਈ, ਜਿਸ ਵਿੱਚ ਪਰਿਵਾਰ ਨੇ ਜਲਦੀ



ਬਾਹਰ ਨਿੱਕਲ ਕੇ ਆਪਣੀ ਜਾਨ ਬਚਾਈ। ਅੱਜ ਛੇ ਦਿਨ ਬੀਤ ਜਾਣ 'ਤੇ ਵੀ ਕਿਸੇ ਨੇ ਸਾਰ ਨਹੀਂ ਲਈ। ਘਰ ਦਾ ਕੁਝ ਸਾਮਾਨ ਛੱਤ ਥੱਲੇ ਦਬ ਗਿਆ। ਅੱਜ ਕਿਸੇ ਦੇ ਘਰ ਦੀ ਛੱਤ ਥੱਲੇ ਬੈਠ ਕੇ ਸਮਾਂ ਬਤੀਤ ਕਰ ਰਹੇ ਹਾਂ। ਇਸੇ ਤਹਿਤ ਚਲਦਿਆਂ ਘਰ ਦੀ ਛੱਤ ਦਾ ਮੁਆਇਨਾ ਕਰਨ ਲਈ ਪਹੁੰਚੇ ਅਕਾਲੀ ਦਲ ਨਾਭਾ ਦੇ ਆਗੂ ਮੱਖਣ ਸਿੰਘ ਲਾਲਕਾ ਅਤੇ ਪਰਮਜੀਤ ਸਿੰਘ ਸਹੋਲੀ ਕੌਮੀ ਪ੍ਰਧਾਨ ਅਕਾਲੀ ਦਲ ਸੁਤੰਤਰ ਨੇ ਇਸ ਸੰਕਟ ਦੀ ਘੜੀ 'ਚ ਪਰਿਵਾਰ ਨਾਲ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਬਾਰਸ਼ ਨਾਲ ਡਿੱਗੇ ਮਕਾਨ ਮਾਲਕਾਂ ਦੀ ਤੁਰੰਤ ਸਾਰ ਲੈਣੀ ਚਾਹੀਦੀ ਹੈ ਤਾਂ ਜੋ ਇਨ੍ਹਾਂ ਘਰਾਂ ਦੀ ਉਸਾਰੀ ਦਾ ਕੰਮ ਜਲਦ ਸ਼ੁਰੂ ਹੋ ਸਕੇ ਤਾਂ ਜੋ ਗਰੀਬ ਵਿਅਕਤੀ ਨੂੰ ਦੁਬਾਰਾ ਛੱਤ ਮਿਲ ਸਕੇ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

ਪਟਿਆਲਾ, 7 ਸਤੰਬਰ (ਚ.ਨ.ਸ.) : ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋ 8 ਸਤੰਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਉਜੀਵਨ ਸਮਾਲ ਫਾਈਨੈਂਸ ਬੈਂਕ ਦੇ ਨਿਯੋਜਕ ਵੱਲੋਂ ਕਸਟਮਰ ਰਿਲੇਸ਼ਨਸ਼ਿਪ ਅਫਸਰ/ਫੀਲਡ ਵਰਕ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਨ੍ਹਾਂ ਅਸਾਮੀਆਂ ਲਈ ਮਰਦ ਅਤੇ ਔਰਤਾਂ ਦੋਵੇਂ ਉਮੀਦਵਾਰ ਜਿਨ੍ਹਾਂ ਦੀ ਵਿੱਦਿਅਕ ਯੋਗਤਾ ਬਾਰਵੀਂ ਅਤੇ ਗ੍ਰੈਜੂਏਸ਼ਨ ਹੋਵੇ ਉਹ ਇੰਟਰਵਿਊ ਦੇ ਸਕਦੇ ਹਨ। ਇਸ ਤੋਂ ਇਲਾਵਾ ਉਮਰ 24 ਸਾਲ ਅਤੇ ਇਸ ਤੋਂ ਵੱਧ ਹੋਣੀ ਚਾਹੀਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੇਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ 8 ਸਤੰਬਰ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 98776-10877 'ਤੇ ਸੰਪਰਕ ਕਰ ਸਕਦੇ ਹਨ।

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਡੇਂਗੂ ਦੀ ਰੋਕਥਾਮ ਲਈ ਚਲਾਈ ਵਿਸ਼ੇਸ਼ ਮੁਹਿੰਮ

ਪਟਿਆਲਾ, 7 ਸਤੰਬਰ (ਰੁਪਾਣਾ) : ਭਾਰੀ ਮੀਂਹ ਪੈਣ ਕਾਰਨ ਜਿਨ੍ਹਾਂ ਇਲਾਕਿਆਂ ਵਿੱਚ ਹੜ੍ਹਾਂ ਵਰਗੀ ਸਥਿਤੀ ਬਣੀ ਹੋਈ ਹੈ ਤੇ ਜਿੱਥੇ ਜ਼ਿਆਦਾ ਪਾਣੀ ਆ ਗਿਆ ਹੈ ਉਨ੍ਹਾਂ ਇਲਾਕਿਆਂ ਵਿੱਚ ਸਿਹਤ ਵਿਭਾਗ ਪਟਿਆਲਾ ਦੀਆਂ ਟੀਮਾਂ ਵੱਲੋਂ ਡੇਂਗੂ ਤੇ ਮਲੇਰੀਏ ਦੀ ਰੋਕਥਾਮ ਲਈ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡੇਂਗੂ ਵਿਰੋਧੀ ਡਰਾਈ ਡੇਅ ਗਤੀਵਿਧੀਆਂ ਕੀਤੀਆਂ ਗਈਆਂ ਤੇ ਓਆਰਐਸ ਪੈਕੇਟ ਦੇ ਨਾਲ ਨਾਲ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਗਈਆਂ। ਇਸ ਵਿਸ਼ੇਸ਼ ਮੁਹਿੰਮ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਓਮੈਕਸ ਮਾਲ ਦੇ ਪਿਛਲੇ ਪਾਸੇ ਬਣੇ ਹੋਏ ਹੋਟਲਾਂ ਦੇ ਨਾਲ ਛੋਟੀ ਬਾਰਾਂਦਰੀ, ਬੱਸ ਸਟੈਂਡ ਨੇੜੇ ਸਥਿਤ ਪਰੌਂਠਾ ਮਾਰਕਿਟ, ਨਹਿਰੂ



ਪਾਰਕ ਏਰੀਆ, ਪਾਸੀ ਰੋਡ, ਚਰਨ ਬਾਗ, ਐਨਵਾਇਰਮੈਂਟ ਪਾਰਕ,ਵਿਰਕ ਕਲੋਨੀ, ਵੱਡੀ ਨਦੀ ਨੇੜਲਾ ਇਲਾਕਾ, ਡੀਐਮਡਬਲਿਊ, ਭਰਤ ਨਗਰ, ਸੂਲਰ, ਆਦਰਸ਼ ਕਲੋਨੀ, ਸਿਕਲੀਗਰ ਬਸਤੀ, ਪੀਲੀ ਸੜਕ ਰਾਘੋ ਮਾਜਰਾ, ਦੀਪ ਨਗਰ, ਝਿੱਲ ਰੋਡ, ਸਰਹੰਦ ਰੋਡ ਬਾਈਪਾਸ ਦੇ ਨੇੜੇ ਲੱਗਦੇ ਇਲਾਕਿਆਂ ਵਿੱਚ ਡੇਂਗੂ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ ਤੇ ਕਈ ਥਾਵਾਂ ਉੱਤੇ ਮਿਲਿਆ ਲਾਰਵਾ ਮੌਕੇ ਉੱਤੇ ਹੀ ਨਸ਼ਟ ਕਰਵਾਇਆ ਗਿਆ। ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੱਲੋਂ ਸਮੂਹ ਪਟਿਆਲਾ ਵਾਸੀਆਂ ਨੂੰ ਇਹ ਅਪੀਲ ਕੀਤੀ ਗਈ ਹੈ ਕਿ ਭਾਵੇਂ ਲੰਮੇਂ ਸਮੇਂ ਲਈ ਮੀਂਹ ਪਏ ਹਨ ਅਤੇ ਵੱਡੀ ਨਦੀ ਵਿੱਚ ਵੀ ਪਾਣੀ ਆ ਗਿਆ ਹੈ ਪਰ ਸਥਿਤੀ ਕੰਟਰੋਲ ਵਿੱਚ ਹੈ। ਜ਼ਿਲ੍ਹਾ ਐਪੀਡੇਮੋਲੋਜਿਸਟ ਡਾ. ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜ਼ਿਲ੍ਹੇ ਵਿੱਚ ਹੁਣ ਤੱਕ 88 ਡੇਂਗੂ ਦੇ ਕੇਸ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਹਫਤੇ ਜ਼ਿਲ੍ਹੇ ਭਰ ਦੇ 42676 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 650 ਥਾਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਕਮੇਟੀਆਂ ਅਤੇ ਨਗਰ ਨਿਗਮ ਵੱਲੋਂ 48 ਵਿਅਕਤੀਆਂ ਦੇ ਚਲਾਨ ਵੀ ਕੱਟੇ ਜਾ ਚੁੱਕੇ ਹਨ। ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 715888 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 5557 ਥਾਂਵਾ 'ਤੇ ਮਿਲੇ ਲਾਰਵਾ ਮਿਲਿਆ ਜਿਸ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।

## ਖੇਤੀਬਾੜੀ ਵਿਭਾਗ ਵੱਲੋਂ ਪਿੰਡ ਪੱਧਰ ਤੱਕ ਕਿਸਾਨਾਂ ਨੂੰ ਕੀਤਾ ਜਾ ਰਿਹੈ ਜਾਗਰੂਕ

ਪਟਿਆਲਾ, 7 ਸਤੰਬਰ (ਚ.ਨ.ਸ.) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਬਲਾਕ ਖੇਤੀਬਾੜੀ ਅਫ਼ਸਰਾਂ ਵੱਲੋਂ ਪਿੰਡ ਪੱਧਰ ਕੈਂਪਾਂ ਰਾਹੀਂ ਸਾਉਣੀ ਦੀਆਂ ਫ਼ਸਲਾਂ ਅਤੇ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਨ੍ਹਾਂ ਕੈਂਪਾਂ ਵਿਚ ਕਿਸਾਨਾਂ ਨੂੰ ਝੋਨੇ ਦੀ ਕਟਾਈ ਸੁਪਰ ਐਸ.ਐਮ.ਐਸ. ਮਸ਼ੀਨ ਨਾਲ ਕਰਨ ਲਈ, ਬੇਲਰ ਨਾਲ ਗੰਢਾਂ ਬਣਾਉਣ ਲਈ, ਪਰਾਲੀ ਨੂੰ ਖੇਤਾਂ ਵਿਚ ਮਿਲਾਉਣ ਬਾਰੇ ਅਤੇ ਝੋਨੇ ਦੀ ਕਟਾਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਵਿਚਕਾਰ ਕਰਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਖੇਤੀਬਾੜੀ ਵਿਭਾਗ ਦੀ ਟੀਮ ਕਿਸਾਨਾਂ ਨੂੰ ਖੇਤੀਬਾੜੀ ਮਸ਼ੀਨਰੀ ਉੱਪਰ ਮਿਲਣ ਵਾਲੀ ਸਬਸਿਡੀ, ਵੈਰੀਫਿਕੇਸ਼ਨ ਅਤੇ ਮਸ਼ੀਨਰੀ ਦੇ ਰੱਖ ਰਖਾਵ ਸਬੰਧੀ ਜਾਣਕਾਰੀ ਸਾਂਝੀ ਕਰ ਰਹੀ ਹੈ। ਬਲਾਕ ਪਟਿਆਲਾ ਵੱਲੋਂ ਪਿੰਡ ਕਾਲਵਾ, ਫਰੀਦਪੁਰ, ਕੌਲੀ, ਜਾਫਰਨਗਰ, ਬੋਹੜਪੁਰ, ਜਨਹੇੜੀਆਂ, ਧਰੇੜੀ ਜੱਟਾਂ, ਦੌਣ ਖੁਰਦ, ਰਣਬੀਰਪੁਰਾ, ਦਦਹੇੜਾ, ਭਟੇੜੀ ਕਲਾਂ, ਰਸੂਲਪੁਰ ਜੌੜਾ, ਬਲਾਕ ਨਾਭਾ ਵੱਲੋਂ ਪਿੰਡ ਸੂਰਜਪੁਰ, ਘਮਰੌਂਦਾ, ਦਰਗਾਪੁਰ, ਮੰਡੌਰ, ਕੁਲਾਰਾਂ, ਸਹੌਲੀ, ਰੋਟੀ ਮੌੜਾਂ, ਸਿੱਧੂਵਾਲ, ਟੌਡਰਵਾਲ, ਮੱਲੇਵਾਲ, ਮੰਗੇਵਾਲ, ਡਕੌਂਦਾ, ਕਲੱਰਭੈਣੀ, ਕਿਸ਼ਨਗੜ੍ਹ, ਬਲਾਕ ਭੂਨਰਹੇੜੀ ਵੱਲੋਂ ਜਲਾਲਾਬਾਦ, ਰਾਮਗੜ੍ਹ, ਮੀਰਾਂਪੁਰ, ਮਵੀਸੱਪਾਂ, ਅਕਬਪੁਰ ਅਤੇ ਅਫਗਾਨਾ, ਬਲਾਕ ਸਮਾਣਾ ਵੱਲੋਂ ਬਕਰਾਹਾਂ, ਦਫਤਰੀਵਾਲਾ ਅਤੇ ਬਲਾਕ ਘਨੌਰ ਵੱਲੋਂ ਬਖਸ਼ੀਵਾਲਾ ਵਿਖੇ ਪਿੰਡਾਂ ਵਿਚ ਜਾਗਰੂਕਤਾ ਕੈਂਪ ਲਗਾਏ ਗਏ।